RNI No. - PUNPUN/2022/82997

ISSN : 2584-1211

# ਆਪਣੀ ਆਵਾਜ਼

# अपनी आवाज़

# APNI AAWAAZ


| Vol. 5 | Issue 6 | June 2026 | Punjabi Monthly | Published at Jalandhar | Price : Your Love & Affection | Page : 68 |
|---|---|---|---|---|---|---|
| ਸਾਲ 5 | ਅੰਕ 6 | ਜੂਨ 2026 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |




| ਸਾਲ 5 | Vol. 5 | ਅੰਕ 6 | Issue 6 | ਮਾਸਿਕ | Monthly | ਜੂਨ 2026 | June 2026 |
|---|---|---|---|---|---|---|---|

# Apni Aawaaz
Punjabi Monthly

**Editorial Board**

**Chief Editor**

Surinder Singh Sunner
693-GTB Nagar, Jalandhar Punjab
e-mail : ssunner@gmail.com

**Editor :**

Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

**Members :**

Sant Sandhu
Surinder Khiwa
Baljit Singh Sangha

**Advisory Board :**

Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

**Contact :**

+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

| | | |
|---|---|---|
| 1. ਮਿਥਹਾਸਕ ਇਤਿਹਾਸ | ਸੁਰਿੰਦਰ ਸਿੰਘ ਸੁੰਨੜ | 3 |
| 2. ਸੰਪਾਦਕੀ – | ਡਾ. ਰਾਮ ਮੂਰਤੀ | 4 |
| 3. ਇਲਾਹੀ ਨਦਰ ਦੇ ਪੈਂਡੇ | ਚੇਤਨ ਸਿੰਘ | 5 |
| 4. ਸੁਰਿੰਦਰ ਸਿੰਘ ਸੁੰਨੜ ਦੀਆ ਪੰਜ ਕਵਿਤਾਵਾਂ | ਸੁਰਿੰਦਰ ਸਿੰਘ ਸੁੰਨੜ | 8 |
| 5. ਸੰਤ ਸੰਧੂ ਦੀਆ ਦੋ ਕਵਿਤਾਵਾਂ | ਸੰਤ ਸੰਧੂ | 10 |
| 6. ਫ਼ਕੀਰ ਦੀ ਦੁਆ (ਨਾਟਕ) | ਮਹਿੰਦਰ ਸਿੰਘ | 11 |
| 7. ਇਕ ਲੱਪ ਯਾਦਾਂ ਦੀ | ਭੁਪਿੰਦਰ ਉਸਤਾਦ | 24 |
| 8. ਗੁਰੂ ਦਸਮੇਸ਼ ਦੇ ਕਦਮਾਂ ’ਤੇ ਚਲਣ ਵਾਲਾ ਸ਼ਾਇਰ ਬਲਦੇਵ ਸਿੰਘ ‘ਬੱਦਨ’ | ਅਮਰੀਕ ਡੋਗਰਾ | 27 |
| 9. ਕੋਰੜਾ ਛੰਦ | ਨਿਰਮਲ ਸਿੰਘ ਸੰਘਾ | 31 |
| 10. ਹਾਸੇ ਤੇ ਚੋਭਾਂ: ਬਾਬਿਆਂ ਦੇ ਵੱਗ ਫਿਰਦੇ | ਪ੍ਰੋ. ਨਵ ਸੰਗੀਤ ਸਿੰਘ | 33 |
| 11. ਮੈਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ | ਜਗਦੀਸ਼ ਰਾਣਾ | 36 |
| 12. ਅਮਰਜੀਤ ਦਸੂਹਾ ਦੀਆਂ ਚਾਰ ਕਵਿਤਾਵਾਂ | ਅਮਰਜੀਤ ਦਸੂਹਾ | 39 |
| 13. ਕੋਈ ਵੀ ਫਲਦਾਇਕ ਬੂਟਾ ਖ਼ੁਦ ਨੂੰ ਮਾਰੇ ਗਏ ਪੱਥਰ ਦੇ ਇਵਜ਼ ਫਲ ਹੀ ਪ੍ਰਦਾਨ ਕਰਦਾ ਹੈ। | ਨੱਕਾਸ਼ ਚਿੱਤੇਵਾਣੀ | 40 |
| 14. ਧੜਕਦੀ ਕਵਿਤਾ ਵਿੱਚ ਵਸਦੇ ਮਨੁੱਖ | ਜਸਵੀਰ ਸਿੰਘ ਸ਼ਾਇਰ | 41 |
| 15. ਤ੍ਰੈਲੋਚਨ ਲੋਚੀ ਦੀਆਂ ਦੋ ਗ਼ਜ਼ਲਾਂ | ਤ੍ਰੈਲੋਚਨ ਲੋਚੀ | 43 |
| 16. ਡਾਕਟਰ ਵਰਿਆਮ ਸਿੰਘ ਸੰਧੂ : ਸ਼ਬਦਾਂ ਦੀ ਸਾਧਨਾ ਵਿੱਚ ਰਮਿਆ ਇਕ ਰੂਹਾਨੀ ਸਫ਼ਰ | ਡਾ. ਅਮਰਜੀਤ ਟਾਂਡਾ | 44 |
| 17. ਮਹਿੰਦਰ ਸਿੰਘ ਮਾਨ ਦੀਆਂ ਚਾਰ ਗ਼ਜ਼ਲਾਂ | ਮਹਿੰਦਰ ਸਿੰਘ ਮਾਨ | 46 |
| 18. ਮਾਵਾਂ ਤੇ ਧੀਆਂ ਦੀ ਦੋਸਤੀ ਨੀਂ ਮਾਏਂ | ਜਸਪ੍ਰੀਤ ਕੌਰ ਸੰਘਾ | 47 |
| 19. ਦੋਆਬਾ ਸਾਹਿਤ ਸਭਾ ਵਲੋਂ ਅਨੀਤਾ ‘ਨਵ’ ਵਸ਼ਿਸ਼ਟ ਦਾ ਪਲੇਠਾ ਕਾਵਿ ਸੰਗ੍ਰਹਿ “ਕਦੇ ਜਾਪੇ” ਲੋਕ ਅਰਪਣ | ਇਕ ਰਿਪੋਰਟ | 49 |
| 20. ਪੰਚਾਇਤੀ ਰਾਜ ਪ੍ਰਣਾਲੀ : ਦਸ਼ਾ, ਦਿਸ਼ਾ ਅਤੇ ਸੁਧਾਰ ਦੀ ਲੋੜ | ਰਾਜਵਿੰਦਰ ਸਿੰਘ ਢਿਲੋਂ | 51 |
| 21. ਹਰਜਿੰਦਰ ਸਿੰਘ ਜਿੰਦੀ ਦੀਆਂ ਤਿੰਨ ਕਵਿਤਾਵਾਂ | ਹਰਜਿੰਦਰ ਸਿੰਘ ਜਿੰਦੀ | 53 |
| 22. ਬੰਦ ਕਮਰੇ (ਕਹਾਣੀ) | ਮਨੀਸ਼ ਤਾਲਿਬ | 55 |
| 23. ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ | ਜਗਦੀਸ਼ ਰਾਏ ਕੁਲਰੀਆਂ | 61 |
| 24. ਪੈੜ ਜਗੀਰੋ ਦੀ | ਸੰਤ ਸਿੰਘ ਸੰਧੂ | 66 |

**ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ ’ਚ ਹੋਵੇਗੀ।**

**ਆਪਣੀ ਆਵਾਜ਼**

693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

**APNI AAWAAZ**

693 - Guru Teg Bahadur Nagar,
Jalandhar, Punjab-144001

ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ

# ਮਿਥਹਾਸਕ ਇਤਿਹਾਸ



ਮੈਕਸਵੈੱਲ ਨੇ ਜਿੰਨੀ ਨੀਝ ਨਾਲ ਸਨਾਤਨਤਾ ਨੂੰ ਘੋਖਿਆ ਪੜਤਾਲਿਆ ਓਨਾ ਬਹੁਤ ਘੱਟ ਚਿੰਤਕਾਂ ਨੇ ਵੇਦਾਂ ਸ਼ਾਸਤਰਾਂ ਪੁਰਾਣਾਂ ਪਰਾਕਿਰਤਾਂ ਉਪਨਿਸ਼ਦਾਂ ਨੂੰ ਪੜ੍ਹਿਆ ਵਿਚਾਰਿਆ ਹੈ। ਸੇਂਟ ਮਾਰਟਿਨ ਲੂਥਰ ਨੇ ਸਨਾਤਨਤਾ ਨੂੰ ਸਿਜਦਾ ਕਰਦੀ ਗੁਰੂ ਨਾਨਕ ਵਿਚਾਰਧਾਰਾ ਨੂੰ ਨੀਝ ਨਾਲ ਪੜ੍ਹਿਆ ਇਸ ਕਰਕੇ ਹੀ ਮਾਰਟਿਨ ਲੂਥਰ ਨੇ ਸ਼ਬਦ ਨੂੰ ਸਮਰੱਥ ਗਿਣਿਆਂ ਤੇ ਪੰਡਤਾਂ ਅਤੇ ਮੁੱਲਾਂ ਨੂੰ ਦੁਨੀਆਂ ਦੇ ਪਾਰਉਤਾਰੇ ਦੇ ਸਮਰੱਥ ਨਹੀਂ ਕਿਹਾ। ਜਿਸਨੇ ਕਾਰਲ ਮਾਰਕਸ ਦੀ ਦਾਸ ਕੈਪੀਟਲ ਨਹੀਂ ਪੜ੍ਹੀ ਉਹ ਕਾਰਲ ਮਾਰਕਸ ਬਾਰੇ ਬਹੁਤਾ ਕੁਝ ਨਹੀਂ ਜਾਣਦਾ। ਜਿਸ ਨੇ ਪਰਿੰਸੀਪੀਆ ਮੈਥੇਮੈਟਿਕਾ ਨਹੀਂ ਪੜ੍ਹੀ ਉਹ ਆਈਸਕ ਨਿਊਟਨ ਬਾਰੇ ਨਹੀਂ ਜਾਣਦਾ। ਪਲੈਟੋ ਦੀਆਂ ਤੇਰਾਂ ਡਾਇਲੌਗ ਜਿਸ ਨੇ ਨਹੀਂ ਪੜ੍ਹੇ ਉਹ ਪਲੈਟੋ ਨੂੰ ਨਹੀਂ ਸਮਝ ਸਕਦਾ।

ਅਸੀਂ ਇਤਿਹਾਸਕਾਰ ਨੰਬਰ ਇੱਕ ਨੂੰ ਪੜ੍ਹਿਆ ਸੁਣਿਆ ਤੇ ਮੰਨ ਲਿਆ। ਪਰ ਇਹ ਅਸੀਂ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਉਹ ਤਾਂ ਅਠਾਰ੍ਹਵੀਂ ਸਦੀ ਵਿੱਚ ਪੈਦਾ ਹੋਇਆ। ਇਤਿਹਾਸਕਾਰ ਨੰਬਰ ਦੋ ਨੇ ਵੀ ਨੰਬਰ ਇੱਕ ਨੇ ਜੋ ਲਿਖਿਆ ਉਸਨੂੰ ਮੰਨ ਲਿਆ। ਇਤਿਹਾਸਕਾਰ ਨੰਬਰ ਤਿੰਨ ਲਿਖਦਾ ਹੈ ਕਿ ਨੰਬਰ ਇੱਕ ਤੇ ਨੰਬਰ ਦੋ ਤਿਹਾਸਕਾਰ ਇੱਕ ਹੀ ਵਿਚਾਰ ਰੱਖਦੇ ਹਨ ਇਸ ਲਈ ਇਹ ਵਿਚਾਰ ਠੀਕ ਹੈ। ਪਰ ਸਾਰੇ ਦੇ ਸਾਰੇ ਪੱਛਮੀ ਇਤਿਹਾਸਕਾਰ ਜੋ 18ਵੀਂ, 19ਵੀਂ, 20ਵੀਂ ਸਦੀ ਵਿੱਚ ਪੈਦਾ ਹੋਏ ਇਨ੍ਹਾਂ ਨੇ ਕਿਆਸ ਲਾਏ ਤੇ ਇਤਹਾਸ ਬਾਣਾ ਲਿਆ। ਲੇਕਿਨ ਇਹ ਇਤਿਹਾਸ ਨਹੀਂ ਹੈ ਮਿਥਿਹਾਸ ਹੈ। ਵੇਦਾਂ ਦੀ ਰਚਨਾ ਰਮਾਇਣ ਅਤੇ ਗੀਤਾ ਦੀ ਰਚਨਾ ਪੰਜਾਬ ਵਿੱਚ ਹੋਈ। ਰਿੱਗਵੇਦ ਦੁਨੀਆਂ ਦਾ ਪਹਿਲਾ ਲਿਖਤੀ ਗ੍ਰੰਥ ਹੈ। ਦੇਵਨਾਗਰੀ ਪੰਜਾਬੀ ਦੀ ਪਹਿਲੀ ਲਿੱਪੀ, ਦੂਜੀ ਸ਼ਾਹਮੁਖੀ ਤੇ ਗੁਰਮੁਖੀ ਪੰਜਾਬੀ ਭਾਸ਼ਾ ਦੀ ਤੀਸਰੀ ਲਿੱਪੀ ਹੈ। ਪੰਜਾਬੀ ਦੁਨੀਆਂ ਦੀ ਪਲੇਠੀ ਭਾਸ਼ਾ ਹੈ।

**ਸੁਰਿੰਦਰ ਸਿੰਘ ਸੁੰਨੜ**



# ਮਾਂ ਬੋਲੀ ਪੰਜਾਬੀ ਨੂੰ ਬਣਦਾ ਸਥਾਨ ਦਿਵਾਉਣ ਲਈ ਸੰਘਰਸ਼ ਜ਼ਰੂਰੀ

ਪਿਛਲੇ ਦਿਨੀਂ ਸੋਸ਼ਲ ਮੀਡੀਆ ਤੇ ਅਖ਼ਬਾਰਾਂ ਦੇ ਮਾਧਿਅਮ ਰਾਹੀਂ ਇਹ ਗੱਲ ਧਿਆਨ ਵਿੱਚ ਆਈ ਕਿ ਪੰਜਾਬ ਦੇ ਆਰਮੀ ਸਕੂਲਾਂ ਵਿੱਚ ਅੰਗਰੇਜ਼ੀ, ਹਿੰਦੀ ਅਤੇ ਸੰਸਕ੍ਰਿਤ ਭਾਸ਼ਾਵਾਂ ਪੜ੍ਹਾਈਆਂ ਜਾਣਗੀਆਂ ਲੇਕਿਨ ਪੰਜਾਬੀ ਜ਼ਰੂਰੀ ਨਹੀਂ ਹੋਵੇਗੀ। ਇਹ ਪੰਜਾਬੀਆਂ ਵਾਸਤੇ ਇੱਕ ਬਹੁਤ ਵੱਡੀ ਨਮੋਸ਼ੀ ਦਾ ਕਾਰਨ ਵੀ ਬਣਦਾ ਹੈ ਕਿ ਜਦੋਂ ਪੰਜਾਬ ਵਿੱਚ ਚੱਲ ਰਹੇ ਅੰਗਰੇਜ਼ੀ ਮਾਧਿਅਮ ਅਤੇ ਆਰਮੀ ਸਕੂਲਾਂ ਵਿੱਚ ਪੰਜਾਬੀ ਜ਼ਰੂਰੀ ਨਹੀਂ ਹੋਵੇਗੀ ਤਾਂ ਉਸਨੂੰ ਬਣਦਾ ਮਾਣ ਸਨਮਾਨ ਹੋਰ ਕਿਧਰੇ ਵੀ ਨਹੀਂ ਮਿਲ ਪਾਏਗਾ। ਇਸ ਕਰਕੇ ਸਮੂਹ ਪੰਜਾਬੀਆਂ ਦਾ ਇਸ ਮਸਲੇ ਉੱਪਰ ਜਾਗਰੂਕ ਹੋਣਾ, ਇੱਕ ਜੁੱਟ ਹੋਣਾ, ਸੰਘਰਸ਼ਸ਼ੀਲ ਹੋਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਬਣੀ ਹੋਈ ਹੈ ।ਦੇਖਣ ਵਿੱਚ ਆਇਆ ਹੈ ਕਿ ਮਾਂ ਪੰਜਾਬੀ ਨੂੰ ਅੰਗਰੇਜ਼ੀ ਮਾਧਿਅਮ ਸਕੂਲਾਂ ਤੇ ਆਰਮੀ ਸਕੂਲਾਂ ਵਿੱਚ ਲਾਗੂ ਕਰਵਾਉਣ ਲਈ ਕੇਵਲ ਇੱਕੋ ਇੱਕ ਲੇਖਕਾਂ ਦੀ ਧਿਰ ਹੀ ਅੱਗੇ ਆਉਂਦੀ ਹੈ ਬਾਕੀ ਰਾਜਨੀਤਕ ਲੋਕ ਤੇ ਐਨ.ਜੀ.ਓਜ. ਵਿੱਚ ਕੰਮ ਕਰਦੇ ਲੋਕ ਇਸ ਮਸਲੇ ਪ੍ਰਤੀ ਪੂਰਨ ਤੌਰ ਤੇ ਜਾਗਰੂਕ ਨਹੀਂ ਹਨ। ਬਹੁਤ ਸਾਰੀਆਂ ਧਾਰਮਿਕ ਸੰਸਥਾਵਾਂ, ਧਰਮ ਪ੍ਰਚਾਰ ਕਮੇਟੀਆਂ ਪੰਜਾਬ ਵਿੱਚ ਚੱਲ ਰਹੀਆਂ ਹਨ ਜਿਹੜੀਆਂ ਹਿੰਦੂਆਂ ਦੀਆਂ ਵੀ ਹਨ, ਸਿੱਖਾਂ ਦੀਆਂ ਵੀ ਤੇ ਮੁਸਲਮਾਨਾਂ ਦੀਆਂ ਵੀ ਪਰ ਪੰਜਾਬੀ ਕਿਉਂਕਿ ਕਿਸੇ ਇੱਕ ਧਰਮ, ਜਾਤ ਜਾਂ ਫਿਰਕੇ ਦੀ ਭਾਸ਼ਾ ਨਹੀਂ ਹੈ। ਇਸ ਨੂੰ ਬਚਾਉਣਾ, ਇਸ ਨੂੰ ਪੰਜਾਬ ਵਿੱਚ ਚੱਲ ਰਹੇ ਸਾਰੇ ਸਕੂਲਾਂ ਵਿੱਚ ਲਾਗੂ ਕਰਵਾਉਣਾ ਸਾਡਾ ਸਭ ਦਾ ਪਰਮ ਧਰਮ ਬਣ ਜਾਂਦਾ ਹੈ। ਇਸ ਲਈ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਲੇਖਕ ਤਬਕਿਆਂ ਤੋਂ ਬਿਨਾਂ (ਉਹ ਵੀ ਸਾਰੇ ਨਹੀਂ) ਹੋਰ ਕਿਸੇ ਨੂੰ ਵੀ ਇਸ ਗੱਲ ਦੀ ਚਿੰਤਾ ਨਹੀਂ ਹੈ ਕਿ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਨੂੰ ਬਚਾਉਣਾ ਹੈ, ਆਪਣੇ ਬੱਚਿਆਂ ਨੂੰ ਪੰਜਾਬੀ ਲਾਜ਼ਮੀ ਤੌਰ ਤੇ ਪੜ੍ਹਾਉਣੀ ਹੈ। ਜੇਕਰ ਸਾਡੇ ਬੱਚੇ ਪੰਜਾਬੀ ਪੜ੍ਹ ਸਮਝ ਜਾਂ ਬੋਲ ਨਹੀਂ ਸਕਣਗੇ ਤਾਂ ਉਹ ਆਪਣੇ ਵਿਰਾਸਤੀ ਸਾਹਿਤ ਨਾਲੋਂ ਬੁਰੀ ਤਰ੍ਹਾਂ ਨਾਲ ਟੁੱਟ ਜਾਣਗੇ। ਅਜਿਹੇ ਬੱਚੇ ਨਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੜ੍ਹਨ ਦੇ ਯੋਗ ਰਹਿਣਗੇ ਨਾ ਹੀ ਸੂਫ਼ੀ ਸਾਹਿਤ ਪੜ੍ਹ ਸਕਣਗੇ ਅਤੇ ਨਾ ਹੀ ਸੰਤਾਂ ਮਹਾਂਪੁਰਖਾਂ ਦੀਆਂ ਬਾਣੀਆਂ ਨੂੰ ਪੜ੍ਹ ਸਕਣ ਦੇ ਯੋਗ ਹੋਣਗੇ। ਪੰਜਾਬੀ ਤੋਂ ਸੱਖਣੇ ਪੰਜਾਬੀ ਬੱਚੇ ਨਾ ਤਾਂ ਪੂਰਨ ਭਗਤ ਨੂੰ ਪੜ੍ਹ ਪਾਉਣਗੇ, ਨਾ ਰਾਜਾ ਰਸਾਲੂ ਨੂੰ, ਨਾ ਹੀਰ ਰਾਂਝੇ ਦਾ ਕਿੱਸਾ ਤੇ ਨਾ ਹੀ ਮਿਰਜਾ ਸਾਹਿਬਾ, ਸ਼ਾਹਣੀ ਕੌਲਾਂ ਵਰਗੇ ਵਿਰਾਸਤੀ ਸਾਹਿਤ ਨੂੰ ਪੜ੍ਹ ਸਕਣਗੇ ।ਦਰਅਸਲ ਇਹ ਸਾਡਾ ਵਿਰਾਸਤੀ ਸਾਹਿਤ ਹੈ ਇਸ ਨੂੰ ਪੜ੍ਹ ਕੇ ਹੀ ਨਵੀਂ ਪੀੜ੍ਹੀ ਨੇ ਜੀਵਨ ਵਿੱਚ ਆਪਣੇ ਯੋਗ ਫੈਸਲੇ ਲੈਣੇ ਹੁੰਦੇ ਹਨ ਸਿੱਖਿਤ ਹੋ ਕੇ ਉਹਨਾਂ ਨੇ ਆਪਣੇ ਨੈਤਿਕ ਆਧਾਰ ਨੂੰ ਮਜਬੂਤ ਕਰਨਾ ਹੁੰਦਾ ਹੈ। ਇਸ ਲਈ ਪੰਜਾਬੀ ਭਾਸ਼ਾ ਨਾਲੋਂ ਤੋੜ ਦੇਣਾ ਸਮਝੋ ਪੰਜਾਬੀ ਵਿਰਾਸਤ, ਸਾਹਿਤ ਤੇ ਸੱਭਿਆਚਾਰ ਨਾਲੋਂ ਤੋੜ ਦੇਣ ਦੇ ਬਰਾਬਰ ਹੈ। ਜਿਸ ਦੇ ਭਵਿੱਖ ਵਿੱਚ ਸਾਨੂੰ ਬੜੇ ਮਾੜੇ ਨਤੀਜੇ ਭੁਗਤਣੇ ਪੈਣਗੇ। ਸਾਡੇ ਪੈਰਾਂ ਤਲੇ ਸਾਡੀ ਨੈਤਿਕ ਸੋਚ, ਧਾਰਮਿਕ ਤੇ ਅਧਿਆਤਮਕ ਸੋਝੀ ਖਿਸਕ ਜਾਵੇਗੀ ਤੇ ਅਸੀਂ ਦੁਨੀਆਂ ਵਿੱਚ ਖੜੈਣ ਜੋਗੇ ਵੀ ਨਹੀਂ ਰਹਿਣਾ। ਇਸ ਲਈ ਸਮੇਂ ਦੀ ਲੋੜ ਹੈ ਕਿ ਸਮੂਹ ਪੰਜਾਬੀ ਇੱਕਜੁੱਟ ਹੋ ਕੇ ਪੰਜਾਬ ਦੇ ਸਕੂਲਾਂ ਕਾਲਜਾਂ ਵਿੱਚ ਪੰਜਾਬੀ ਨੂੰ ਹਰ ਕੋਰਸ ਵਿੱਚ ਪੂਰਨ ਤੌਰ ਤੇ ਲਾਗੂ ਕਰਾਉਣ ਲਈ ਇਕ ਮੰਚ ਤੇ ਇਕੱਠੇ ਹੋ ਕੇ ਸੰਘਰਸ਼ਸ਼ੀਲ ਹੋਣ।

- ਡਾ. ਰਾਮ ਮੂਰਤੀ

# ਇਲਾਹੀ ਨਦਰ ਦੇ ਪੈਂਡੇ

(ਮਹਾਕਾਵਿ) (ਭਾਗ - 4)

**ਚੇਤਨ ਸਿੰਘ,**
ਸਾਬਕਾ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ



***(ਪ੍ਰੋ. ਹਰਿੰਦਰ ਸਿੰਘ ਮਹਿਬੂਬ ਦਾ ਰਚਿਆ ਸ਼ਾਹਕਾਰ ਮਹਾਂਕਾਵਿ ਭਾਗ ਚੌਥਾ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਤੇ ਉਦੇਸ਼ ਬਾਰੇ ਹੈ। ਸੰਕੇਤ ਤੱਥਾਂ ਮਿਥਾਂ ਦੀ ਯੋਗ, ਕਠਨ, ਢੁਕਵੀਂ ਸ਼ਬਦਾਵਲੀ ਤੇ ਖ਼ਿਆਲ ਦੀ ਪ੍ਰਵਾਜ਼ ਨੂੰ ਸਮਝਣਾ ਆਮ ਪਾਠਕ ਲਈ ਔਖਾ ਹੈ। ਐਪਰ 'ਸਹਿਜੇ ਰਚਿਓ ਖ਼ਾਲਸਾ' ਦਾ ਦੀਰਘ ਅਧਿਐਨ ਮਹਾਂਕਾਵਿ ਸਮਝਣ ਵਿਚ ਸਹਾਇਤਾ ਕਰਦਾ ਹੈ। ਮਹਾਕਾਵਿ ਨੂੰ ਵਾਰਤਕ ਵਿਚ ਲਿਖਣ ਸਮਝਣ (Parapharase) ਲਈ ਇਹ ਮੇਰੇ ਨਿਜੀ ਨੋਟਸ ਹਨ। ਪਾਠਕ ਆਪਣੀ ਉਚੀ ਸੁਰਤਿ ਨਾਲ ਇਸ ਦੀ ਉਚਿਆਈ ਤੱਕ ਪਹੁੰਚ ਸਕਦੇ ਹਨ।***

**ਵਾਰਤਕ ਰੂਪ - ਚੇਤਨ ਸਿੰਘ**

(3)

**ਗੰਗਾ ਦੀ ਹੇਕ**

ਪੀਰ ਭੀਖਣ ਸ਼ਾਹ ਨੂੰ ਗੰਗਾ ਦੀਆਂ ਲਹਿਰਾਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਪੋਹ ਦੀ ਸੱਤਵੀਂ ਨੂੰ ਇਸ ਪੈਗੰਬਰ ਦੇ ਸਰਦਾਰਾਂ ਦੀ ਆਮਦ ਨੂੰ ਗੰਗਾ ਦਾ ਵਹਿਣ ਨਿਰਾਲੇ ਵੇਸਾਂ ਰਾਹੀਂ ਸੱਜਦਾ ਕਰ ਰਿਹਾ ਹੈ, ਜਿਵੇਂ ਉਸ ਨੂੰ ਅਨੁਭਵ ਹੋ ਰਿਹਾ ਹੋਵੇ ਕਿ ਇਸ ਪੈਗੰਬਰ ਨੇ 'ਸਾਬਤ ਮਾਨਵ' ਦੀ ਸਿਰਜਣਾ ਕਰਨੀ ਹੈ। ਆਦਿ ਕਾਲ ਤੋਂ ਦੇਵਤਿਆਂ ਨੇ ਅਸਗਾਹ ਸਾਗਰਾਂ ਵਿਚੋਂ ਚੌਦਾਂ ਰਤਨਾਂ ਨੂੰ ਲੱਭਿਆ ਪਰ ਇਹ ਰਤਨ ਮਾਨਵ ਦੀ ਰੂਹ ਨੂੰ ਕੋਈ ਰੂਹਾਨੀ ਤਾਣ ਨਾਲ ਨਾ ਭਰ ਸਕੇ। ਇਸ ਨਵ-ਜਨਮੇ ਬਾਲ ਪੈਗੰਬਰ ਨੇ 'ਤੁਹਾਡੇ ਤੋਂ ਵੱਡਾ ਹੋਰ ਕੌਣ ਮਹਾਂਪੁਰਖ' ਕਹਿ ਕੇ ਆਪਣੇ ਪਿਤਾ ਨੂੰ ਸ਼ਹਾਦਤ ਵੱਲ ਤੋਰ ਕੇ ਮਾਨਵ ਜਾਤ ਵਿੱਚ ਭਗਤੀ ਤੇ ਸ਼ਕਤੀ ਦਾ ਨਵਾਂ ਯੁੱਗ ਲਿਆਉਣਾ ਹੈ। ਅੱਜ ਅੱਧੀ ਰਾਤ ਨੂੰ 'ਸਮੇਂ ਦੇ ਭਾਰੀ ਵੇਗ' 'ਗੰਗਾ ਦੀ ਰੂਹ 'ਚ ਧੱਸਦੇ' ਜਾਂਦੇ ਹਨ। ਆਦਿ ਕਾਲ ਤੋਂ ਬਾਣੀ ਦੇ ਅੱਖਰ ਮਹਾਂ ਜੋਧ ਵਾਂਗ ਰਹਿਬਰੀ ਕਰਦੇ ਗੰਗਾ ਨੂੰ ਦੱਸ ਰਹੇ ਹਨ ਕਿ ਉਚੀ ਸੁਰਤ ਦੇ ਅੰਤਮ ਪੜਾ ਉੱਤੇ ਮਾਨਵ ਦੇ ਸੁਹਾਵਣੇ ਰੰਗ ਅਨੇਕਾਂ ਰੂਪਾਂ ਵਿੱਚ ਪ੍ਰਗਟ ਹੋਣਗੇ।

ਰਿਸ਼ੀਆਂ-ਮੁਨੀਆਂ ਦੀਆਂ ਅਨੰਤ ਸਮਾਧੀਆਂ ਵਿਚੋਂ ਪੁੰਗਰੇ ਯਕੀਨ ਦੇ ਸੁਪਨਿਆਂ ਨੂੰ ਹੁਣ ਬੂਰ ਆਣ ਲੱਗਿਆ ਹੈ। ਮਹਾਂ ਇਕਾਗਰਤਾ ਦੇ ਤਾਣ ਨੇ ਹੁਣ ਮਾਨਵ ਲਈ ਕਲਿਆਣਕਾਰੀ ਸਿੱਧ ਹੋਣਾ ਹੈ। ਕਰਮ-ਕਾਂਡਾਂ ਵਿੱਚ ਧਸੀ ਮਾਨਵ ਸੁਰਤ ਹੁਣ ਸੱਚੇ ਵੱਜਦ ਦੀ ਅਵਸਥਾ ਵਿੱਚ ਆਵੇਗੀ ਤੇ ਇਸ ਸਿਦਕੀ ਪੈਗੰਬਰ ਨੇ ਤੇਗ਼ ਦੀ ਅਜਿਤ ਧਾਰਾ ਨਾਲ ਮਨੁੱਖਤਾ ਨੂੰ ਤਪਦੀ ਅਵਸਥਾ ਵਿੱਚੋਂ ਕੱਢ ਕੇ ਕਾਮਲ ਇਨਸਾਨਾਂ ਦੇ ਕਾਫ਼ਲੇ ਪੈਦਾ ਕਰਨੇ ਹਨ। ਇੰਜ ਲੱਗ ਰਿਹਾ ਹੈ ਜਿਵੇਂ ਗੰਗਾ ਦੀ ਹਰ ਲਹਿਰ ਉਸ ਕਾਮਲ ਤੇ ਸਾਬਤ ਇਨਸਾਨ ਨੂੰ ਢੂੰਡ ਰਹੀ ਹੈ। ਲੰਮੀ ਨਦਰ ਵਾਲਿਆਂ ਨੇ ਸੰਸਾਰ ਵਾਸੀਆਂ ਨੂੰ ਇਤਲਾਹ ਦਿੱਤੀ ਹੈ ਕਿ ਐ ਸਦੀਆਂ ਤੋਂ ਲਤਾੜੇ ਜਾ ਰਹੇ ਇਨਸਾਨ! ਹੁਣ ਇਤਿਹਾਸ ਵਿੱਚ ਤੇਰਾ ਕੋਈ ਮੁਕਾਮ ਹੋਵੇਗਾ। ਭਾਵੇਂ ਤੇਰੇ ਉੱਤੇ ਅਨੇਕਾਂ ਹਨ੍ਹੇਰੀਆਂ

ਝੁੱਲਣਗੀਆਂ ਪਰ ਤੇਰੇ 'ਨਿਹਚਲ ਆਸਣ', ਸਿਦਕ ਅਤੇ ਸ਼ਹਾਦਤ ਦੀ ਗਾਥਾ ਰਹਿੰਦੀ ਦੁਨੀਆਂ ਤੀਕ ਰਹੇਗੀ ਕਿਉਂਕਿ ਹੁਣ ਮਾਨਵ ਦਾ ਦਰਦ ਦੂਰ ਕਰਨ ਲਈ ਇਕ ਅੰਤਮ ਮਸੀਹਾ ਆ ਗਿਆ ਹੈ। ਹੁਣ ਗੁਰੂ ਜੋਤ ਨੇ ਆਪਣੇ ਪਹਿਲੇ ਰੂਪਾਂ ਨਾਲੋਂ ਕਿਸੇ ਵੱਖਰੇ ਅੰਦਾਜ਼ ਵਿੱਚ ਸੰਸਾਰ ਵਿੱਚ ਵਿਚਰਨਾ ਹੈ।

ਸਾਬਤ ਸੂਰਤ ਵਾਲੇ ਇਨਸਾਨ ਦੀ ਸਿਰਜਣਾ ਹੋਵੇਗੀ। ਹੁਣ ਮਾਂ ਜਿਹੀ ਅਪਣੱਤ ਨਸੀਬ ਹੋਵੇਗੀ। ਜਿਵੇਂ ਉੱਚੇ ਪਹਾੜਾਂ ਵਿੱਚ ਵਗਦਾ ਦਰਿਆ ਡੂੰਘੀਆਂ ਖਾਈਆਂ ਨੂੰ ਜਲ ਨਾਲ ਭਰਪੂਰ ਕਰਕੇ ਅੱਗੇ ਵਧਦਾ ਹੈ ਇਵੇਂ ਗੁਰੂ ਜੋਤਾਂ ਨੇ ਹਰ ਸੱਖਣੀ ਰੂਹ ਰੂਹਾਨੀਅਤ ਨਾਲ ਭਰ ਦਿੱਤੀ ਸੀ। ਮੀਰੀ ਪੀਰੀ ਦੇ ਮਾਲਕ ਛੇਵੇਂ ਗੁਰੂ ਨੇ ਸਾਰੇ ਬਵੰਜਾ ਰਾਜਿਆਂ ਦਾ ਉੱਧਾਰ ਕੀਤਾ ਸੀ ਅਤੇ ਪੈਂਦੇ ਖਾਂ ਵਰਗਿਆਂ ਨੂੰ ਅੰਤਮ ਸਮੇਂ ਆਪਣੀਆਂ ਨਦਰਾਂ ਦੀ ਢਾਲ ਨਾਲ ਛਾਂ ਕੀਤੀ ਸੀ। ਗੁਰੂ ਰਾਮਦਾਸ ਜੀ ਨੇ ਚੱਕ ਰਾਮਦਾਸ ਪੁਰ ਦੀ ਧਰਤੀ ਉੱਪਰ 52 ਜਾਤਾਂ ਦੇ ਲੋਕ ਵੀ ਵਸਾਏ ਅਤੇ ਦੁਖੀਆਂ ਦਰਦਵੰਦਾਂ ਨੂੰ ਰੋਗ-ਸੋਗ ਤੋਂ ਵੀ ਬਚਾਇਆ ਸੀ। ਅਨੰਦਪੁਰ ਦੀ ਧਰਤੀ ਉੱਪਰ 'ਦਰਦ ਭਵਿੱਖ ਦੇ ਸੁੱਤੇ' ਹੋਏ ਹਨ। ਪੀਰ ਬੁੱਢਣ ਸ਼ਾਹ ਨੇ ਲੰਬਾ ਸਮਾਂ ਗੁਰੂ ਜੋਤ ਦੀ ਉਡੀਕ ਕਰਕੇ ਅੰਮ੍ਰਿਤ ਦੁੱਧ ਪੀਤਾ। ਲੰਮੀ ਨਜ਼ਰ ਵਾਲਿਆਂ ਨੂੰ ਧਰਤੀ ਉੱਤੇ ਹੋਏ ਅਨੇਕਾਂ ਵਲੀ, ਆਰਿਫ਼ਾਂ ਤੇ ਫ਼ਕੀਰਾਂ ਨਾਲ ਗਿਲਾ ਹੈ ਕਿ ਉਨ੍ਹਾਂ ਨੇ ਇਨਸਾਨੀਅਤ ਨੂੰ ਗਲ ਨਾਲ ਨਹੀਂ ਲਾਇਆ। ਗੰਗਾ ਵਿੱਚੋਂ ਉੱਠਦੀਆਂ ਕਾਂਗਾਂ ਦੇ ਮਧੁਰ ਨਾਦ ਵਿੱਚੋਂ ਬਾਜ ਅਤੇ ਪੀਰ ਭੀਖਣ ਸ਼ਾਹ ਨੂੰ ਉਸ ਪੈਗੰਬਰ ਦੇ ਜਨਮ ਦੀ ਬਲਵਾਨ ਬਾਂਗ ਸੁਣਾਈ ਦੇ ਰਹੀ ਹੈ। ਪੀਰ ਦੇ ਸ਼ਹਿਰ ਘੁੜਾਮ ਦੇ ਉੱਪਰ ਗਗਨ ਵਿੱਚ ਚਮਕਦੇ ਤਾਰੇ ਅੱਜ ਰਹੱਸਮਈ ਸੈਨਤਾਂ ਮਾਰ ਕੇ ਦੱਸ ਰਹੇ ਹਨ ਕਿ ਇਸ 'ਜਗਤ ਕੁਹਰਾਮ' ਵਿੱਚ ਪੂਰਬ (ਪਟਨਾ) 'ਤੇ ਕੋਈ ਮਿਹਰ ਬਰਸੀ ਹੈ। ਪੀਰ ਜੀ ਮਜ਼੍ਹਬਾਂ ਦੇ ਸਫ਼ਰ ਦੀ ਦਾਸਤਾਨ ਦੇ ਪ੍ਰਸੰਗ ਵਿੱਚ ਵੇਖ ਰਹੇ ਹਨ ਕਿ ਆਖ਼ਿਰ ਬੇਚੈਨ ਧਰਤ ਨੂੰ ਅੱਜ ਪਹਿਲੀ ਸਵੇਰ ਤੋਂ ਹੀ ਮੁਰਸ਼ਦ ਦੀ ਮਿਹਰਵਾਨ ਦ੍ਰਿਸ਼ਟੀ ਨੇ ਧਰਤੀ ਦੇ ਲੋਕਾਂ ਨੂੰ ਅਸੀਸਾਂ ਦੇਣੀਆਂ ਹਨ। ਹੇ ਮੇਰੇ ਬੇਲੀਓ! ਆਓ!! ਪਾਟਲੀਪੁੱਤਰ ਨੇੜੇ ਟੋਲ ਕੇ ਉਸ ਦੇ ਦੀਦਾਰ ਪਰਸੀਏ।

(4)

## ਸੁੰਨੇ ਪਰਬਤਾਂ 'ਤੇ ਉੱਡਦਾ ਬਾਜ਼

ਪੋਹ ਦੀ ਸੱਤਵੀਂ ਨੂੰ ਮਹਾਂ ਉਡਾਣਾਂ ਭਰਨ ਵਾਲੇ ਲੰਮੀ ਨਦਰ ਦੇ ਮਾਲਕਾਂ ਨੂੰ ਕਿਸੇ ਮਹਾਂ ਗਰਜ ਦਾ ਸੁਪਨਾ ਆਇਆ ਹੈ। ਇਸ ਗਰਜ ਵਿੱਚ ਬ੍ਰਹਿਮੰਡਾਂ ਨੂੰ ਜਿੱਤ ਲੈਣ ਦਾ ਤਾਣ ਅਤੇ ਸਾਰੀ ਕਾਇਨਾਤ ਨੂੰ ਸ਼ਰਨ ਦੇਣ ਦਾ ਇਕਰਾਰ ਹੈ। ਉੱਚੇ ਪਰਬਤਾਂ ਵਰਗੇ ਗਿਆਨ ਯਕਸ਼ੂਆਂ ਦੇ ਆਸਣ ਇਸ ਸਿੰਘ ਗਰਜ ਨਾਲ ਡੋਲਣ ਲੱਗ ਪਏ। ਇਸ ਸੱਚ ਦੇ ਸੂਰਜ ਨਾਲ ਨਵਾਂ ਦੈਵੀ ਆਵੇਸ਼ ਹੋਂਦ ਵਿੱਚ ਆਇਆ ਹੈ। ਇਸ ਰੂਹਾਨੀ ਜਲੌ ਦੀ ਮੰਝਧਾਰ ਵਿੱਚ ਸਿੰਘ ਗਰਜ ਕੋਈ ਨਵੇਂ ਰਾਜ਼ ਦਾ ਨਿੱਘ ਦੇ ਰਹੀ ਹੈ। ਹਜ਼ਾਰਾਂ ਸਾਲਾਂ ਬਾਅਦ ਹਯਾਤੀ ਨੂੰ ਇਕ ਨਵੀਂ ਸਵੇਰ ਨਸੀਬ ਹੋਈ ਹੈ। ਇਸ ਨਾਦ ਵਿੱਚ 'ਸਚੁ ਸੁਣਾਇਸੀ ਸਚ ਕੀ ਬੇਲਾ' ਦਾ ਪੈਗ਼ਾਮ ਹੈ। ਇਸ ਉਪਦੇਸ਼ ਨਾਲ ਸਾਰੀ ਮਾਨਵ-ਜਾਤੀ ਨੂੰ ਨਵਾਂ ਜੀਵਨ ਨਸੀਬ ਹੋਵੇਗਾ। ਇਨ੍ਹਾਂ ਪਹੁੰਚੇ ਹੋਏ ਦੇਵ ਲੋਕਾਂ ਦੀਆਂ ਅਗੰਮੀ ਨਜ਼ਰਾਂ ਜਲਾਂ ਥਲਾਂ ਤੇ ਪਰਬਤਾਂ ਤੋਂ ਪਾਰ ਵੇਖ ਰਹੀਆਂ ਹਨ ਕਿ ਗੁਰੂ ਨੇ ਸਾਰੇ ਰਾਹਾਂ ਨੂੰ ਰੌਸ਼ਨ ਕਰ ਦੇਣਾ ਹੈ। ਇਨ੍ਹਾਂ ਫ਼ਕੀਰ ਲੋਕਾਂ ਨੂੰ ਧਰਤੀ ਦੇ ਮੰਦਰ, ਮਸਜਿਦਾਂ ਤੇ ਗਿਰਜਿਆਂ ਨੂੰ ਨਿਉਂਦੀਆਂ ਕੌਮਾਂ ਦੀ ਅੰਦਰਲੀ ਘੋਰ ਨਿਰਾਸ਼ਾ ਵੀ ਨਜ਼ਰ ਆਉਂਦੀ ਹੈ। ਇਨ੍ਹਾਂ ਗਿਆਨ ਯਕਸ਼ੂਆਂ ਨੇ ਵੱਖ-ਵੱਖ ਰਾਹਾਂ ਤੇ ਕਰਮ-ਕਾਂਡੀ ਰੰਗਾਂ ਵਿੱਚੋਂ ਕੱਢਣ ਲਈ ਹਯਾਤੀ ਨੂੰ ਕੋਈ ਅੰਤਮ ਸੱਚ ਦਾ ਸੁਨੇਹਾ ਦੇ ਕੇ ਪਿਆਰ ਨਹੀਂ ਕੀਤਾ। ਪਰ ਹੁਣ ਉਹ ਸਮਾਂ ਆਉਂਣ ਦੀ ਦਸਤਕ ਦੇ ਰਿਹਾ ਹੈ ਜਿਸ ਨੇ ਹਯਾਤੀ ਵਿੱਚ ਅਜਿਹੇ ਪੰਥ ਦੀ ਸਿਰਜਣਾ ਕਰਨੀ ਹੈ ਜਿਸ ਨੇ ਇਨਸਾਨ ਨੂੰ ਖ਼ਾਲਸਾਈ ਵੇਸ ਵਿੱਚ ਨਵਾਂ ਰੂਪ ਦੇਣਾ ਹੈ।

***




ਸ. ਬਚਿੱਤਰ ਸਿੰਘ 'ਹੁਸ਼ਿਆਰਪੁਰੀ' ਨੇ 'ਸਾਹਿਤਕ ਫੁੱਲਦਸਤਾ' ਪੇਸ਼ ਕਰਦਿਆਂ ਜਿਥੇ ਆਪਣੇ ਮਾਨਯੋਗ ਪਿਤਾ ਗਿਆਨੀ ਆਸਾ ਸਿੰਘ ਜੀ ਐੱਮ.ਏ. ਦੇ ਵਾਰਤਕ ਵਿਚ ਲਿਖੇ ਵਡਮੁੱਲੇ ਨਿਬੰਧਾਂ ਨੂੰ ਸਦੀਵੀ ਤੌਰ 'ਤੇ ਸੰਭਾਲਿਆ ਹੈ, ਉੱਥੇ ਆਪਣੇ ਪਿਤਾ ਜੀ ਤੋਂ ਪ੍ਰਾਪਤ ਸਾਹਿਤਕ ਲਗਨ ਵਿਚੋਂ ਲਿਖੀਆਂ ਨਜ਼ਮਾਂ ਨੂੰ ਸ਼ਾਮਲ ਕਰਕੇ ਪਿਤਾ-ਪੁੱਤਰ ਦੀ ਨਿਵੇਕਲੀ ਸਾਂਝ ਦਾ ਵੀ ਪ੍ਰਮਾਣ ਦਿੱਤਾ ਹੈ। ਇਸ ਸੰਗ੍ਰਹਿ ਵਿਚ ਸ਼ਾਮਿਲ ਨਿਬੰਧਾਂ ਵਿੱਚ 'ਸਾਹਿਤ ਕੀ ਹੈ' ਨਾਮ ਦੇ ਨਿਬੰਧ ਵਿੱਚ ਗਿਆਨੀ ਆਸਾ ਸਿੰਘ ਨੇ ਸਾਹਿਤ ਨੂੰ ਭਾਰਤੀ ਵਿਚਾਰਧਾਰਾ- "ਸੱਤਿਅਮ ਸਿਵੰ ਸੁੰਦਰਮ" ਦੇ ਮਹਾਨ ਅਰਥਾਂ ਵਿੱਚ ਲਿਆ ਹੈ। ਸਾਹਿਤ ਮਨੁੱਖ ਜਾਤੀ ਨੂੰ ਡੂੰਘੇ ਸਮੁੰਦਰਾਂ ਵਿਚੋਂ ਉੱਚੇ ਖ਼ਿਆਲ ਰੂਪੀ ਮੋਤੀ ਕੱਢ ਕੇ ਪੇਸ਼ ਕਰਦਾ ਹੈ।

ਸ. ਬਚਿੱਤਰ ਸਿੰਘ ਨੇ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਰਾਹੀਂ ਇਨਸਾਨ ਦੇ ਡੂੰਘੇ ਵਲਵਲਿਆਂ ਤੇ ਸੋਚਾਂ ਨੂੰ ਕਲਮਬੰਦ ਕੀਤਾ ਹੈ। 'ਦਿਲ ਮੇਰੇ ਵਿੱਚ ਪਿਆਰ ਤੇਰੇ ਦੀਆਂ' ਵਾਲੀ ਗ਼ਜ਼ਲ ਬਚਿੱਤਰ ਸਿੰਘ ਨੂੰ ਇਸ਼ਕ ਦੀ ਸ਼ਾਇਰੋ-ਸ਼ਾਇਰੀ ਕਰਨ ਵਾਲੇ ਗ਼ਜ਼ਲਗੋਆਂ ਦੀ ਕਤਾਰ ਵਿੱਚ ਖੜ੍ਹਾ ਕਰਦੀ ਹੈ। ਮੈਂ ਇਸ ਪੁਸਤਕ ਨੂੰ ਜੀ ਆਇਆਂ ਆਖਦਾ ਹਾਂ।

**-ਚੇਤਨ ਸਿੰਘ (ਗੋਂਦਪੁਰ)**

ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ (ਰਿਟਾਇਰਡ)

# ਸੁਰਿੰਦਰ ਸਿੰਘ ਸੁੰਨੜ ਦੀਆ ਪੰਜ ਕਵਿਤਾਵਾਂ



- ਸੁਰਿੰਦਰ ਸਿੰਘ ਸੁੰਨੜ

## 1. ਵਸਤਾਂ ਜਿੱਤੀਆਂ

ਰਿਸ਼ਤੇ ਬਣਾਏ ਸੀ ਕੁਝ ਸੁਣਨ ਕਹਿਣ ਵਾਸਤੇ।
ਘਰ ਬਣਾਇਆ ਸੀ ਵਿਚ ਵੱਸਣ ਰਹਿਣ ਵਾਸਤੇ।

ਰਿਸ਼ਤੇ ਬੰਜਰ ਹੋ ਗਏ, ਘਰ ਸਾਡੇ ਖੰਡਰ ਹੋ ਗਏ।
ਸਭਕੁਝ ਤਿਆਗਿਆ ਅਸੀਂ ਵਸਤਾਂ ਗ੍ਰਹਿਣ ਵਾਸਤੇ।

ਨਿੱਘੇ ਨਹੀਂ ਰਿਸ਼ਤੇ ਤਾਂ ਫਿਰ ਗੱਲ ਬਾਤ ਨਾ ਰਹੀ।
ਘਰ ਗਰਿਸਤੀ ਵਿਚ ਕੋਈ ਇਤਿਆਤ ਨਾ ਰਹੀ।

ਵਸਤਾਂ ਪਿੱਛੇ ਦੌੜਦੇ ਸਭਕੁਝ ਹੀ ਪਿੱਛੇ ਰਹਿ ਗਿਆ।
ਬਾਗੀ ਹੋਏ ਰਿਸ਼ਤੇ ਜੇਹੜੇ ਸੀ ਬਹਿਣ ਪੈਣ ਵਾਸਤੇ।

ਸਭ ਕੁਝ ਤਿਆਗਿਆ ਅਸੀਂ ਵਸਤਾਂ ਗ੍ਰਹਿਣ ਵਾਸਤੇ।
ਕਾਹਦੀ ਚਮਕ ਦਮਕ ਨੇ ਚੁੰਧਿਆਈ ਇਹ ਦੁਨੀਆ।

ਵਸਤਾਂ ਜਿੱਤੀਆਂ ਵਸਤਾਂ ਨੇ ਹਰਾਈ ਇਹ ਦੁਨੀਆ।
ਆਪੋ ਧਾਪੀ ਐਨੀ ਕਿ ਗੱਲ ਕਰਨ ਵਾਲੀ ਨਾ ਰਹੀ।

ਕੋਈ ਭੀ ਨਹੀਂ ਰਾਜੀ ਕਿਸੇ ਨੂੰ ਭੀ ਸਹਿਣ ਦੇ ਵਾਸਤੇ।
ਸਭਕੁਝ ਤਿਆਗਿਆ ਅਸੀਂ ਵਸਤਾਂ ਗ੍ਰਹਿਣ ਵਾਸਤੇ

## 2. ਅਰਦਾਸ

ਦੁਨੀਆਂ ਦੇ ਵਿਚ ਨਾਮ ਹੈ, ਸੱਚ ਹੈ, ਕੱਲ ਦੁਨੀਆਂ ਦੀ ਸੈਰ ਕਰਾਂ।
ਆਪਨੇ ਪਾਏ ਰਾਹਾਂ ਉੱਪਰ ਤੁਰਨ ਤੋਂ ਫਿਰ ਮੈਂ ਦੱਸ ਕਾਹਤੋਂ ਡਰਾਂ।

ਸਾਰੀ ਉਮਰ ਹੀ ਭੱਜ ਨਠ ਕੀਤੀ ਜਿਸ ਪਰਵਾਰ ਨੂੰ ਪਾਲਣ ਲਈ,
ਆਪਨਿਆਂ ਦੀ ਨੁਕਤਾਚੀਨੀ ਸਮਝ ਨਹੀਂ ਆਉਂਦੀ ਕਾਹਤੋਂ ਜਰਾਂ।

ਕਾਮਯਾਬ ਗਿਣਦੀ ਹੈ ਦੁਨੀਆਂ ਲੱਤ ਘੁਮਾਈ ਹੈ ਦੁਨੀਆਂ ਵਿੱਚ,
ਸਭ ਕੁਝ ਹੁੰਦਿਆਂ ਸੁੰਦਿਆਂ ਲੇਕਿਨ ਘਰਦਿਆਂ ਕੋਲੋਂ ਕਿਉਂ ਹਰਾਂ।

ਮੇਰੇ ਗੁਣਾਂ ਤੋਂ ਦੁਨੀਆਂ ਵਾਕਫ ਅਵਗੁਣ ਤਾਂ ਘਰਦੇ ਜਾਨਣ ਸਭ,
ਆਪਨਿਆਂ ਕੋਲ ਭੇਦ ਨੇਂ ਭਾਵੇਂ ਪਰ ਮੈਂ ਹਰਜਾਨਾ ਕਾਹਤੋਂ ਭਰਾਂ।

ਮਰ ਮਰ ਕੇ ਹੀ ਜੀਣਾ ਹੈ ਤਾਂ ਬਹੁਤਾ ਜੀਊਣਾਂ ਕਿਸ ਕੰਮ ਹੈ ਮੇਰੇ,
ਮਰਨ ਨਾਲ ਹੀ ਜਾਨ ਜੇ ਛੁੱਟਣੀਂ ਤਾਂ ਬਰੀ ਹੋਣ ਲਈ ਛੇਤੀ ਮਰਾਂ।

## 3. ਧਰਮ

ਸਭ ਤੋਂ ਪਹਿਲਾ ਧਰਮ ਸਨਾਤਨ, ਭਾਸ਼ਾ ਪਹਿਲੀ ਸੰਸਕ੍ਰਿਤ।
ਧਰਮ ਗ੍ਰੰਥਾਂ ਨੂੰ ਪਰ ਪੰਡਿਤ ਕਿਉਂ ਪੜ੍ਹਾਉਣੋ ਡਰਦੇ ਨੇ।
ਮੁਸਲਮਾਨ ਮਦਰਸਿਆਂ ਕਰਕੇ ਦੁਨੀਆ ਦੇ ਵਿਚ ਫੈਲ ਗਏ,
ਬਾਈਬਲ ਵੰਡ ਇਸਾਈ ਸਾਰੀ ਦੁਨੀਆ ਨੂੰ ਕਾਬੂ ਕਰਦੇ ਨੇ।
ਹਰ ਇਕ ਧਰਮ ਬਰਾਬਰ ਹੈ ਪਰ ਪੜ੍ਹਨਾ ਪੈਂਦਾ ਹੈ ਇਸਨੂੰ,
ਜਦ ਧਰਮੀ ਪਾਠਕ ਬਣਦੇ ਫਿਰ ਕਿਸੇ ਕੋਲੋਂ ਨਾ ਹਰਦੇ ਨੇਂ।
ਸ਼ਬਦਗੁਰੂ ਨੂੰ ਮੱਥਾਟੇਕਣ ਨਾਲ ਹੀ ਗੱਡੀ ਨਹੀਂ ਚੱਲਣੀ,
ਪੜ੍ਹਨ ਸੁਣਨ ਸਮਝਣ ਵਾਲੇ ਹੀ ਹਰ ਭਵਸਾਗਰ ਤਰਦੇ ਨੇ।

## 4. ਧਰਵਾਸ

ਬਿਲਕੁਲ ਪਤਾ ਹੈ ਨਹੀਂ ਪਰਤਣਾ ਟੁੱਟਿਆ ਹੋਇਆ ਇਹ ਵਿਸ਼ਵਾਸ।
ਜਾਣਦਿਆਂ ਕਿ ਗੱਲ ਨਹੀਂ ਬਣਨੀ ਫਿਰ ਵੀ ਰੱਖੀ ਫਿਰਦਾਂ ਆਸ।

ਪੈਦਲ ਕੱਠਿਆਂ ਚੱਲਦੇ ਸੀ ਕਦੇ ਹੱਸਦੇ ਖੇਡਦੇ ਬਾਂਹ ਫੜ੍ਹ ਕੇ
ਆਲੀਸ਼ਾਨ ਕਾਰ ਵਿਚ ਚੱਪ ਚੱਪ ਬੈਠਿਆਂ ਦਿਲ ਹੈ ਬੜਾ ਉਦਾਸ।

ਜਿਸ ਦੇ ਕੋਲੋਂ ਪਿਆਰ ਦੇ ਵਿਚ ਹਰ ਜਾਣਾ ਵੀ ਚੰਗਾ ਲੱਗਦਾ ਸੀ।
ਐਸੀਆਂ ਦੂਰੀਆਂ ਬਣੀਆਂ ਜਿੱਤਹਾਰ ਵਿਚ ਫਰਕ ਰਿਹਾ ਨਾ ਖਾਸ।

ਮੰਜ਼ਿਲ ਦਾ ਜਦ ਪਤਾ ਨਹੀਂ ਬਿਨ ਮੰਜਿਲ ਪੈਂਡਾ ਕਿੰਝ ਨਿਬੜੂ
ਭਟਕ ਰਹੇ ਇਸ ਰਾਹੀ ਨੂੰ ਦੱਸ ਹੁਣ ਕਿੰਝ ਦੇਵਾਂ ਮੈਂ ਧਰਵਾਸ।

ਜੀਵਨ ਦੇ ਜੰਗਲ ਦੇ ਵਿਚ ਦੀ ਕੱਲਿਆਂ ਲੰਘਦਿਆਂ ਡਰ ਲਗਦਾ।
ਦੁਨੀਆ ਦੀ ਇਸ ਭੀੜ ਦੇ ਵਿਚ ਜਦ ਕੋਈ ਨਾ ਦਿਸਦਾ ਪਾਸ।

ਤੁਰਿਆ ਚੱਲ ਡਾਂਡੇ ਮੀਂਡੇ ਤੂੰ ਸੁੰਨੜਾ ਤਕੜਾ ਕਰ ਜਿਗਰਾ
ਮਾਲਕ ਦੀ ਮਰਜ਼ੀ ਏਸੇ ਵਿੱਚ ਦੱਸ ਕੀ ਕਰੇਂਗਾ ਹੋ ਨਰਾਜ਼।

## 5. ਸ਼ਾਇਦ ਮੇਰੀਆਂ ਮੋਮਬੱਤੀਆਂ

ਸ਼ਾਇਦ ਮੇਰੀਆਂ ਮੋਮਬੱਤੀਆਂ ਕਾਬਲ ਨਹੀਂ ਜੋ ਕਰਨ ਉਜਾਲਾ।
ਸੁਰਮੰਦਰ ਹੈ ਗਾਉਣ ਵਾਲਾ ਨਹੀਂ ਦਾਲ ਚ ਕੁਝ ਨਾ ਕੁਝ ਤਾਂ ਕਾਲਾ।
ਲਗਦੇ ਤਾਂ ਸਮਰੱਥ ਨੇ ਸਾਰੇ ਪਰ ਕਿਉਂ ਕੱਢੀ ਫਿਰਨ ਦੁਆਲਾ।
ਬੁੱਧੀਮਾਨ ਬਣਾਏ ਰੱਬ ਨੇ ਪਰ ਭੇਡੂ ਕਿਉਂ ਹਨ ਦੀਨ ਦਿਆਲਾ।
ਦਿਲ ਕਰਦਾ ਲਾਹ ਕੇ ਰੱਖ ਦੇਵਾਂ ਕੀ ਕਰਨੀ ਮੈਂ ਤਸਬੀ ਮਾਲਾ।
ਇਕ ਦੂਜੇ ਵੱਲ ਪਿੱਠ ਕਰ ਬੈਠੇ ਧੜਿਆਂ ਦੀ ਇਹ ਧਰਮਸ਼ਾਲਾ।



**ਸੰਤ ਸੁਖਜੀਤ ਸਿੰਘ ਸੀਚੇਵਾਲ ਜੀ ਨੂੰ ਆਪਣੀ ਆਵਾਜ਼ ਦਾ ਇੱਕ ਅੰਕ ਭੇਂਟ ਕਰਦਿਆਂ !**
**ਮੇਰੇ ਨਾਲ ਹਨ ਪ੍ਰਸਿੱਧ ਸ਼ਾਇਰ ਜਨਾਬ ਸੰਤ ਸੰਧੂ ਜੀ।**



**ਸ. ਸੁਰਿੰਦਰ ਸਿੰਘ ਸੁੰਨੜ ਸਾਹਿਬ ਨੂੰ ਆਪਣੀ ਪੁਸਤਕ 'ਜਿਨ੍ਹਾਂ ਕੀਤੀਆਂ ਨੇਕ ਕਮਾਈਆਂ' ਦੇ ਛਪੇ ਤੀਜੇ ਅਡੀਸ਼ਨ ਦੀ ਪਹਿਲੀ ਕਾਪੀ ਭੇਂਟ ਕਰਦਿਆਂ।**

## ਸੰਤ ਸੰਧੂ ਦੀਆ ਦੋ ਕਵਿਤਾਵਾਂ

## 1. ਮਿੱਤਰ ਪਿਆਰੇ ਨੂੰ

ਜਿਸ ਦੇਸ਼ ਦੇ ਤਖ਼ਤ ਦੇ ਉੱਤੇ, ਹਾਕਮ ਫਿਰਕੂ ਰਹਿਣਾ।
ਭੱਠ ਪਵੇ ਕੰਨਾਂ ਨੂੰ ਪਾੜੇ, ਕੀ ਕਰਨਾ ਉਹ ਗਹਿਣਾ।
ਮਿੱਤਰ ਪਿਆਰੇ ਨੂੰ, ਹਾਲ ਮੁਰੀਦਾਂ ਦਾ ਕਹਿਣਾ।

ਜਿਸ ਦੇਸ਼ ਵਿੱਚ ਵੰਡਣ ਸ਼ੀਰਨੀ, ਹਾਕਮ ਹੋ ਜਾਣ ਅੰਨ੍ਹੇ।
ਘਰ ਦੇ ਢਾਹੁਣ ਬਨੇਰੇ ਜਿਹੜੇ, ਕੌਣ ਉਹਨਾਂ ਨੂੰ ਮੰਨੇ।
ਜਿਸ ਰਾਜ ਵਿੱਚ ਖੇਤਾਂ ਵਾਲੇ, ਉੱਜੜ ਜਾਂਦੇ ਨੇ ਧੰਨੇ।
ਉਸ ਦੇਸ਼ ਦੇ ਕਾਜ਼ੀ ਦਾ ਵੀ, ਕਿਉਂ ਫ਼ਤਵਾ ਹੈ ਸਹਿਣਾ।
ਮਿੱਤਰ ਪਿਆਰੇ ਨੂੰ, ਹਾਲ ਮੁਰੀਦਾਂ ਦਾ ਕਹਿਣਾ।

ਮੰਦਰ ਅਤੇ ਮਸੀਤਾਂ ਦੇ ਵਿੱਚ, ਫਸ ਗਏ ਮਜ਼ਬੀ ਰੀਤਾਂ ਦੇ ਵਿੱਚ,
ਕਿੱਥੇ ਰੌਸ਼ਨੀ ਝੀਤਾਂ ਦੇ ਵਿੱਚ।
ਪੀਰ ਮੇਰੇ ਵੀ ਪੁੱਛਦੇ ਮੈਨੂੰ, ਮਨਮੁੱਖ ਕਦੋਂ ਹਰਾਉਣਾ।
ਮਿੱਤਰ ਪਿਆਰੇ ਨੂੰ, ਹਾਲ ਮੁਰੀਦਾਂ ਦਾ ਕਹਿਣਾ।

ਕਿੱਥੋਂ ਚਾਲ ਇਨਾਂ ਦੀ ਚਾਲੀ, ਕਿੱਥੋਂ ਜੰਮ ਪੈਂਦੇ ਅਬਦਾਲੀ।
ਬਣੇ ਮਸੰਦ ਮੰਦਰ ਦੇ ਵਾਲੀ।
ਭਾਰਤ ਦੇਸ਼ ਦਾ ਤਾਣਾ ਲੋਕੋ, ਹੋਰ ਉਲਝਿਆ ਰਹਿਣਾ।
ਮਿੱਤਰ ਪਿਆਰੇ ਨੂੰ, ਹਾਲ ਮੁਰੀਦਾਂ ਦਾ ਕਹਿਣਾ।

ਜਿੰਨਾਂ ਚਿਰ ਬੇਈਮਾਨ ਜੁਲਾਹੇ, ਕੀ ਖੱਟਣੇ ਖੱਡੀ ਚੋਂ ਲਾਹੇ,
ਜਿੰਨਾਂ ਚਿਰ ਨਾ ਪਾਏ ਰਾਹੇ।
ਓਨਾਂ ਚਿਰ ਤਾਂ ਗਲ਼ ਪਿਆ ਸਾਨੂੰ, ਢੋਲ ਵਜਾਉਣਾ ਪੈਣਾ।
ਮਿੱਤਰ ਪਿਆਰੇ ਨੂੰ, ਹਾਲ ਮੁਰੀਦਾਂ ਦਾ ਕਹਿਣਾ।

## 2) ਅੰਮ੍ਰਿਤ ਵੇਲਾ

ਧਾਈਏ-ਧਾਈਏ-ਧਾਈਏ!
ਨੀ ਅੰਮ੍ਰਿਤ ਵੇਲੇ ਨੂੰ, ਰੱਬ ਦਾ ਸ਼ੁਕਰ ਮਨਾਈਏ।
ਨੀ ਸੀਚੇਵਾਲ ਨਗਰੀ ਤੋਂ, ਕਦੇ ਲੈ ਕੇ ਰੌਸ਼ਨੀ ਆਈਏ।
ਨੀ ਮੈਲੇ ਹੋਏ ਕੱਪੜੇ ਨੂੰ, ਕਦੇ ਧੋਬੀ ਕੋਲੋਂ ਧੁਆਈਏ।
ਮੈਲ਼ੀ ਮੱਤ ਮਲੀਨ ਜੇ ਹੋਵੇ, ਦਰ 'ਤੇ ਗੁਰਾਂ ਦੇ ਜਾਈਏ।
ਬੰਦ ਜੇ ਦੁਆਰੇ ਖੋਲ੍ਹਣੇ, ਤਾਂ ਭੇਤ ਪੀਰਾਂ ਤੋਂ ਪਾਈਏ।
ਵਿੱਦਿਆ ਦੇ ਗਹਿਣਿਆਂ ਨੂੰ, ਸੀਚੇਵਾਲ ਸਕੂਲੇ ਜਾਈਏ।
ਸੱਸੀਆਂ ਦੇ ਵਾਂਗ ਸਖੀਏ, ਕਿਤੇ ਵਿੱਚ ਨਾ ਥਲਾਂ ਸੜ ਜਾਈਏ।
ਨੀ ਮਾਂ ਦੀਏ ਭਾਗ ਭਰੀਏ, ਘਰ ਘਰ ਬੂਟੇ ਲਾਈਏ।
ਨੀ ਬਾਬੇ ਬਲਬੀਰ ਕੋਲੋਂ, ਪਹਿਲਾਂ ਪੜ੍ਹ ਕੇ ਕਲਮਾ ਆਈਏ।

# ਫ਼ਕੀਰ ਦੀ ਦੁਆ

(ਨਾਟਕ)

ਮਹਿੰਦਰ ਸਿੰਘ

***ਪਿਛਲਾ ਅੰਕ ਜੋੜਨ ਲਈ -***

**ਦ੍ਰਿਸ਼ ਨੌਵਾਂ**

ਸਥਾਨ – ਪਾਰਕ

ਪਾਤਰ – ਸੋਹਣ ਸਿੰਘ, ਧਰਮ ਕੌਰ, ਪਾਲੀ, ਵਿਦਿਆ ਸਾਗਰ, ਸ਼ੀਲਾ ਰਾਣੀ, ਸ਼ੁਭਮ, ਖੱਟੇ ਵਾਲੇ ਲੱਡੂਆਂ ਵਾਲਾ

**ਉਦੇਸ਼ : ਸੋਹਣ ਸਿੰਘ ਦੀ ਪ੍ਰਿੰਸੀਪਲ ਵਿਦਿਆ ਸਾਗਰ ਨਾਲ ਮੁਲਾਕਾਤ।**

(ਸੋਹਣ ਸਿੰਘ, ਧਰਮ ਕੌਰ ਅਤੇ ਪਾਲੀ ਪਾਰਕ ਵਿੱਚ ਬੈਠੇ ਖੱਟੇ ਵਾਲੇ ਲੱਡੂ ਖਾ ਰਹੇ ਹਨ। ਕੋਲ ਹੀ ਕੁੱਛ ਕੁੜੀਆਂ ਕੋਟਲਾ ਛਪਾਕੀ ਖੇਡ ਰਹੀਆਂ ਹਨ। ਪਾਰਕ ਵਿੱਚ ਇੱਕ ਪਾਸੇ ਕਾਲਜ ਦਾ ਪ੍ਰਿੰਸੀਪਲ ਸਾਗਰ, ਉਹੀ ਕਾਰ ਵਾਲਾ ਮੁੰਡਾ ਸ਼ੁਭਮ ਅਤੇ ਉਹਦੀ ਮਾਤਾ ਸੈਰ ਕਰ ਰਹੇ ਹਨ।)

ਪਾਲੀ – (ਨੱਠੀ-ਨੱਠੀ ਆ ਕੇ ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਕਹਿੰਦੀ ਹੈ) 'ਨਮਸਤੇ ਸਰ ਜੀ'।

ਪ੍ਰਿੰਸੀਪਲ – 'ਕੁੜੇ ਤੂੰ ਇੱਥੇ ਕਿੱਥੇ?'

ਪਾਲੀ – 'ਸਰ ਮੈਂ ਇੱਥੇ ਆਪਣੇ ਮੰਮੀ ਡੈਡੀ ਨਾਲ ਸੈਰ ਕਰਨ ਆਈ ਸੀ। (ਉੱਚੀ ਆਵਾਜ਼ ਵਿੱਚਤ) ਮੰਮੀ ਡੈਡੀ ਜੀ (ਸੋਹਣ ਸਿੰਘ ਤੇ ਧਰਮ ਕੌਰ ਉੱਧਰ ਨੂੰ ਦੇਖਦੇ ਹਨ) ਆਓ ਤੁਹਾਨੂੰ ਆਪਣੇ ਸਰ ਜੀ ਨਾਲ ਮਿਲਾਵਾਂ।'

(ਸੋਹਣ ਸਿੰਘ ਤੇ ਧਰਮ ਕੌਰ ਪ੍ਰਿੰਸੀਪਲ ਦੇ ਕੋਲ ਆ ਕੇ ਹੱਥ ਜੋੜ ਕੇ) 'ਸਤਿ ਸ੍ਰੀ ਅਕਾਲ ਜੀ'।

ਪ੍ਰਿੰਸੀਪਲ – 'ਸਤਿ ਸ੍ਰੀ ਅਕਾਲ ਜੀ (ਪਾਲੀ ਦੇ ਸਿਰ 'ਤੇ ਹੱਥ ਰੱਖ ਕੇ) ਇਹ ਤੁਹਾਡੀ ਬੱਚੀ ਐ?'

ਸੋਹਣ ਸਿੰਘ – 'ਹਾਂ ਜੀ'। ਸਾਡੀ ਕਾਹਦੀ, ਤੁਹਾਡੀ ਹੀ ਹੈ ਜੀ, ਜਿਨ੍ਹਾਂ ਨੇ ਇਹਨਾਂ ਬੱਚਿਆਂ ਨੂੰ ਜੀਵਨ ਜਾਚ ਸਿਖਾਉਣੀ ਏ।'

ਪ੍ਰਿੰਸੀਪਲ – 'ਵਈ ਬੜੀ ਹੋਣਹਾਰ ਹੈ ਤੁਹਾਡੀ ਬੱਚੀ, ਤੁਹਾਨੂੰ ਕਦੀ ਪਹਿਲਾਂ ਨਈਂ ਦੇਖਿਆ ਇਸ ਪਾਰਕ ਵਿੱਚ।'

ਸੋਹਣ ਸਿੰਘ – 'ਹਾਂ ਜੀ, ਅਸੀਂ ਅੱਜ ਪਹਿਲੀ ਵਾਰ ਹੀ ਆਏ ਹਾਂ ਇਸ ਪਾਰਕ ਵਿੱਚ, ਹੁਣ ਹਰ ਐਤਵਾਰ ਆਇਆ ਕਰਾਂਗੇ।'

ਪ੍ਰਿੰਸੀਪਲ – (ਜਾਣਕਾਰੀ ਕਰਵਾਉਂਦਾ ਹੋਇਆ) 'ਇਹ ਹਨ ਮੇਰੀ ਮਿਸਿਜ਼ ਸ਼ੀਲਾ ਰਾਣੀ ਅਤੇ ਇਹ ਮੇਰਾ ਬੇਟਾ ਸ਼ੁਭਮ।'

(ਸ਼ੁਭਮ ਨੇ ਪਾਲੀ ਵੱਲ ਦੇਖ ਕੇ ਆਪਣੇ ਮੂੰਹ 'ਤੇ ਉਂਗਲ ਰੱਖ ਕੇ ਚੁੱਪ ਰਹਿਣ ਲਈ ਇਸ਼ਾਰਾ ਕੀਤਾ)

ਸੋਹਣ ਸਿੰਘ – (ਪਾਲੀ ਦੇ ਸਿਰ 'ਤੇ ਹੱਥ ਰੱਖ ਕੇ) 'ਇਹ ਕੁੜੀ ਸਾਰਾ ਦਿਨ ਹੀ ਤੁਹਾਡੇ ਕੋਲ ਰਹਿੰਦੀ ਐ, ਇਹ ਸਾਡੀ ਨਈਂ ਤੁਹਾਡੀ ਹੀ ਧੀ ਹੈ।'

ਪ੍ਰਿੰਸੀਪਲ – 'ਤੁਹਾਨੂੰ ਚਿੰਤਾ ਕਰਨ ਦੀ ਲੋੜ ਨਈਂ। ਅੱਛਾ, ਤੁਸੀਂ ਹੁਣ ਇੰਜੁਆਏ ਕਰੋ। ਫਿਰ ਮਿਲਾਂਗੇ।' (ਕਹਿ ਕੇ ਉਹ ਅੱਗੇ ਨੂੰ ਤੁਰ ਪੈਂਦੇ ਹਨ)

**ਦ੍ਰਿਸ਼ ਦਸਵਾਂ**

**ਸਥਾਨ** - ਕਾਲਜ ਦਾ ਐਗਜ਼ਾਮੀਨੇਸ਼ਨ ਹਾਲ

**ਪਾਤਰ** - ਪਾਲੀ ਤੇ ਸ਼ੁਭਮ

**ਉਦੇਸ਼** : ਪਾਲੀ ਤੇ ਸ਼ੁਭਮ ਦੀ ਬਹਿਸ

(ਕਾਲਜ ਦੇ ਐਗਜ਼ਾਮੀਨੇਸ਼ਨ ਹਾਲ ਵਿੱਚ ਵਿਦਿਆਰਥੀ ਆਪੋ ਆਪਣੀਆਂ ਸੀਟਾਂ 'ਤੇ ਆ ਕੇ ਬੈਠ ਰਹੇ ਹਨ। ਪਾਲੀ ਵੀ ਹਾਲ ਵਿੱਚ ਐਂਟਰੀ ਕਰਦੀ ਹੈ।)

ਸ਼ੁਭਮ – 'ਪਾਲੀ, ਤੂੰ ਵਾਪਸ ਮੁੜ ਜਾ।'

ਪਾਲੀ – 'ਕਿਉਂ'

ਸ਼ੁਭਮ – 'ਮੈਂ ਤੇਰੀ ਜਗ੍ਹਾ ਇੱਕ ਟੀਚਰ ਦਾ ਇੰਤਜ਼ਾਮ ਕੀਤਾ ਹੋਇਆ ਐ, ਉਹ ਤੇਰਾ ਪੇਪਰ ਕਰੇਗੀ। ਤੈਨੂੰ ਐਤਕੀਂ ਮੈਰਿਟ 'ਤੇ ਲਿਆਉਣੈਂ।'

ਪਾਲੀ – 'ਮੈਂ ਆਪਣਾ ਐਗਜ਼ਾਮ ਆਪ ਦਿਆਂਗੀ, ਮੈਨੂੰ ਕਿਸੇ ਦੀ ਮਦਦ ਦੀ ਲੋੜ ਨਹੀਂ।'

ਸ਼ੁਭਮ – 'ਅੱਛਾ, ਹੁਣ ਮੈਂ ਦੇਖਦਾਂ ਤੂੰ ਕਿੱਦਾਂ ਪਾਸ ਹੁੰਨੀ ਏਂ?'

ਪਾਲੀ – 'ਹਿੰਮਤ ਹੈ, ਤਾਂ ਮੈਨੂੰ ਫੇਲ੍ਹ ਕਰ ਕੇ ਦਿਖਾਈਂ।'

ਸ਼ੁਭਮ – 'ਤੂੰ ਤਾਂ ਐਵੇਂ ਗੁੱਸਾ ਕਰ ਕੇ ਬਹਿ ਜਾਨੀ ਏਂ, ਮੈਂ ਤੇਰੇ ਨਾਲ ਮਜ਼ਾਕ ਕਰਦਾ ਸੀ।'

(ਇੰਨਾ ਕਹਿ ਕੇ ਸ਼ੁਭਮ ਚਲਾ ਗਿਆ।)

ਦ੍ਰਿਸ਼ ਗਿਆਰ੍ਹਵਾਂ

ਸਥਾਨ – ਸ਼ਹਿਰ ਦੀ ਸੜਕ

ਪਾਤਰ – ਗੋਪੀ, ਸਿਪਾਹੀ, ਛੋਟੀ ਕੁੜੀ ਅਤੇ ਉਹਦੀ ਮਾਂ

**ਉਦੇਸ਼ :** ਗੋਪੀ ਦੀ ਗ੍ਰਿਫ਼ਤਾਰੀ

(ਪ੍ਰੋਫ਼ੈਸਰ ਗੋਪੀ ਬੁੱਲੈਟ 'ਤੇ ਜਾ ਰਿਹਾ ਹੈ। ਇੱਕ ਬੱਚੀ ਨੱਠ ਕੇ ਸੜਕ ਪਾਰ ਕਰਨ ਲੱਗੀ ਬੁੱਲੈਟ ਵਿੱਚ ਵੱਜ ਕੇ ਡਿੱਗ ਪੈਂਦੀ ਹੈ। ਉਹਦੇ ਸਿਰ 'ਚੋਂ ਖੂਨ ਨਿਕਲਣ ਲਗ ਜਾਂਦਾ ਹੈ। ਕੋਲ ਹੀ ਚੌਂਕ ਵਿੱਚ ਸਿਪਾਹੀ ਖੜ੍ਹਾ ਸੀ, ਉਹ ਆ ਕੇ ਗੋਪੀ ਨੂੰ ਫੜ ਲੈਂਦਾ ਹੈ। ਲੋਕ ਇਕੱਠੇ ਹੋ ਜਾਂਦੇ ਹਨ। ਕੁੜੀ ਦੀ ਮਾਂ ਵੀ ਰੋਣ ਲਗ ਜਾਂਦੀ ਹੈ। 'ਹਾਏ ਮੇਰੀ ਕੁੜੀ ਨੂੰ ਕੀ ਹੋ ਗਿਆ?

ਗੋਪੀ – (ਕੁੜੀ ਦੀ ਮਾਂ ਨੂੰ ਪੰਜ ਸੌ ਦਾ ਨੋਟ ਫੜਾ ਕੇ) 'ਜਾਓ ਪਹਿਲਾਂ ਕੁੜੀ ਦੇ ਪੱਟੀ ਕਰਾਓ।' (ਲੋਕ ਕੁੜੀ ਨੂੰ ਡਾਕਟਰ ਦੇ ਲੈ ਜਾਂਦੇ ਹਨ।)

ਸਿਪਾਹੀ – ਗੋਪੀ ਦੇ (ਬੁੱਲੈਟ ਦੇ ਪਿੱਛੇ ਬੈਠ ਕੇ) 'ਚਲੋ ਠਾਣੇ' ਗੋਪੀ ਸਿਪਾਹੀ ਨਾਲ ਠਾਣੇ ਨੂੰ ਚਲਾ ਜਾਂਦਾ ਹੈ।

ਦ੍ਰਿਸ਼ ਬਾਰ੍ਹਵਾਂ

ਸਥਾਨ – ਸੋਹਣ ਸਿੰਘ ਦਾ ਘਰ

ਪਾਤਰ – ਸੁੱਖੀ , ਪਾਲੀ

**ਉਦੇਸ਼ :** ਪਾਲੀ ਪੰਜਾਬ 'ਚੋਂ ਫਸ ਆ ਗਈ।

(ਸੁੱਖੀ ਅਖਬਾਰ ਲੈ ਕੇ ਪਾਲੀ ਦੇ ਘਰ ਆ ਗਈ।)

ਸੁੱਖੀ – (ਵਿਹੜੇ ਵਿੱਚ ਆ ਕੇ ਆਵਾਜ਼ ਮਾਰਦੀ ਐ) 'ਪਾਲੀ, ਨੀ ਪਾਲੀ।'

ਪਾਲੀ – (ਸੁੱਖੀ ਨੂੰ) 'ਅੰਦਰ ਆ ਜਾ, ਬਾਹਰ ਹੀ ਰੌਲਾ ਪਾਈ ਜਾਨੀ ਆਂ।'

ਸੁੱਖੀ – (ਪਾਲੀ ਦੇ ਕੋਲ ਜਾ ਕੇ, ਉਹਨੂੰ ਕੁਲਾਵਾ ਭਰ ਕੇ ਚੁੱਕ ਕੇ ਇੱਕ ਭੁਆਂਟਣੀ ਦਿੰਦੀ ਹੋਈ) 'ਪਹਿਲਾਂ ਮੂੰਹ ਮਿੱਠਾ ਕਰਵਾ, ਫਿਰ ਗੱਲ ਦੱਸੂੰਗੀ।'

ਪਾਲੀ – 'ਮੂੰਹ ਮਿੱਠਾ ਤਾਂ ਕਰਵਾ ਹੀ ਦਊਂਗੀ, ਪਹਿਲਾਂ ਦੱਸ ਤਾਂ ਸਹੀ, ਕਿਹੜੀ ਖੁਸ਼ਖਬਰੀ ਲੈ ਕੇ ਆਈ ਆਂ?"

ਸੁੱਖੀ – 'ਲੁੱਚੀਏ ਸਾਰੀ ਪੰਜਾਬ 'ਚੋਂ ਫਸਟ ਆਈ ਏਂ ਤੂੰ (ਅਖ਼ਬਾਰ ਦਿਖਾਉਂਦੀ ਹੋਈ) ਐਹ ਦੇਖ।'

ਪਾਲੀ – (ਕਮਰੇ 'ਚ ਜਾ ਕੇ ਆਪਣੇ ਮੰਮੀ ਡੈਡੀ 'ਅਖ਼ਬਾਰ ਦਿਖਾਉਂਦੀ ਹੋਈ)' ਡੈਡੀ ਜੀ, ਐਹ ਦੇਖੋ, ਤੁਹਾਡੀ ਧੀ ਪੰਜਾਬ 'ਚੋਂ ਫਸਟ ਆਈ ਐ। ਲੱਡੂ ਵੰਡੋ ਸਾਰੇ ਪਿੰਡ ਵਿੱਚ ਜਾ ਕੇ। ਖ਼ੁਸ਼ੀ 'ਚ ਨੱਚਦੀ ਟੱਪਦੀ ਹੋਈ, ਹਾ ਹਾ ਹਾ ਹਾ, ਫਸਟ ਆਈ ਹਾਂ ਫ਼ਸਟ।'

ਦ੍ਰਿਸ਼ ਤੇਰ੍ਹਵਾਂ

ਸਥਾਨ – ਪ੍ਰਿੰਸੀਪਲ ਦਾ ਦਫ਼ਤਰ

ਪਾਤਰ – ਪ੍ਰਿੰਸੀਪਲ, ਸ਼ੁਭਮ, ਪਾਲੀ

**ਉਦੇਸ਼ :** ਪਾਲੀ ਨੇ ਪੰਜਾਬ 'ਚੋਂ ਫਸਟ ਆਉਣ ਕਾਰਨ ਪ੍ਰਿੰਸੀਪਲ ਨੂੰ ਲੱਡੂ ਦੇਣ ਜਾਣਾ।

ਪਾਲੀ – (ਪ੍ਰਿੰਸੀਪਲ ਦੇ ਦਫ਼ਤਰ ਅੱਗੇ ਖੜ੍ਹੀ ਹੋ ਕੇ) 'ਮੇ ਆਈ ਕਮ ਇਨ ਸਰ।'

ਪ੍ਰਿੰਸੀਪਲ – (ਪਾਲੀ ਵੱਲ ਦੇਖ ਕੇ) 'ਯੇਸ ਕਮ ਇਨ।'

ਪਾਲੀ – (ਪ੍ਰਿੰਸੀਪਲ ਦੇ ਅੱਗੇ ਲੱਡੂਆਂ ਦਾ ਡੱਬਾ ਰੱਖ ਕੇ।' ਕਾਂਗ੍ਰੇਚੁਲੇਸ਼ਨ ਸਰ, ਤੁਹਾਡੀ ਮਿਹਨਤ ਅਤੇ ਆਸ਼ੀਰਵਾਦ ਨਾਲ ਮੈਂ ਪੰਜਾਬ 'ਚੋਂ ਫਸਟ ਆਈ ਹਾਂ ਸਰ।'

ਪ੍ਰਿੰਸੀਪਲ – 'ਇਹ ਤਾਂ ਤੇਰੀ ਮਿਹਨਤ ਹੈ ਬੇਟਾ, ਹੋਰ ਕੋਈ ਕਿਉਂ ਨਹੀਂ ਫਸਟ ਆ ਗਈ।'

ਪਾਲੀ – 'ਸ਼ੁਭ ਜੀ ਕਿੱਥੇ ਨੇ?'

ਪ੍ਰਿੰਸੀਪਲ – 'ਆਹ ਪਿੱਛੇ ਹੀ ਏ, ਨਾਲ ਦੇ ਕਮਰੇ 'ਚ ਬੈਠਾ।'

(ਪਾਲੀ ਨਾਲ ਦੇ ਕਮਰੇ 'ਚ ਬਿਨਾਂ ਪੁੱਛੇ ਵੜ ਗਈ। ਪਾਲੀ ਨੂੰ ਦੇਖ ਕੇ ਸ਼ੁਭਮ ਕੁਰਸੀ ਤੋਂ ਉੱਠ ਕੇ ਖੜ੍ਹਾ ਹੋ ਗਿਆ। ਪਾਲੀ ਨੇ ਲੱਡੂਆਂ ਦਾ ਡੱਬਾ ਉਹਦੇ ਮੇਜ਼ 'ਤੇ ਰੱਖਿਆ ਅਤੇ ਸ਼ੁਭਮ ਨੂੰ ਜੱਫ਼ਾ ਮਾਰ ਲਿਆ।)

ਸ਼ੁਭਮ – 'ਜਦ ਮੇਰਾ ਲੱਡੂ ਮੇਰੇ ਕੋਲ ਆ ਗਿਆ ਤਾਂ ਇਨ੍ਹਾਂ (ਡੱਬੇ ਵੱਲ ਇਸ਼ਾਰਾ ਕਰ ਕੇ) ਲੱਡੂਆਂ ਦੀ ਕੀ ਲੋੜ ਸੀ।' ਸ਼ੁਭਮ ਪਾਲੀ ਦਾ ਮੂੰਹ ਚੁੰਮਣ ਲੱਗਦਾ ਹੈ, ਪਾਲੀ ਉਹਦੇ ਮੂੰਹ ਅੱਗੇ ਹੱਥ ਰੱਖ ਕੇ ਕਹਿੰਦੀ ਹੈ।

ਪਾਲੀ – 'ਅਜੇ ਨਈਂ, ਅਜੇ ਇਹਨਾਂ ਲੱਡੂਆਂ ਨਾਲ ਹੀ ਮੂੰਹ ਮਿੱਠਾ ਕਰੋ।'

(ਸ਼ੁਭਮ ਨੇ ਇੱਕ ਲੱਡੂ ਚੁੱਕ ਕੇ ਆਪਣੇ ਮੂੰਹ ਵਿੱਚ ਫੜਕੇ, ਖੂਹ ਖਾੜੀ ਅੱਗੇ ਕਰ ਦਿੱਤਾ। ਪਾਲੀ ਨੇ ਆਪਣੇ ਮੂੰਹਨਾਲ ਸੁਭਮ ਦੇ ਸੂੰਡੇ ਵਿੱਚ ਫੜ ਕੇ, ਮੂੰਹ ਪਾਲੀ ਅੱਗੇ ਕਰ ਦਿੱਤਾ। ਪਾਲੀ ਨੇ ਆਪਣੇ ਮੂੰਹ ਨਾਲ ਸ਼ੁਭਮ ਦੇ ਮੂੰਹ ਵਿੱਚ ਫੜਿਆ ਹੋਇਆ ਲੱਡੂ ਅੱਧਾ ਤੋੜ ਕੇ ਖਾ ਲਿਆ।)

ਸ਼ੁਭਮ – 'ਚੱਲ ਹੁਣ ਡੈਡੀ ਕੋਲ ਚਲਦੇ ਹਾਂ।'

(ਸ਼ੁਭਮ ਅਤੇ ਪਾਲੀ ਪ੍ਰਿੰਸੀਪਲ ਦੇ ਕਮਰੇ ’ਚ ਚਲੇ ਜਾਂਦੇ ਹਨ।)

ਪ੍ਰਿੰਸੀਪਲ – (ਦੋਨਾਂ ਨੂੰ ਕੁਰਸੀਆਂ ’ਤੇ ਬੈਠਣ ਦਾ ਇਸ਼ਾਰਾ ਕਰਕੇ) ‘ਬੈਠ ਜਾਓ’ (ਦੋਨੋਂ ਬੈਠ ਜਾਂਦੇ ਹਨ।)

ਸ਼ੁਭਮ – ‘ਡੈਡੀ ਜੀ, ਬਹੁਤ ਹੋਣਹਾਰ ਕੁੜੀ ਐ, ਕਿਉਂ ਨਾ ਅਸੀਂ ਇਹਨੂੰ ਆਪਣੇ ਆਫਿਸ ਵਿੱਚ ਹੀ ਅਡਜਸਟ ਕਰ ਲਈਏ?’

ਪ੍ਰਿੰਸੀਪਲ – ‘ਵਿਚਾਰ ਕੀਤੀ ਜਾ ਸਕਦੀ ਐ ਪੁੱਤਰ। ਹੁਣ ਤੂੰ ਇਹਨੂੰ ਆਪਣੀ ਗੱਡੀ ’ਚ ਲੈ ਜਾ, ਤੇ ਇਨ੍ਹਾਂ ਦੇ ਘਰ ਦੇ ਕੋਲ ਜਾ ਕੇ ਛੱਡ ਆ।’

ਸ਼ੁਭਮ – ‘ਠੀਕ ਐ ਡੈਡੀ।’ ਦੋਨੋਂ ਉੱਠ ਕੇ ਤੁਰ ਪੈਂਦੇ ਹਨ।

**ਦ੍ਰਿਸ਼ ਚੌਦ੍ਹਵਾਂ**

ਸਥਾਨ – ਬੈਂਕ

ਪਾਤਰ – ਸੁੱਖੀ ਅਤੇ ਗੋਪੀ

**ਉਦੇਸ਼ :** ਸੁੱਖੀ ਅਤੇ ਗੋਪੀ ਦਾ ਬੈਂਕ ਵਿੱਚ ਮਿਲਾਪ

(ਸੁੱਖੀ ਬੈਂਕ ’ਚੋਂ ਪੈਸੇ ਕਢਵਾਉਣ ਜਾਂਦੀ ਹੈ। ਉਹਨੇ ਆਪਣਾ ਚੈੱਕ ਪਾਸ ਕਰਵਾਉਣ ਲਈ ਅਸਿਸਟੈਂਟ ਮੈਨੇਜਰ ਨੂੰ ਫੜਾਇਆ। ਮੈਨੇਜਰ ਨੇ ਸੁੱਖਵਿੰਦਰ ਨਾਮ ਪੜ੍ਹ ਕੇ ਉਹਦੇ ਵੱਲ ਦੇਖਿਆ। ਸੁੱਖੀ ਤੇ ਗੋਪੀ ਦੀ ਨਜ਼ਰ ਭਿੜ ਗਈ।

ਮੈਨੇਜਰ – (ਸੁੱਖੀ ਵੱਲ ਨੂੰ ਉਂਗਲੀ ਕਰਕੇ) ‘ਸੁੱਖੀ’।

ਸੁੱਖੀ – ‘ਹਾਂ ਗੋਪੀ ਸਰ ਜੀ, ਮੈਂ ਤੁਹਾਨੂੰ ਪਛਾਣ ਲਿਆ। ਤੁਸੀਂ ਇਹ ਜੌਬ ਕਦੋਂ ਜੁਆਇਨ ਕਰ ਲਈ?’

ਗੋਪੀ – ‘ਅਜੇ ਥੋੜ੍ਹਾ ਚਿਰ ਹੀ ਹੋਇਆ। ਉਹ ਨੌਕਰੀ ਪ੍ਰਾਈਵੇਟ ਸੀ, ਇਹ ਸਰਕਾਰੀ ਐ।’

ਸੁੱਖੀ – (ਆਪਣਾ ਚੈੱਕ ਫੜ ਕੇ) ‘ਅੱਛਾ ਸਰ ਜੀ, ਹੁਣ ਫਿਰ ਮਿਲਾਂਗੇ।’

ਇੰਨਾ ਕਹਿ ਕੇ ਸੁੱਖੀ ਕੈਸ਼ੀਅਰ ਦੇ ਕਾਊਂਟਰ ’ਤੇ ਚਲੀ ਗਈ।

**ਦ੍ਰਿਸ਼ ਪੰਦਰ੍ਹਵਾਂ**

ਸਥਾਨ– ਬੈਂਕ ਮੈਨੇਜਰ ਦਾ ਆਫਿਸ

ਪਾਤਰ – ਬੈਂਕ ਮੈਨੇਜਰ, ਵਿਦਿਆ ਸਾਗਰ

**ਉਦੇਸ਼ :** ਬੈਂਕ ਮੈਨੇਜਰ ਨੇ ਵਿਦਿਆ ਸਾਗਰ ਤੋਂ ਪਾਲੀ ਦਾ ਐਡਰੈੱਸ ਲੈਣਾ।

(ਬੈਂਕ ਮੈਨੇਜਰ ਦੇ ਆਫ਼ਿਸ ’ਚ ਬੈਂਕ ਮੈਨੇਜਰ ਤੇ ਵਿਦਿਆ ਸਾਗਰ ਆਹਮੋ ਸਾਹਮਣੇ ਬੈਠੇ ਹਨ।

ਮੈਨੇਜਰ – ਵਿਦਿਆ ਸਾਗਰ ਜੀ, ਅੱਜਕੱਲ ਤਾਂ ਤੁਹਾਡਾ ਕਾਲਜ ਨੰਬਰ ਵੰਨ ’ਤੇ ਆ ਗਿਆ। ਵਈ ਕਮਾਲ ਹੀ ਕਰ ਦਿੱਤੀ ਐ, ਸੌ ’ਚੋਂ ਸੌ ਨੰਬਰ ਲੈ ਗਿਆ ਤੁਹਾਡਾ ਕਾਲਜ।’

ਵਿਦਿਆ ਸਾਗਰ – ‘ਮੈਨੇਜਰ ਸਾਬ, ਇਹ ਸਭ ਤੁਹਾਡੇ ਆਸ਼ੀਰਵਾਦ ਦਾ ਹੀ ਪ੍ਰਤਾਪ ਐ, ਨਹੀਂ ਤਾਂ ਅਸੀਂ ਇਸ ਜੋਗੇ ਕਿੱਥੇ ਸੀ।’

ਮੈਨੇਜਰ – ‘ਕੀ ਨਾਂ ਸੀ ਉਸ ਕੁੜੀ ਦਾ?’

ਵਿਦਿਆ ਸਾਗਰ – ‘ਨਾਂ ਤਾਂ ਉਹਦਾ ਵੀਰਪਾਲ ਕੌਰ ਐ, ਸਰ ਆਮ ਲੋਕ ਉਹਨੂੰ ‘ਪਾਲੀ’ ਹੀ ਕਹਿੰਦੇ ਹਨ।’

ਮੈਨੇਜਰ – ‘ਸਾਨੂੰ ਉਹਦਾ ਐਡਰੈੱਸ ਵ੍ਹਟਸਐਪ ਕਰ ਦਿਓ ਤਾਂ ਕਿ ਅਸੀਂ ਉਹਨੂੰ ਮੁਬਾਰਕਬਾਦ ਵੀ ਦਈਏ ਅਤੇ ਉਹ ਸਾਡੀ ਬੈਂਕ ਦੀ ਜੌਬ ਸਵੀਕਾਰ ਕਰਕੇ ਸਾਡੀ ਬੈਂਕ ਨੂੰ ਮਾਣ ਬਖ਼ਸ਼ੇ।’

ਵਿਦਿਆ ਸਾਗਰ – ‘ਮੈਨੇਜਰ ਸਾਬ ਤੁਸੀਂ ਬਹੁਤ ਦੂਰ ਦੀ ਸੋਚੀ ਐ, ਇਹੋ ਤਾਂ ਤੁਹਾਡੀ ਸਿਆਣਪ ਐ, ਕਿਉਂਕਿ ਇੱਥੇ ਹੋਣਹਾਰ ਬੱਚਾ ਕੋਈ ਕੋਈ ਹੀ ਹੁੰਦਾ ਹੈ।’

(ਚਪੜਾਸੀ ਦੋ ਕੱਪ ਚਾਹ ਅਤੇ ਇੱਕ ਪਲੇਟ ਦਰ ਥੋੜ੍ਹੇ ਜਿਹੇ ਬਿਸਕੁਟ ਲਿਆ ਕੇ ਟੇਬਲ ’ਤੇ ਰੱਖ ਕੇ ਚਲਾ ਗਿਆ। ਦੋਨੋਂ ਵਿਅਕਤੀ ਚਾਹ ਦੀਆਂ ਚੁਸਕੀਆਂ ਵੀ ਲਾ ਰਹੇ ਹਨ ਅਤੇ ਗੱਲਾਂ ਵੀ ਕਰੀ ਜਾ ਰਹੇ ਹਨ।)

ਮੈਨੇਜਰ – ‘ਹੋਰ ਕੋਈ ਸਾਡੇ ਲਾਇਕ ਸੇਵਾ ਹੋਵੇ ਤਾਂ ਦੱਸਿਓ?’

ਵਿਦਿਆ ਸਾਗਰ – ‘ਓ ਸਾਬ ਜੀ, ਸਾਡਾ ਤਾਂ ਕਾਲਜ ਹੀ ਤੁਹਾਡੇ ਆਸਰੇ ਚੱਲਦੈ।’

ਮੈਨੇਜਰ – ‘ਜਾਣ ਦਿਓ ਕਿਉਂ ਸ਼ਰਮਿੰਦਾ ਕਰਦੇ ਓ।’

(ਇੰਨੇ ਨੂੰ ਇੱਕ ਹੋਰ ਤੀਵੀਂ ਆਦਮੀ ਮੈਨੇਜਰ ਨੂੰ ਮਿਲਣ ਆ ਗਏ।’

ਵਿਦਿਆ ਸਾਗਰ – ‘ਅੱਛਾ ਬਾਊ ਜੀ, ਮੈਂ ਹੁਣ ਚਲਸਦੈਂ, ‘ਨਮਸਤੇ’।

(ਵਿਦਿਆ ਸਾਗਰ ਉੱਠ ਕੇ ਚਲਾ ਗਿਆ।)

**ਦ੍ਰਿਸ਼ ਸੋਲ੍ਹਵਾਂ**

ਸਥਾਨ – ਸੋਹਣ ਸਿੰਘ ਦਾ ਘਰ

ਪਾਤਰ – ਸੋਹਣ ਸਿੰਘ, ਪਾਲੀ, ਡਾਕੀਆ

**ਉਦੇਸ਼ :** ਪਾਲੀ ਨੂੰ ਬੈਂਕ ’ਚ ਨੌਕਰੀ ਲਈ ਚਿੱਠੀ ਮਿਲਣੀ

(ਸੋਹਣ ਸਿੰਘ ਦੇ ਘਰ ਦੀ ਡੋਰ ਬੈੱਲ ਵੱਜਦੀ ਹੈ। ਪਾਲੀ ਜਾ ਕੇ ਗੇਟ ਖੋਲ੍ਹਦੀ ਹੈ। ਡਾਕੀਆ ਪਾਲੀ ਨੂੰ ਚਿੱਠੀ ਫੜਾ ਕੇ ਚਲਾ ਗਿਆ। ਪਾਲੀ ਗੇਟ ਬੰਦ ਕਰ ਕੇ ਅੰਦਰ ਆ ਗਈ।)

ਪਾਲੀ – (ਸੋਹਣ ਸਿੰਘ ਕੁਰਸੀ 'ਤੇ ਬੈਠਾ ਹੋਇਆ ਹੈ। ਪਾਲੀ ਨੇ ਚਿੱਠੀ ਖੋਲ੍ਹ ਕੇ ਪੜ੍ਹੀ।) 'ਡੈਡੀ ਜੀ ਮੁਬਾਰਕਾਂ, ਮੈਨੂੰ ਬੈਂਕ 'ਚ ਜੌਬ ਮਿਲ ਗਈ।'

ਸੋਹਣ ਸਿੰਘ – 'ਬੇਟਾ ਤੂੰ ਬੈਂਕ 'ਚ ਜੌਬ ਲਈ ਅਪਲਾਈ ਕੀਤਾ ਸੀ?'

ਪਾਲੀ – 'ਨਈਂ ਡੈਡੀ ਜੀ, ਮੈਂ ਤਾਂ ਕਦੇ ਕਿਤੇ ਵੀ ਅਪਲਾਈ ਨਹੀਂ ਕੀਤਾ। ਇਹ ਸਭ ਮੇਰੇ ਐਗਜ਼ਾਮ ਦੇ ਰਿਜਲਟ ਦੀ ਕਰਾਮਾਤ ਹੈ।'

ਸੋਹਣ ਸਿੰਘ – 'ਇਹੋ ਫਾਇਦਾ ਹੁੰਦਾ ਚੰਗੀ ਪੜ੍ਹਾਈ ਦਾ।'

ਪਾਲੀ – 'ਹਾਂ ਡੈਡੀ ਜੀ, ਥਰਡ ਕਲਾਸ ਪਾਸ ਹੋਣਾ ਤਾਂ ਫੇਲ੍ਹ ਹੋਣ ਦੇ ਬਰਾਬਰ ਹੁੰਦਾ।'

ਸੋਹਣ ਸਿੰਘ – (ਆਪਣੀ ਘਰ ਵਾਲੀ ਨੂੰ) 'ਧਰਮ ਕੌਰੇ, ਕੁੜੀ ਦਾ ਮੂੰਹ ਮਿੱਠਾ ਕਰਾ, ਇਹਨੂੰ ਬੈਂਕ 'ਚ ਜੌਬ ਮਿਲ ਗਈ ਐ।'

**ਦ੍ਰਿਸ਼ ਸਤਾਰ੍ਹਵਾਂ**

ਸਥਾਨ – ਬੈਂਕ

ਪਾਤਰ – ਬੈਂਕ ਮੈਨੇਜਰ, ਗੋਪੀ, ਚਪੜਾਸੀ, ਪਾਲੀ

**ਉਦੇਸ਼** : ਪਾਲੀ ਨੂੰ ਬੈਂਕ 'ਚ ਜੌਬ ਮਿਲ ਗਈ

(ਬੈਂਕ ਮੈਨੇਜਰ ਦੇ ਆਫ਼ਿਸ ਵਿੱਚ ਬੈਂਕ ਮੈਨੇਜਰ ਅਤੇ ਪਾਲੀ ਬੈਠੇ ਹਨ। ਮੈਨੇਜਰ ਨੇ ਬੈੱਲ ਮਾਰੀ, ਚਪੜਾਸੀ ਆ ਗਿਆ।)

ਮੈਨੇਜਰ – (ਚਪੜਾਸੀ ਨੂੰ) 'ਗੁਰਪ੍ਰੀਤ ਨੂੰ ਬੁਲਾਓ।' (ਚਪੜਾਸੀ ਚਲਾ ਗਿਆ)

ਗੁਰਪ੍ਰੀਤ – (ਮੈਨੇਜਰ ਨੂੰ) 'ਯੈਸ ਸਰ।'

ਮੈਨੇਜਰ – 'ਗੁਰਪ੍ਰੀਤ!' ਇਹ ਵੀਰਪਾਲ ਕੌਰ ਐ, ਇਹਨੂੰ ਤੁਸੀਂ ਆਪਣੇ ਨਾਲ ਰੱਖੋ ਅਤੇ ਸਾਰਾ ਕੰਮ ਸਮਝਾਓ।'

ਗੁਰਪ੍ਰੀਤ – 'ਠੀਕ ਐ ਸਰ, (ਵੀਰਪਾਲ ਕੌਰ ਨੂੰ) ਆਓ ਜੀ') (ਵੀਰਪਾਲ ਕੌਰ ਗੁਰਪ੍ਰੀਤ ਦੇ ਨਾਲ ਚਲੀ ਗਈ।)

(ਗੁਰਪ੍ਰੀਤ ਆਪਣੀ ਕੈਬਿਨ ਵਿੱਚ ਜਾ ਕੇ ਆਪਣੀ ਕੁਰਸੀ 'ਤੇ ਬੈਠ ਗਿਆ ਅਤੇ ਵੀਰਪਾਲ ਨੂੰ ਨਾਲ ਪਈ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ। ਵੀਰਪਾਲ ਕੌਰ ਬੈਠ ਗਈ।)

ਪਾਲੀ – 'ਸਰ ਜੀ, ਮੈਂ ਤਾਂ ਤੁਹਾਨੂੰ ਦੇਖਦਿਆਂ ਹੀ ਪਛਾਣ ਲਿਆ ਸੀ, ਕਿ ਇਹ ਸਾਡੇ ਗੋਪੀ ਸਰ ਨੇ।'

ਗੋਪੀ – 'ਤੂੰ ਇੱਥੇ ਸਰਵਿਸ ਲਈ ਅਪਲਾਈ ਕੀਤਾ ਸੀ।'

ਪਾਲੀ – 'ਨਈਂ ਸਰ ਜੀ, ਮੈਂ ਆਪਣੇ ਐਗਜ਼ਾਮ 'ਚ ਪੰਜਾਬ 'ਚੋਂ ਫਸਟ ਆਈ ਸੀ, ਬਸ ਇਨ੍ਹਾਂ ਨੇ ਮੈਨੂੰ ਲੈਟਰ ਭੇਜ ਕੇ ਘਰੋਂ ਸੱਦ ਲਿਆ।'

ਗੋਪੀ – 'ਹੁਣ ਸਾਡਾ ਲੰਚ ਟਾਈਮ ਹੋ ਗਿਆ ਹੈ, ਤਾਂ ਆਪਾਂ ਪਹਿਲਾਂ ਲੰਚ ਕਰਦੇ ਹਾਂ।'

ਪਾਲੀ – 'ਨਈਂ ਸੀ, ਖਾਣਾ ਤਾਂ ਮੈਂ ਹੁਣੇ ਘਰੋਂ ਖਾ ਕੇ ਆਈ ਹਾਂ।'

ਗੋਪੀ – 'ਫਿਰ ਕੀ ਹੋਇਆ, ਅਸੀਂ ਸਾਰੇ ਖਾਣਾ ਖਾਵਾਂਗੇ, ਤਾਂ ਤੁਸੀਂ ਇੱਥੇ ਇੱਦਾਂ ਬੈਠੇ ਚੰਗੇ ਲੱਗੋਗੇ?'

(ਚਪੜਾਸੀ ਨੇ ਗੋਪੀ ਦਾ ਟਿਫਨ ਲਿਆ ਕੇ ਉਹਦੇ ਕੋਲ ਪਏ ਲੱਕੜ ਦੇ ਸਟੂਲ 'ਤੇ ਰੱਖ ਦਿੱਤਾ। ਗੋਪੀ ਨੇ ਟਿਫਨ ਵਿੱਚੋਂ ਪਹਿਲੀ ਰੋਟੀ ਕੱਢ ਕੇ ਪਾਲੀ ਨੂੰ ਫੜਾਈ ਅਤੇ ਉਹ ਦੋਨੋਂ ਖਾਣਾ ਖਾਣ ਲੱਗ ਪਏ।)

**ਦ੍ਰਿਸ਼ ਅਠਾਰ੍ਹਵਾਂ**

ਸਥਾਨ – ਬੈਂਕ

ਪਾਤਰ – ਪਾਲੀ ਤੇ ਸ਼ੁਭਮ

**ਉਦੇਸ਼** : ਸ਼ੁਭਮ ਨੇ ਪਾਲੀ ਨੂੰ ਆਪਣੇ ਘਰ ਆਉਣ ਲਈ ਕਹਿਣਾ।

(ਪਾਲੀ ਦੇ ਮੋਬਾਈਲ ਦੀ ਬੈੱਲ ਹੋਈ।)

ਪਾਲੀ – 'ਹੈਲੋ'

ਸ਼ੁਭਮ – 'ਪਾਲੀ ਮੈਂ ਸ਼ੁਭਮ ਬੋਲਦਾਂ।'

ਪਾਲੀ = 'ਹਾਂ ਜੀ ਦੱਸੋ?'

ਸ਼ੁਭਮ – 'ਤੈਨੂੰ ਪਿਤਾ ਜੀ ਨੇ ਬੁਲਾਇਆ ਹੈ, ਤੂੰ ਕੱਲ੍ਹ ਨੂੰ ਆ ਕੇ ਪਿਤਾ ਜੀ ਨੂੰ ਮਿਲੀਂ।'

ਪਾਲੀ – 'ਠੀਕ ਐ ਜੀ, ਮੈਂ ਕੱਲ੍ਹ ਆ ਜਾਵਾਂਗੀ।' (ਕਹਿ ਕੇ ਪਾਲੀ ਨੇ ਮੋਬਾਇਲ ਬੰਦ ਕਰ ਦਿੱਤਾ।)

ਦ੍ਰਿਸ਼ ਉਨੀਵਾਂ

ਸਥਾਨ – ਵਿਦਿਆ ਸਾਗਰ ਦਾ ਆਫ਼ਿਸ

ਪਾਤਰ– ਵਿਦਿਆ ਸਾਗਰ, ਸ਼ੁਭਮ ਅਤੇ ਪਾਲੀ

**ਉਦੇਸ਼** : ਪਾਲੀ ਨੇ ਸ਼ੁਭਮ ਨੂੰ ਪੜ੍ਹਾਉਣ ਲਈ ਹਾਂ ਕੀਤੀ

(ਵਿਦਿਆ ਸਾਗਰ ਆਪਣੇ ਆਫ਼ਿਸ ਵਿੱਚ ਬੈਠੇ ਹਨ। ਉਨ੍ਹਾਂ

ਦੇ ਸਾਹਮਣੇ ਹੀ ਸ਼ੁਭਮ ਅਤੇ ਪਾਲੀ ਕੁਰਸੀਆਂ 'ਤੇ ਬੈਠੇ ਹਨ।)

ਵਿਦਿਆ ਸਾਗਰ – 'ਪਾਲੀ ਬੇਟਾ, ਬੈਂਕ ਦੀ ਨੌਕਰੀ ਵਿੱਚ ਤੂੰ ਖ਼ੁਸ਼ ਏਂ?'

ਪਾਲੀ – 'ਹਾਂ ਸਰ ਜੀ, ਮੈਂ ਬਿਲਕੁਲ ਖ਼ੁਸ਼ ਹਾਂ।'

ਵਿਦਿਆ ਸਾਗਰ – 'ਪਰ ਬੇਟਾ, ਸ਼ੁਭਮ ਚਾਹੁੰਦਾ ਹੈ ਕਿ ਤੂੰ ਇਸ ਕਾਲਜ ਨੂੰ ਸੰਭਾਲੇਂ।'

ਪਾਲੀ – 'ਪਰ ਸਰ, ਮੈਂ ਬੈਂਕ ਦੀ ਨੌਕਰੀ ਛੱਡਣਾ ਨਈਂ ਚਾਹੁੰਦੀ।'

ਵਿਦਿਆ ਸਾਗਰ – 'ਬੇਟਾ, ਹੁਣ ਮੈਂ ਤੈਨੂੰ ਅਸਲੀ ਗੱਲ ਦੱਸਾਂ?'

ਪਾਲੀ – 'ਹਾਂ ਸਰ ਦੱਸੋ।'

ਵਿਦਿਆ ਸਾਗਰ – 'ਸ਼ੁਭਮ ਚਾਹੁੰਦਾ ਹੈ ਕਿ ਪਾਲੀ ਮੈਨੂੰ ਪੜ੍ਹਾਵੇ, ਮੈਂ ਪਾਲੀ ਵੱਲੋਂ ਪੜ੍ਹਨਾ ਚਾਹੁੰਦਾ ਹਾਂ।'

ਪਾਲੀ – 'ਸਰ ਮੈਂ ਆਪ ਜੀ ਨੂੰ ਇਨਕਾਰ ਤਾਂ ਨਈਂ ਕਰ ਸਕਦੀ, ਪਰ ਮੈਂ ਸਵੇਰ ਨੂੰ ਬੈਂਕ ਟਾਈਮ ਤੋਂ ਪਹਿਲਾਂ ਇਹਨੂੰ ਇੱਕ ਘੰਟਾ ਟਿਊਸ਼ਨ ਦੇ ਜਾਇਆ ਕਰੂੰਗੀ।'

ਵਿਦਿਆ ਸਾਗਰ – 'ਪਰ ਬੇਟਾ ਸਵੇਰ ਦਾ ਨਾਸ਼ਤਾ ਤੂੰ ਹਰ ਰੋਜ਼ ਇੱਥੇ ਆ ਕੇ ਕਰਨੈ।'

ਪਾਲੀ – 'ਠੀਕ ਐ ਸਰ, ਸਰ ਜੀ ਮੈਨੂੰ ਇਜਾਜ਼ਤ ਐ ਹੁਣ?'

ਵਿਦਿਆ ਸਾਗਰ – 'ਹਾਂ ਬੇਟਾ, ਤੁਸੀਂ ਜਾਓ।' (ਪਾਲੀ ਉੱਠ ਕੇ ਚਲੇ ਗਈ।)

**ਦ੍ਰਿਸ਼ ਬੀਹਵਾਂ**

ਸਥਾਨ – ਵਿਦਿਆ ਸਾਗਰ ਦਾ ਘਰ

ਪਾਤਰ – ਸ਼ੁਭਮ ਅਤੇ ਪਾਲੀ

**ਉਦੇਸ਼** : ਸ਼ੁਭਮ ਪਾਲੀ ਅੱਗੇ ਆਪਣੇ ਪ੍ਰੇਮ ਦਾ ਪ੍ਰਗਟਾਵਾ ਕਰਦਾ ਹੈ।

(ਘਰ ਦੀ ਲੌਬੀ ਵਿੱਚ ਸ਼ੁਭਮ ਅਤੇ ਪਾਲੀ ਸੋਫੇ 'ਤੇ ਬੈਠੇ ਹਨ।)

ਪਾਲੀ – 'ਹਾਂ ਜੀ ਸ਼ੁਭਮ ਜੀ, ਦੱਸੋ ਕੀ ਪੜ੍ਹਨਾ ਚਾਹੁੰਦੇ ਹੋ?'

ਸ਼ੁਭਮ – 'ਪ੍ਰੇਮ ਪ੍ਰੇਮ ਸਭ ਕੋਇ ਕਹੈ, ਪ੍ਰੇਮ ਨਾਹੀ ਚੀਨ੍ਹੈ ਕੋਇ। ਆਠ ਪਹਰ ਭੀਨਾ ਰਹੈ ਪ੍ਰੇਮ ਕਹਾਵੈ ਸੋਇ।'

ਪਾਲੀ – 'ਇਹਦਾ ਮਤਲਬ ਐ, ਕਿ ਤੁਸੀਂ ਪ੍ਰੇਮ ਦੇ ਸਾਗਰ ਵਿੱਚ ਡੁਬਕੀ ਲਾਉਣਾ ਚਾਹੁੰਦੇ ਹੋ।'

ਸ਼ੁਭਮ – 'ਹਾਂ'।

ਪਾਲੀ – 'ਜੇ ਤੁਸੀਂ ਸਾਗਰ ਵਿੱਚ ਡੁੱਬ ਗਏ?'

ਸ਼ੁਭਮ – 'ਡੁੱਬਣਾ ਹੀ ਤਾਂ ਮੈਂ ਚਾਹੁੰਦਾ ਹਾਂ, ਕਿਉਂਕਿ ਜਦੋਂ ਮੈਂ ਪ੍ਰੇਮ ਸਾਗਰ ਵਿੱਚ ਡੁੱਬ ਜਾਵਾਂਗਾ, ਫਿਰ ਮੈਨੂੰ ਹਰ ਪਾਸੇ ਪ੍ਰੇਮ ਹੀ ਪ੍ਰੇਮ ਦਿੱਸੇਗਾ ਅਤੇ ਮੈਂ ਪ੍ਰੇਮ ਰੂਪ ਹੋ ਜਾਵਾਂਗਾ।'

ਪਾਲੀ – 'ਦੇਖ ਲੈ, ਪ੍ਰੇਮ ਰੂਪ ਹੋਣ ਲਈ ਆਪਣਾ ਕਾਰੋਬਾਰ, ਘਰ ਬਾਰ, ਆਪਣਾ ਪਰਿਵਾਰ, ਸਭ ਕੁੱਛ ਛੱਡਣਾ ਪੈਣੈ।'

ਸ਼ੁਭਮ – 'ਮੈਂ ਸਭ ਕੁੱਛ ਛੱਡਣ ਲਈ ਤਿਆਰ ਹਾਂ।'

ਪਾਲੀ – 'ਹੁਣ ਸਵਾਲ ਇਹ ਪੈਦਾ ਹੁੰਦੈ, ਕਿ ਤੁਸੀਂ ਪਿਆਰ ਕਿਹਦੇ ਨਾਲ ਕਰਨਾ ਚਾਹੁੰਦੇ ਹੋ?'

ਸ਼ੁਭਮ – 'ਹੈਰਾਨੀ ਦੀ ਗੱਲ ਤਾਂ ਇਹੋ ਹੈ, ਕਿ ਪਿਆਰ ਹੀ ਪੁੱਛ ਰਿਹਾ ਹੈ, ਕਿ ਤੁਸੀਂ ਪਿਆਰ ਕਿਹਦੇ ਨਾਲ ਕਰਨਾ ਚਾਹੁੰਦੇ ਹੋ?'

ਪਾਲੀ – 'ਮਹਿਵਾਲ ਨੇ ਸੋਹਣੀ ਨਾਲ ਪਿਆਰ ਕੀਤਾ ਸੀ, ਉਹ ਆਪਣੇ ਪਿਆਰ ਨੂੰ ਪਾਉਣ ਲਈ ਦਰਿਆ ਵਿੱਚ ਡੁੱਬ ਕੇ ਮਰ ਗਿਆ ਸੀ।'

ਸ਼ੁਭਮ – 'ਮੈਂ ਉਹ ਪ੍ਰਵਾਨਾ ਹਾਂ, ਜਿਹੜਾ ਸ਼ਮਾਂ ਤੋਂ ਕੁਰਬਾਨ ਹੋਣ ਲਈ, ਅਪਣੀ ਜਾਨ ਦੀ ਵੀ ਪਰਵਾਹ ਨਹੀਂ ਕਰਦਾ।'

ਪਾਲੀ – 'ਤੁਹਾਨੂੰ ਤਾਂ ਕੋਈ ਫਿਲਮੀ ਐਕਟਰ ਹੋਣਾ ਚਾਹੀਦਾ ਸੀ ਕਿਉਂਕਿ ਤੁਹਾਡੀ ਡਾਇਲੌਗ ਡਲਿਵਰੀ ਕਮਾਲ ਦੀ ਹੈ। ਇਹ ਤਾਂ ਸੀ ਅੱਜ ਦਾ ਸਬਕ, ਕੱਲ ਦੀ ਕੱਲ ਨੂੰ ਦੇਖਾਂਗੇ।'

**ਦ੍ਰਿਸ਼ ਇਕੀਵਾਂ**

ਸਥਾਨ – ਸ਼ੁਭਮ ਦਾ ਘਰ

ਪਾਤਰ – ਸ਼ੁਭਮ ਤੇ ਪਾਲੀ

**ਉਦੇਸ਼** : ਸ਼ੁਭਮ ਨੇ ਪਾਲੀ ਨੂੰ ਪਾਰਟੀ 'ਚ ਜਾਣ ਲਈ ਬੁਲਾਉਣਾ

(ਸ਼ੁਭਮ ਪਾਲੀ ਨੂੰ ਫੋਨ ਕਰਦਾ ਹੈ।)

ਪਾਲੀ – 'ਹੈਲੋ।'

ਸ਼ੁਭਮ – 'ਅੱਜ ਐਤਵਾਰ ਦੀ ਛੁੱਟੀ ਹੈ ਨਾ ਬੈਂਕ ਚੋਂ?'

ਪਾਲੀ –'ਹਾਂ, ਬੈਂਕ 'ਚੋਂ ਤਾਂ ਛੁੱਟੀ ਐ, ਕੋਈ ਕੰਮ ਸੀ?'

ਸ਼ੁਭਮ – 'ਅੱਜ ਮੇਰੇ ਦੋਸਤ ਦੇ ਘਰ ਪਾਰਟੀ ਐ, ਤੂੰ ਤਿਆਰ ਹੋ ਕੇ ਆ ਜਾ।'

ਪਾਲੀ – 'ਠੀਕ ਐ, ਮੈਂ ਤਿਆਰ ਹੋ ਕੇ ਆ ਜਾਨੀ ਆਂ।'

(ਸ਼ੁਭਮ ਗੱਡੀ 'ਤੇ ਕੱਪੜਾ ਮਾਰ ਰਿਹਾ ਹੈ। ਪਾਲੀ ਆ ਜਾਂਦੀ

ਹੈ।)

ਸ਼ੁਭਮ – (ਪਾਲੀ ਨੂੰ) 'ਆ ਗਈ ਤੂੰ?'

ਪਾਲੀ – 'ਹਾਂ ਜੀ, ਆ ਗਈ।'

ਸ਼ੁਭਮ – 'ਬੈਠ ਗੱਡੀ 'ਚ, ਅਸੀਂ ਪਹਿਲਾਂ ਹੀ ਲੇਟ ਹਾਂ।'

(ਸ਼ੁਭਮ ਤੇ ਪਾਲੀ ਗੱਡੀ 'ਚ ਬੈਠ ਕੇ ਚਲੇ ਗਏ)

**ਦ੍ਰਿਸ਼ ਬਾਈਵਾਂ**

ਸਥਾਨ – ਪੈਲਿਸ ਦੀ ਕਾਰ ਪਾਰਕਿੰਗ

ਪਾਤਰ – ਸ਼ੁਭਮ., ਪਾਲੀ ਅਤੇ ਹੋਰ ਪਾਰਟੀ ਦੀ ਭੀੜ

**ਉਦੇਸ਼** : ਪਾਲੀ ਨੂੰ ਪਤਾ ਲੱਗਣਾ ਕਿ ਸ਼ੁਭਮ ਨਸ਼ੇੜੀ ਹੈ।

(ਸ਼ੁਭਮ ਦੀ ਕਾਰ ਕਾਰਪਾਰਕਿੰਗ ਵਿੱਚ ਜਾ ਕੇ ਰੁਕੀ। ਸ਼ੁਭਮ ਤੇ ਪਾਲੀ ਕਾਰ 'ਚੋਂ ਨਿਕਲ ਕੇ ਹਾਲ ਵਿੱਚ ਚਲੇ ਜਾਂਦੇ ਹਨ। ਬੈਂਡ ਬਾਜੇ ਬੱਜ ਰਹੇ ਹਨ। ਇੰਗਲਿਸ਼ ਡਾਂਸ ਹੋ ਰਿਹਾ ਹੈ। ਵੇਟਰ ਪੈੱਗ ਸਰਵ ਕਰ ਰਹੇ ਹਨ। ਸ਼ੁਭਮ ਨੇ ਵੇਟਰ ਦੀ ਟ੍ਰੇ 'ਚੋਂ ਇੱਕ ਪੈੱਗ ਚੁੱਕਿਆ।)

ਸ਼ੁਭਮ – (ਵੇਟਰ ਨੂੰ) 'ਮੈਡਮ ਨੂੰ ਇੱਕ ਸਪੈਸ਼ਲ ਕੋਕਾ ਕੋਲਾ ਲਿਆ ਦੇ।'

ਵੇਟਰ – 'ਹੁਣੇ ਲਓ ਜੀ।' (ਕਹਿ ਕੇ ਚਲਾ ਗਿਆ। ਮੈਡਮ ਇੱਧਰ ਉੱਧਰ ਦੇਖ ਰਹੀ ਹੈ। ਵੇਟਰ ਕੋਕਾ ਕੋਲਾ ਦਾ ਪੈੱਗ ਲੈ ਕੇ ਮੈਡਮ ਕੋਲ ਆ ਜਾਂਦਾ ਹੈ। ਮੈਡਮ ਨੇ ਟ੍ਰੇ 'ਚੋਂ ਕੱਪ ਚੁੱਕਿਆ ਅਤੇ ਸਿੱਪ ਸਿੱਪ ਕਰ ਕੇ ਪੀਣ ਲੱਗ ਪਈ। ਪੈੱਗ ਖਾਲੀ ਕਰ ਕੇ ਕੋਲ ਹੀ ਪਏ ਇਕ ਟੇਬਲ 'ਤੇ ਰੱਖ ਦਿੱਤਾ। ਸ਼ੁਭਮ ਅਤੇ ਪਾਲੀ ਵੀ ਇੰਗਲਿਸ਼ ਡਾਂਸ ਕਰਨ ਲੱਗ ਪਏ। ਥੋੜ੍ਹੀ ਦੇਰ ਬਾਅਦ ਹੀ ਸ਼ੁਭਮ ਡਾਂਸ ਕਰਦਾ ਕਰਦਾ ਡਿੱਗ ਪਿਆ ਅਤੇ ਲੱਤਾਂ ਬਾਹਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।)

ਸ਼ੁਭਮ – 'ਮੈਨੂੰ ਨਸ਼ਾ ਦਿਓ, ਮੈਨੂੰ ਨਸ਼ਾ ਦਿਓ, ਕਰਨ ਲੱਗ ਪਿਆ। ਇੱਕ ਵਿਅਕਤੀ ਨੇ ਆ ਕੇ ਸ਼ੁਭਮ ਦੀ ਨਾੜ 'ਚ ਇੰਜੈਕਸ਼ਨ ਲਗਾ ਦਿੱਤਾ। ਸ਼ੁਭਮ ਉੱਠ ਕੇ ਖੜ੍ਹਾ ਹੋ ਕੇ ਪਾਲੀ ਵੱਲ ਦੇਖਣ ਲੱਗ ਪਿਆ।

ਸ਼ੁਭਮ – (ਪਾਲੀ ਤੋਂ ਨਸ਼ਾ ਛੁਡਾਉਣ ਲਈ) 'ਪਾਲੀ, ਪਤਾ ਨਈਂ ਕਿਉਂ, ਮੈਨੂੰ ਚੱਕਰ ਆਇਆ, ਮੈਂ ਡਿੱਗ ਪਿਆ।'

ਪਾਲੀ – 'ਮੈਨੂੰ ਪਤਾ ਲੱਗ ਗਿਆ, ਤੁਸੀਂ ਨਸ਼ਾ ਕਰਦੇ ਓ।'

ਸ਼ੁਭਮ – 'ਨਈਂ ਪਾਲੀ, ਮੈਨੂੰ ਚੱਕਰ ਆ ਗਿਆ ਸੀ, ਤਾਹੀਉਂ ਮੈਂ ਡਿੱਗ ਪਿਆ?'

ਪਾਲੀ – 'ਚਲੋ ਹੁਣ ਘਰ ਨੂੰ ਚਲੀਏ।'

(ਦੋਨੋਂ ਹਾਲ 'ਚੋਂ ਬਾਹਰ ਆ ਜਾਂਦੇ ਹਨ।)

**ਦ੍ਰਿਸ਼ ਤੇਈਸਵਾਂ**

(ਚਲਦੀ ਕਾਰ ਦੇ ਅੰਦਰ ਦਾ ਸੀਨ)

(ਸ਼ੁਭਮ ਤੇ ਪਾਲੀ ਕਾਰ ਦੇ ਅੰਦਰ ਬੈਠੇ ਗੱਲਾਂ ਕਰ ਰਹੇ ਹਨ)

ਸ਼ੁਭਮ – 'ਪਾਲੀ, ਕੀ ਗੱਲ, ਹੁਣ ਤੂੰ ਘਰ ਕਿਉਂ ਨਹੀਂ ਆਉਂਦੀ?'

ਪਾਲੀ – 'ਮੈਂ ਤੁਹਾਡੇ ਘਰ ਨਹੀਂ ਆ ਸਕਦੀ, ਭੁੱਲ ਜਾ ਹੁਣ ਮੈਨੂੰ।'

ਸ਼ੁਭਮ – 'ਉਹ ਕਿਉਂ ਮੇਰੀ ਜਾਨ? ਮੈਂ ਤੇ ਤੇਤੋਂ ਬਗ਼ੈਰ ਰਹਿ ਨਹੀਂ ਸਕਦਾ।'

ਪਾਲੀ – 'ਮੈਂ ਤੇ ਤੈਨੂੰ ਆਪਣਾ ਸਭ ਕੁੱਛ ਸਮਝੀ ਬੈਠੀ ਸੀ, ਮੈਂ ਦਿਲੋਂ ਤੇਰੀ ਹੋ ਗਈ ਸੀ। ਪਰ ਤੇਰਾ ਅਸਲ ਰੂਪ ਹੀ ਅੱਜ ਸਾਹਮਣੇ ਆਇਆ ਹੈ, ਤੂੰ ਕੋਈ ਜਿਉਂਦਾ ਮਨੁੱਖ ਨਹੀਂ, ਤੂੰ ਤਾਂ ਇੱਕ ਜ਼ਿੰਦਾ ਲਾਸ਼ ਏਂ, ਕੱਫਣ 'ਚ ਲਪੇਟੀ ਹੋਈ ਲਾਸ਼ ਏਂ ਤੂੰ।'

ਸ਼ੁਭਮ – 'ਪਾਲੀ, ਮੈਂ ਸੱਚਮੁੱਚ ਚੱਕਰ ਆਉਣ ਨਾਲ ਡਿਗਿਆ ਸੀ, ਮੈਂ ਕੋਈ ਨਸ਼ਾ ਪੱਤਾ ਨਹੀਂ ਕਰਦਾ।'

ਪਾਲੀ – 'ਸਿਆਣੇ ਕਹਿੰਦੇ ਆ, ਜਦੋਂ ਜਾਗ ਆਏ, ਉਦੋਂ ਹੀ ਸਵੇਰ ਹੁੰਦੀ ਐ। ਮੈਂ ਤਾਂ ਅੱਜ ਤਕ ਸੁੱਤੀ ਹੀ ਰਹੀ, ਮੈਨੂੰ ਤਾਂ ਜਾਗ ਹੀ ਹੁਣ ਆਈ ਐ।'

ਸ਼ੁਭਮ – 'ਪਾਲੀ, ਮੈਂ ਤੈਨੂੰ ਕਿੱਦਾਂ ਯਕੀਨ ਦੁਆਵਾਂ, ਮੈਂ ਨਸ਼ਾ ਨਹੀਂ ਕਰਦਾ।'

ਪਾਲੀ – 'ਨਸ਼ੇੜੀ ਦੀ ਉਮਰ, ਸਿਰਫ਼ ਚਾਰ–ਛੇ ਮਹੀਨੇ ਹੁੰਦੀ ਐ, ਤੂੰ ਕੀ ਸੋਚਦੈਂ, ਮੈਂ ਤੇਰੇ ਨਾਲ ਵਿਆਹ ਕਰਵਾ ਕੇ, ਛੇ ਮਹੀਨੇ ਬਾਅਦ ਵਿਧਵਾ ਹੋ ਜਾਵਾਂ, ਲਾਅਨਤ ਹੈ ਤੇਰੇ 'ਤੇ, ਥੂਹ।(ਉਹਦੇ ਮੂੰਹ 'ਤੇ ਥੁੱਕ ਦਿੰਦੀ ਐ)

ਸ਼ੁਭਮ – 'ਪਾਲੀ, ਜੇ ਤੂੰ ਮੇਰੀ ਨਾ ਬਣ ਸਕੀ ਨਾ (ਆਪਣੇ ਮੂੰਹ 'ਤੇ ਹੱਥ ਫੇਰ ਕੇ), ਮੈਂ ਤੈਨੂੰ ਕਿਸੇ ਹੋਰ ਦੀ ਵੀ ਨਈਂ ਹੋਣ ਦਿਆਂਗਾ।'

ਪਾਲੀ – 'ਅੱਖੀਂ ਦੇਖ ਕੇ ਮੱਖੀ ਨਈਂ ਖਾਧੀ ਜਾਂਦੀ, ਅੱਜ ਮੈਂ ਸਭ ਕੁੱਛ ਆਪਣੀ ਅੱਖੀਂ ਦੇਖ ਲਿਐ।' (ਇੰਨੇ ਨੂੰ ਸ਼ੁਭਮ ਦਾ ਘਰ ਆ ਗਿਆ। ਪਾਲੀ ਕਾਰ 'ਚੋਂ ਨਿਕਲੀ, ਆਪਣੀ ਐਕਟਿਵਾ ਸਟਾਰਟ ਕੀਤੀ ਤੇ ਚਲੀ ਗਈ।)

**ਦ੍ਰਿਸ਼ ਚੌਬੀਸਵਾਂ**

ਸਥਾਨ – ਪਾਲੀ ਦਾ ਘਰ

ਪਾਤਰ – ਪਾਲੀ, ਗੋਪੀ, ਧਰਮ ਕੌਰ, ਸੋਹਣ ਸਿੰਘ

**ਉਦੇਸ਼** : ਪਾਲੀ ਤੇ ਗੋਪੀ ਦੇ ਰਿਸ਼ਤੇ 'ਤੇ ਵਿਚਾਰ ਕਰਨੀ

(ਕਾਰ ਪਾਲੀ ਦੇ ਘਰ ਅੱਗੇ ਜਾ ਕੇ ਰੁਕਦੀ ਐ। ਗੋਪੀ ਕਾਰ 'ਚੋਂ ਬਾਹਰ ਆ ਕੇ, ਡੋਰ ਬੈੱਲ ਬਜਾ ਕੇ, ਕਾਰ ਦੀ ਪਿਛਲੀ ਬਾਰੀ ਖੋਲ੍ਹ ਕੇ, ਪਾਲੀ ਨੂੰ ਸਹਾਰਾ ਦੇ ਕੇ ਕਾਰ 'ਚੋਂ ਬਾਹਰ ਕੱਢਦਾ ਹੈ। ਇੰਨੇ ਨੂੰ ਧਰਮ ਕੌਰ ਵੀ ਗੇਟ ਖੋਲ੍ਹ ਕੇ ਬਾਹਰ ਨੂੰ ਦੇਖਦੀ ਹੈ। ਪਾਲੀ ਨੂੰ ਇਸ ਹਾਲਤ ਵਿੱਚ ਦੇਖ ਕੇ, ਘਬਰਾਈ ਹੋਈ ਪੁੱਛਦੀ ਹੈ।

ਧਰਮ ਕੌਰ – 'ਹਾਏ ਮੈਂ ਮਰ ਗਈ, ਇਹਨੂੰ ਕੀ ਹੋ ਗਿਆ?'

ਗੋਪੀ – 'ਘਬਰਾਓ ਨਾ, ਕੁੱਛ ਨਈਂ ਹੋਇਆ। ਬਸ ਬੈਂਕ 'ਚੋਂ ਨਿਕਲ ਹੀ ਰਹੀ ਸੀ, ਕਿ ਪੈਰ ਨੂੰ ਮੋਚ ਆ ਗਈ।'

(ਧਰਮ ਕੌਰ ਵੀ ਇਨ੍ਹਾਂ ਦੇ ਕੋਲ ਆ ਗਈ। ਧਰਮ ਕੌਰ ਅਤੇ ਗੋਪੀ, ਦੋਨਾਂ ਪਾਸਿਆਂ ਤੋਂ ਸਹਾਰਾ ਦੇ ਕੇ ਪਾਲੀ ਨੂੰ ਘਰ ਦੇ ਅੰਦਰ ਲੈ ਗਏ ਅਤੇ ਬੈੱਡ 'ਤੇ ਲਿਟਾ ਦਿੱਤਾ। ਇੰਨੇ ਚਿਰ ਨੂੰ ਸੋਹਣ ਸਿੰਘ ਵੀ ਅੰਦਰ ਆ ਗਿਆ।)

ਗੋਪੀ – (ਸੋਹਣ ਸਿੰਘ ਨੂੰ) 'ਸਤਿ ਸ੍ਰੀ ਅਕਾਲ ਜੀ।'

ਸੋਹਣ ਸਿੰਘ – (ਪਾਲੀ ਦੇ ਪੈਰ 'ਤੇ ਪੱਟੀ ਬੰਨ੍ਹੀ ਹੋਈ ਦੇਖ ਕੇ) 'ਪਾਲੀ, ਇਹ ਤੇਰੇ ਪੈਰ ਨੂੰ ਕੀ ਹੋਇਆ?'

ਪਾਲੀ – 'ਕੁੱਛ ਨਈਂ ਬਸ, ਬੈਂਕ 'ਚੋਂ ਛੁੱਟੀ ਕਰ ਕੇ ਘਰ ਨੂੰ ਆਉਣ ਲੱਗੀ ਸੀ, ਬਾਹਰ ਆਉਂਦਿਆਂ ਹੀ ਅਚਾਨਕ ਪੈਰ ਨੂੰ ਮੋਚ ਆ ਗਈ, ਅਤੇ (ਗੋਪੀ ਵੱਲ ਨੂੰ ਇਸ਼ਾਰਾ ਕਰਦਿਆਂ) ਗੋਪੀ ਜੀ ਨੇ ਡਾਕਟਰ ਤੋਂ ਪੱਟੀ ਕਰਵਾ ਕੇ, ਮੈਨੂੰ ਘਰ ਪੁਚਾ ਦਿੱਤਾ।'

ਸੋਹਣ ਸਿੰਘ – 'ਤੇ ਤੇਰੀ ਐਕਟਿਵਾ?'

ਪਾਲੀ – 'ਉਹ ਬੈਂਕ ਵਿੱਚ ਹੀ ਖੜ੍ਹੀ ਐ।'

ਧਰਮ ਕੌਰ – (ਸੋਹਣ ਸਿੰਘ ਨੂੰ) 'ਸਰਦਾਰ ਜੀ ਖੜ੍ਹੇ-ਖੜ੍ਹੇ ਥੱਕ ਜਾਓਗੇ, ਸੋਫ਼ੇ 'ਤੇ ਬੈਠ ਜਾਓ।'

(ਸੋਹਣ ਸਿੰਘ ਤੇ ਗੋਪੀ ਸੋਫੇ 'ਤੇ ਬੈਠ ਗਏ, ਧਰਮ ਕੌਰ ਬਾਹਰ ਨੂੰ ਚਲੀ ਗਈ।)

ਸੋਹਣ ਸਿੰਘ – (ਗੋਪੀ ਨੂੰ) 'ਕਾਕ ਜੀ ਤੁਸੀਂ ਕਿੱਥੇ ਰਹਿੰਦੇ ਹੋ?'

ਗੋਪੀ – 'ਮੈਂ ਲੋਕਲ ਹੀ ਹਾਂ ਜੀ।'

(ਧਰਮ ਕੌਰ ਇੱਕ ਟ੍ਰੇ ਵਿੱਚ ਤਿੰਨ ਗਲਾਸ ਪਾਣੀ ਦੇ ਲੈ ਕੇ ਆ ਗਈ. ਗੋਪੀ ਅਤੇ ਸੋਹਣ ਸਿੰਘ ਨੇ ਆਪੋ ਆਪਣਾ ਗਲਾਸ ਚੁੱਕ ਕੇ ਪਾਣੀ ਪੀ ਲਿਆ। ਧਰਮ ਕੌਰ ਨੇ ਪਾਲੀ ਨੂੰ ਵੀ ਸਹਾਰਾ ਦੇ ਕੇ ਉਠਾਇਆ ਅਤੇ ਪਾਣੀ ਪਿਲਾਇਆ।)

ਧਰਮ ਕੌਰ – 'ਅੱਛਾ ਹੁਣ ਮੈਂ ਤੁਹਾਡੇ ਲਈ ਚਾਹ ਬਣਾ ਕੇ ਲਿਆਉਂਦੀ ਹਾਂ।'

(ਧਰਮ ਕੌਰ ਤਿੰਨੋਂ ਖ਼ਾਲੀ ਗਲਾਸ ਟ੍ਰੇ ਵਿੱਚ ਰੱਖ ਕੇ ਅਜੇ ਬਾਹਰ ਜਾਣ ਹੀ ਲੱਗੀ ਸੀ ਕਿ)

ਗੋਪੀ – 'ਪਰ ਮੈਂ ਚਾਹ ਨਹੀਂ ਪੀਂਦਾ।'

'ਧਰਮ ਕੌਰ – 'ਕੋਈ ਨਈਂ, ਮੈਂ ਸਾਰਿਆਂ ਲਈ ਦੁੱਧ ਹੀ ਲੈ ਆਉਂਦੀ ਹਾਂ।' (ਕਹਿ ਕੇ ਚਲੀ ਗਈ)

ਸੋਹਣ ਸਿੰਘ – 'ਤੁਹਾਡੇ ਪਿਤਾ ਜੀ ਕੀ ਕਰਦੇ ਨੇ?'

ਗੋਪੀ – 'ਉਹ ਜੀ ਫ਼ੌਜ 'ਚੋਂ ਕੈਪਟਨ ਰਿਟਾਇਰ ਹਨ।'

(ਧਰਮ ਕੌਰ ਦੁੱਧ ਦੇ ਤਿੰਨ ਗਲਾਸ ਟ੍ਰੇ 'ਚ ਰੱਖ ਕੇ ਲੈ ਆਈ ਅਤੇ ਟੇਬਲ ਨੂੰ ਖਿੱਚ ਕੇ ਸੋਫੇ ਦੇ ਕੋਲ ਕਰ ਕੇ ਟ੍ਰੇ ਉਹਦੇ ਉੱਤੇ ਰੱਖ ਦਿੱਤੀ।)

ਗੋਪੀ – 'ਬੇ ਜੀ, ਤੁਸੀਂ ਆਪਣਾ ਗਲਾਸ ਨਈਂ ਲਿਆਂਦਾ?'

ਧਰਮ ਕੌਰ – 'ਮੈਨੂੰ ਡਾਕਟਰ ਨੇ ਦੁੱਧ ਬੰਦ ਕੀਤਾ ਹੋਇਐ।'

ਸੋਹਣ ਸਿੰਘ – (ਗੋਪੀ ਵੱਲ ਦੇਖ ਕੇ) 'ਤੁਸੀਂ ਕਿੰਨੇ ਭੈਣ ਭਰਾ ਹੋ?'

ਗੋਪੀ – 'ਜੀ ਮੈਂ ਇਕੱਲਾ ਹੀ ਹਾਂ।'

(ਦੋਨੋਂ ਗੱਲਾਂ ਵੀ ਕਰੀ ਜਾਂਦੇ ਨੇ ਤੇ ਦੁੱਧ ਦੇ ਘੁੱਟ ਵੀ ਭਰੀ ਜਾਂਦੇ ਨੇ।)

ਸੋਹਣ ਸਿੰਘ – 'ਕਿਤੇ ਛੁੱਟੀ ਵਾਲੇ ਦਿਨ, ਆਪਣੇ ਪਿਤਾ ਜੀ ਨੂੰ ਵੀ ਨਾਲ ਲੈ ਕੇ ਆਇਓ, ਬਹਿ ਕੇ ਗੱਪ ਸ਼ੱਪ ਮਾਰਾਂਗੇ।'

(ਸੋਹਣ ਸਿੰਘ ਤੇ ਗੋਪੀ ਨੇ ਆਪਣੇ ਖਾਲੀ ਗਲਾਸ ਟੇਬਲ 'ਤੇ ਰੱਖ ਦਿੱਤੇ।)

ਗੋਪੀ – 'ਡੈਡੀ ਜੀ ਉਹ ਦਿੱਲੀ ਗਏ ਹੋਏ ਨੇ, ਆਉਣਗੇ ਤਾਂ ਮੈਂ ਉਨ੍ਹਾਂ ਨੂੰ ਜ਼ਰੂਰ ਲੈ ਕੇ ਆਵਾਂਗਾ।'

(ਗੋਪੀ ਉੱਠ ਕੇ ਖੜ੍ਹਾ ਹੋ ਗਿਆ।) 'ਅੱਛਾ ਡੈਡੀ ਜੀ, ਮੈਂ ਚੱਲਦਾਂ, ਸਤਿ ਸ੍ਰੀ ਅਕਾਲ।'

ਸੋਹਣ ਸਿੰਘ – 'ਅੱਛਾ ਬੇਟਾ, ਖ਼ੁਸ਼ ਰਹੋ।' (ਗੋਪੀ ਚਲਾ ਗਿਆ।)

ਸੋਹਣ ਸਿੰਘ – (ਧਰਮ ਕੌਰ ਨੂੰ) 'ਤੈਨੂੰ ਕਿੱਦਾਂ ਦਾ ਲੱਗਾ

ਮੁੰਡਾ?'

ਧਰਮ ਕੌਰ – 'ਦੇਖੋ ਜੀ, ਗੱਲਬਾਤ ਤੋਂ ਤਾਂ ਮੁੰਡਾ ਠੀਕ ਲੱਗਦਾ, ਪਰ ਇਸ ਬਾਰੇ ਮੈਂ ਕੁੜੀ ਕੋਲੋਂ ਚੰਗੀ ਤਰ੍ਹਾਂ ਪੁੱਛ ਲਵਾਂਗੀ। ਕਿਉਂਕਿ ਉਹ ਬੈਂਕ 'ਚ ਸਾਰਾ ਦਿਨ ਇਕੱਠੇ ਰਹਿੰਦੇ ਹਨ।'

ਧਰਮ ਕੌਰ – (ਸੋਹਣ ਸਿੰਘ ਨੂੰ) 'ਤੁਹਾਨੂੰ ਕਿਹੋ ਜਿਹਾ ਲੱਗਾ?'

ਸੋਹਣ ਸਿੰਘ – 'ਕੱਲਾ ਹੀ ਕੱਲਾ ਮੁੰਡਾ ਐ, ਪੜ੍ਹਿਆ ਲਿਖਿਆ ਐ, ਸਰਕਾਰੀ ਨੌਕਰੀ ਐ, ਪਿਓ ਕੈਪਟਨ ਰਿਟਾਇਰ ਐ, ਪਰਿਵਾਰ ਵੀ ਇੱਜ਼ਤਦਾਰ ਲੱਗਦੈ, ਮੁੰਡਾ ਦੇਖਣ ਚਾਖਣ ਨੂੰ ਵੀ ਠੀਕ ਐ, ਬਸ ਤੂੰ ਪਾਲੀ ਨੂੰ ਪੁੱਛ ਕੇ ਮੈਨੂੰ ਦੱਸੀਂ, ਆਪਾਂ ਫੇਰ ਵਿਚਾਰ ਕਰਦੇ ਆਂ।'

**ਦ੍ਰਿਸ਼ ਪਚੀਸਵਾਂ**

ਸਥਾਨ– ਸੋਹਣ ਸਿੰਘ ਦਾ ਘਰ

ਪਾਤਰ – ਸੋਹਣ ਸਿੰਘ, ਧਰਮ ਕੌਰ, ਬਹਾਦਰ ਸਿੰਘ, ਪਾਲੀ, ਗੋਪੀ

**ਉਦੇਸ਼ :** ਪਾਲੀ ਤੇ ਗੋਪੀ ਦਾ ਰੋਕਾ ਠੋਕਾ (ਮੰਗਣੀ) ਹੋ ਜਾਣਾ

(ਫੋਨ ਦੀ ਘੰਟੀ ਬਜਦੀ ਐ। ਪਾਲੀ ਰਿਸੀਵਰ ਚੁੱਕ ਕੇ ਕੰਨ ਨੂੰ ਲਾਉਂਦੀ ਐ।)

ਪਾਲੀ – 'ਹੈਲੋ?'

ਗੋਪੀ – 'ਪਾਲੀ ਮੈਂ ਗੋਪੀ ਬੋਲਦਾਂ। ਕੀ ਹਾਲ ਹੈ ਹੁਣ ਤੇਰੇ ਪੈਰ ਦਾ?'

ਪਾਲੀ – 'ਹੁਣ ਤਾਂ ਠੀਕ ਐ, ਤੁਰੀ ਫਿਰਦੀ ਆਂ।'

ਗੋਪੀ – 'ਡੈਡੀ ਜੀ ਘਰ ਹੀ ਨੇ ਅੱਜ?'

ਪਾਲੀ – 'ਮੈਂ ਤੁਹਾਡੀ ਗੱਲ ਹੀ ਡੈਡੀ ਜੀ ਨਾਲ ਕਰਾ ਦਿੰਨੀ ਆਂ।'

ਪਾਲੀ – 'ਉੱਚੀ ਆਵਾਜ਼ ਨਾਲ) 'ਡੈਡੀ ਜੀ, ਤੁਹਾਡਾ ਫੋਨ ਐ।'

ਸੋਹਣ ਸਿੰਘ – (ਪਾਲੀ ਦੇ ਕੋਲ ਆ ਕੇ) 'ਕਿਹਦਾ ਫੋਨ ਐ?'

ਪਾਲੀ – 'ਗੋਪੀ ਦਾ।'

ਸੋਹਣ ਸਿੰਘ – (ਪਾਲੀ ਤੋਂ ਰਿਸੀਵਰ ਲੈ ਕੇ ਆਪਣੇ ਕੰਨ ਨਾਲ ਲਾ ਕੇ) 'ਹੈਲੋ?'

ਗੋਪੀ – 'ਸਤਿ ਸ੍ਰੀ ਅਕਾਲ ਡੈਡੀ ਜੀ।'

ਸੋਹਣ ਸਿੰਘ – 'ਸਤਿ ਸ੍ਰੀ ਅਕਾਲ ਪੁੱਤਰ, ਕਿੱਦਾਂ ਤੂੰ ਠੀਕ ਐਂ?'

ਗੋਪੀ – 'ਹਾਂ ਡੈਡੀ ਜੀ ਠੀਕ ਆਂ। ਡੈਡੀ ਜੀ ਤੁਸੀਂ ਕਿਤੇ ਜਾਣਾ ਤਾਂ ਨਈਂ ਅੱਜ? ਅਸੀਂ ਆ ਜਾਈਏ?'

ਸੋਹਣ ਸਿੰਘ – 'ਹਾਂ ਪੁੱਤਰ ਆ ਜਾਓ, ਮੈਂ ਘਰ ਹੀ ਆਂ।'

(ਸੋਹਣ ਸਿੰਘ ਨੇ ਰਿਸੀਵਰ ਪਾਲੀ ਨੂੰ ਫੜਾ ਦਿੱਤਾ, ਪਾਲੀ ਨੇ ਫੋਨ 'ਤੇ ਰੱਖ ਦਿੱਤਾ।)

ਸੋਹਣ ਸਿੰਘ – (ਧਰਮ ਕੌਰ ਨੂੰ, ਜੋ ਅਜੇ ਰਸੋਈ ਵਿੱਚ ਹੀ ਸੀ) ਧਰਮ ਕੌਰੇ, ਪ੍ਰਾਹੁਣੇ ਆ ਰਹੇ ਆ, ਖਾਣ ਪੀਣ ਲਈ ਸਭ ਕੁੱਛ ਹੈ ਨਾ?'

ਧਰਮ ਕੌਰ – (ਰਸੋਈ ਵਿੱਚੋਂ ਹੀ ਜਵਾਬ ਦਿੰਦੀ ਐ) 'ਹਾਂ ਜੀ, ਸਭ ਕੁੱਛ ਹੈ।'

ਸੋਹਣ ਸਿੰਘ – (ਰਸੋਈ ਵਿੱਚ ਜਾ ਕੇ ਧਰਮ ਕੌਰ ਨੂੰ ਪੁੱਛਦੈ) 'ਕੁੜੀ ਕੋਲੋਂ ਪੁੱਛ ਲਿਆ ਸੀ?'

ਧਰਮ ਕੌਰ – 'ਹਾਂ, ਉਹਦੇ ਵੱਲੋਂ ਸਭ ਠੀਕ ਐ।'

ਸੋਹਣ ਸਿੰਘ – 'ਤਾਂ ਇੱਦਾਂ ਨਹੀਂ, ਮੁੰਡਾ ਤਾਂ ਚਾਹ ਪੀਂਦਾ ਨਹੀਂ, ਤੂੰ ਸਾਰਿਆਂ ਲਈ ਦੁੱਧ ਹੀ ਬਣਾ ਲਈਂ।'

(ਪਾਲੀ ਨੇ ਸੋਫਿਆਂ ਦੇ ਕੱਪੜੇ ਅਤੇ ਖਿੜਕੀਆਂ ਦੇ ਪੜਦੇ ਆਦਿ ਠੀਕ ਕਰ ਦਿੱਤੇ। ਦੋ ਤਿੰਨ ਕੱਪੜੇ ਬੈੱਡ 'ਤੇ ਪਏ ਸੀ, ਉਹ ਚੁੱਕ ਕੇ ਅਲਮਾਰੀ 'ਚ ਸਿੱਟ ਦਿੱਤੇ।)

(ਡੋਰ ਬੈੱਲ ਬਜਦੀ ਐ, ਸੋਹਣ ਸਿੰਘ ਜਾ ਕੇ ਡੋਰ ਖੋਲ੍ਹਦਾ ਹੈ।)

ਸੋਹਣ ਸਿੰਘ – (ਪ੍ਰਾਹੁਣਿਆਂ ਨੂੰ) 'ਸਤਿ ਸ੍ਰੀ ਅਕਾਲ, ਜੀ ਆਇਆਂ ਨੂੰ।'

(ਗੋਪੀ ਨੇ ਆ ਕੇ ਸੋਹਣ ਸਿੰਘ ਦੇ ਗੋਡਿਆਂ ਨੂੰ ਹੱਥ ਲਾਇਆ, ਗੋਪੀ ਦਾ ਪਿਤਾ ਸੋਹਣ ਸਿੰਘ ਨੂੰ ਜੱਫ਼ੀ ਪਾ ਕੇ ਮਿਲਿਆ। ਸੋਹਣ ਸਿੰਘ ਨੇ ਉਨ੍ਹਾਂ ਨੂੰ ਕਮਰੇ 'ਚ ਲਿਜਾ ਕੇ, ਸੋਫੇ ਵੱਲ ਇਸ਼ਾਰਾ ਕਰ ਕੇ ਕਿਹਾ–'ਬੈਠਣ ਦੀ ਕਿਰਪਾ ਕਰੋ।'

(ਸੋਹਣ ਸਿੰਘ ਵੀ ਉਨ੍ਹਾਂ ਦੇ ਕੋਲ ਪਈ ਕੁਰਸੀ 'ਤੇ ਬੈਠ ਗਿਆ।)

ਸੋਹਣ ਸਿੰਘ – (ਗੋਪੀ ਦੇ ਪਿਤਾ ਨੂੰ) 'ਹੋਰ ਸੁਣਾਓ ਸਰਦਾਰ ਜੀ, ਦਿੱਲੀ ਰਦਾ ਸਫ਼ਰ ਠੀਕ ਰਿਹਾ?'

ਗੋਪੀ ਦਾ ਪਿਤਾ – 'ਹਾਂ ਜੀ, ਬਹੁਤ ਵਧੀਆ ਰਿਹਾ। ਮੈਂ ਉੱਥੇ ਆਪਣੇ ਦੋਸਤ ਦੇ ਮੁੰਡੇ ਦੇ ਵਿਆਹ 'ਤੇ ਗਿਆ ਸੀ। ਮੁੰਡਾ

ਵਿਆਹ ਕਰਵਾ ਕੇ ਵਹੁਟੀ ਆਪਣੇ ਘਰ ਲੈ ਗਿਆ, ਆਪਾਂ ਆਪਣੇ ਘਰ ਆ ਗਏ।' (ਗੋਪੀ ਤਾਂ ਮੋਹਣ ਸਿੰਘ ਹੱਸਣ ਲੱਗ ਪਏ)

ਸੋਹਣ ਸਿੰਘ – 'ਗੋਪੀ ਪੁੱਤਰ, ਤੂੰ ਸਰਦਾਰ ਜੀ ਦੀ ਇੰਟ੍ਰੋਡਕਸ਼ਨ ਨਈਂ ਕਰਵਾਈ।

ਗੋਪੀ ਦਾ ਪਿਤਾ – 'ਇਹਨੇ ਕੀ ਕਰਵਾਉਣੀ ਐਂ, ਮੈਂ ਆਪੇ ਆਪਣੀ ਇੰਟ੍ਰੋਡਕਸ਼ਨ ਕਰਵਾ ਦਿੰਨਾ।'

(ਗੋਪੀ ਤੇ ਸੋਹਣ ਸਿੰਘ ਖਿੜ ਖਿੜਾ ਕੇ ਹੱਸ ਪਏ।)

'ਮੈਂ ਹਾਂ ਗੋਪੀ ਦਾ ਫ਼ਾਦਰ, ਬਹਾਦਰ ਸਿੰਘ, ਮਿਲਟਰੀ 'ਚੋਂ ਕੈਪਟਨ ਰਿਟਾਇਰ ਹੋ ਕੇ ਆਇਆ।'

ਸੋਹਣ ਸਿੰਘ – 'ਤੁਸੀਂ ਆਪਣੇ ਦੋਸਤ ਦੇ ਮੁੰਡੇ ਦਾ ਵਿਆਹ ਤਾਂ ਦੇਖ ਆਏ, ਹੁਣ ਗੋਪੀ ਦਾ ਵਿਆਹ ਕਦੋਂ ਦਿਖਾਓਗੇ?'

(ਸੋਹਣ ਸਿੰਘ ਨੇ ਹੱਸਦਿਆਂ ਪੁੱਛਿਆ।)

ਬਹਾਦਰ ਸਿੰਘ – 'ਮੈਂ ਤਾਂ ਇਹਨੂੰ ਕਹਿੰਦਾ ਹਾਂ, ਕਿ ਜੇ ਕਿਤੇ ਤੇਰੀ ਗੱਲਬਾਤ ਹੈ ਤਾਂ ਦੱਸ ਦੇ, ਸਾਨੂੰ ਕਿਤੇ ਨੱਠ ਭੱਜ ਨਾ ਕਰਨੀ ਪਊ।ਪਰ ਇਹ ਆਪਣੇ ਪੱਤੇ ਹੀ ਨਈਂ ਖੋਲ੍ਹਦਾ।'

ਸੋਹਣ ਸਿੰਘ – (ਗੋਪੀ ਨੂੰ) 'ਕਿਉਂ ਵਈ ਕਾਕਾ, ਹੈ ਕਿਤੇ ਗੱਲਬਾਤ ਤਾਂ ਦੱਸ ਦੇ?'

ਗੋਪੀ – 'ਦੇਖੋ ਜੀ, ਪਹਿਲਾਂ ਤਾਂ ਜੋ ਵੀ ਮੇਰੇ ਡੈਡੀ ਹੁਕਮ ਕਰਦੇ, ਮੈਂ ਇਨਕਾਰ ਨਈਂ ਸੀ ਕਰ ਸਕਦਾ, ਪਰ ਹੁਣ ਤਾਂ ਦੋ ਡੈਡੀ ਇਕੱਠੇ ਹੋ ਗਏ ਨੇ, ਜੋ ਵੀ ਤੁਸੀਂ ਫ਼ੈਸਲਾ ਕਰੋਗੇ, ਮੈਨੂੰ ਕਬੂਲ ਐ?

(ਬਹਾਦਰ ਸਿੰਘ ਤੇ ਸੋਹਣ ਸਿੰਘ ਇੱਕ ਦੂਜੇ ਦੇ ਮੂੰਹ ਵੱਲ ਦੇਖ ਕੇ ਹੱਸ ਪੈਂਦੇ ਹਨ।)

(ਇੰਨੇ ਨੂੰ ਧਰਮ ਕੌਰ ਤੇ ਪਾਲੀ ਵੀ ਇੱਕ ਟ੍ਰੇ ਵਿੱਚ ਦੁੱਧ ਦੇ ਗਲਾਸ ਤੇ ਖਾਣ–ਪੀਣ ਦਾ ਸਾਮਾਨ ਲੈ ਕੇ ਆ ਗਈਆਂ।)

ਬਹਾਦਰ ਸਿੰਘ – 'ਓਹੋ ਹੋ, ਤੁਸੀਂ ਇਹ ਕੀ ਲੈ ਕੇ ਆ ਗਏ ਹੋ, ਅਸੀਂ ਤੇ ਹੁਣੇ ਘਰੋਂ ਸਭ ਕੁਛ ਖਾ ਪੀ ਕੇ ਆਏ ਹਾਂ।'

ਸੋਹਣ ਸਿੰਘ – 'ਕੋਈ ਗੱਲ ਨਈਂ, ਜੇ ਘਰੋਂ ਖਾ ਕੇ ਆਏ ਹੋ, ਤਾਂ ਇਹ ਵੀ ਘਰ ਤੁਹਾਡਾ ਹੀ ਹੈ।ਇੱਥੋਂ ਵੀ ਖਾ ਲਓ।'

(ਸੋਹਣ ਸਿੰਘ ਨੇ ਹੱਸਦਿਆਂ ਆਖਿਆ।)

(ਧਰਮ ਕੌਰ ਤੇ ਪਾਲੀ ਨੇ ਖਾਣ–ਪੀਣ ਦਾ ਸਾਮਾਨ ਲਿਆ ਕੇ ਟੇਬਲ 'ਤੇ ਰੱਖ ਦਿੱਤਾ ਅਤੇ ਆਪ ਕੋਲ ਹੀ ਪਏ ਸੋਫ਼ੇ 'ਤੇ ਬੈਠ ਗਈਆਂ।)

(ਪਾਲੀ ਨੇ ਬਰਫ਼ੀ ਵਾਲੀ ਪਲੇਟ ਬਹਾਦਰ ਸਿੰਘ ਤੇ ਗੋਪੀ ਦੇ ਵਿਚਕਾਰ ਰੱਖ ਦਿੱਤੀ।ਉਨ੍ਹਾਂ ਇੱਕ ਇੱਕ ਟੁਕੜੀ ਚੁੱਕ ਲਈ।)

(ਸੋਹਣ ਸਿੰਘ ਨੇ ਬਰਫ਼ੀ ਵਾਲੀ ਪਲੇਟ ਚੁੱਕ ਕੇ ਧਰਮ ਕੌਰ ਦੇ ਅੱਗੇ ਕਰ ਦਿੱਤੀ।ਉਹਨੇ ਵੀ ਇੱਕ ਟੁਕੜੀ ਚੁੱਕ ਲਈ।)

(ਪਾਲੀ ਬਾਹਰ ਨੂੰ ਚਲੀ ਗਈ।)

ਸੋਹਣ ਸਿੰਘ – (ਗੋਪੀ ਨੂੰ) 'ਕਾਕਾ, ਕੁੜੀ ਤੋਂ ਇਲਾਵਾ ਤੇਰੀ ਕੋਈ ਹੋਰ ਮੰਗ ਹੈ ਤਾਂ ਦੱਸ ਦੇ। ਖੁੱਲ੍ਹ ਕੇ ਦੱਸੀਂ ਬੇਟਾ ਸ਼ਰਮਾਉਣਾ ਨਈਂ।'

(ਬਹਾਦਰ ਸਿੰਘ ਨੂੰ) 'ਸਰਦਾਰ ਜੀ, ਮੁੰਡੇ ਨੂੰ ਆਖੋ ਸ਼ਰਮਾਏ ਨਾ, ਖੁੱਲ੍ਹ ਕੇ ਦੱਸ ਦੇਵੇ।

ਗੋਪੀ – 'ਬਸ ਜੀ, ਕੁੜੀ ਚਾਹੀਦੀ ਐ ਜਿਹੜੀ ਘਰ ਬਾਰ ਸੰਭਾਲ ਸਕਦੀ ਹੋਵੇ ਅਤੇ ਆਪਣੇ ਸੱਸ ਸਹੁਰੇ ਨੂੰ ਆਪਣੇ ਮਾਂ ਬਾਪ ਸਮਝ ਕੇ ਉਨ੍ਹਾਂ ਦੀ ਸੇਵਾ ਕਰਨ ਵਾਲੀ ਹੋਵੇ।'

ਬਹਾਦਰ ਸਿੰਘ – 'ਤੂੰ ਆਪਣਾ ਤਾਂ ਦੱਸਿਆ ਹੀ ਨਈਂ, ਤੈਨੂੰ ਕੀ ਸਮਝਦੀ ਹੋਵੇ?'

(ਸਾਰੇ ਖਿੜ ਖਿੜਾ ਕੇ ਹੱਸ ਪਏ।)

ਗੋਪੀ – 'ਮੈਨੂੰ ਉਹ ਪਤੀ ਪਰਮੇਸ਼ਵਰ ਨਾ ਸਮਝੇ, ਸਗੋਂ ਮੈਨੂੰ ਉਹ ਆਪਣਾ ਦੋਸਤ ਸਮਝ ਕੇ ਮੇਰੇ ਨਾਲ ਹਰ ਗੱਲ ਖੁੱਲ੍ਹ ਕੇ ਕਰੇ, ਮੇਰੇ ਕੋਲੋਂ ਕੋਈ ਗੱਲ ਲਕੋਵੇ ਨਾ।'

ਬਹਾਦਰ ਸਿੰਘ – (ਗੋਪੀ ਦੀ ਪਿੱਠ ਥਾਪੜ ਕੇ) 'ਸ਼ਾਬਾਸ਼ ਪੁੱਤਰਾ ਸ਼ਾਬਾਸ਼, ਵੈਰੀ ਗੁੱਡ।'

ਸੋਹਣ ਸਿੰਘ – (ਬਹਾਦਰ ਸਿੰਘ ਨੂੰ) 'ਸਰਦਾਰ ਜੀ ਤੁਹਾਡੀ ਕੋਈ ਮੰਗ ਹੋਵੇ?'

ਬਹਾਦਰ ਸਿੰਘ – 'ਗੋਪੀ ਨੇ ਸਾਡੇ ਵਾਸਤੇ ਕਰਨ ਲਈ ਕੋਈ ਗੱਲ ਛੱਡੀ ਹੀ ਨਹੀਂ।'

ਸੋਹਣ ਸਿੰਘ – 'ਅੱਛਾ ਤੁਸੀਂ ਦੁੱਧ ਪੀਓ, ਮੈਂ ਹੁਣੇ ਸਲਾਹ ਕਰ ਕੇ ਦੱਸਦਾਂ।'

(ਸੋਹਣ ਸਿੰਘ ਤੇ ਧਰਮ ਕੌਰ ਦੋਨੋਂ ਉੱਠ ਕੇ ਬਾਹਰ ਨੂੰ ਚਲੇ ਗਏ।)

(ਥੋੜ੍ਹੀ ਦੇਰ ਬਾਅਦ ਸੋਹਣ ਸਿੰਘ ਆ ਕੇ ਕਮਰੇ 'ਚ ਬੈਠ ਗਿਆ।)

ਸੋਹਣ ਸਿੰਘ (ਬਹਾਦਰ ਸਿੰਘ ਵੱਲ ਦੇਖ ਕੇ) ਸਰਦਾਰ ਜੀ, ਤੁਹਾਡੀਆਂ ਸਾਰੀਆਂ ਮੰਗਾਂ ਪੂਰੀਆਂ ਹੋਣਗੀਆਂ।'

ਬਹਾਦਰ ਸਿੰਘ – 'ਫਿਰ ਤੁਸੀਂ ਸਾਡਾ ਗ਼ਰੀਬਖ਼ਾਨਾ ਦੇਖਣ ਕਦੋਂ ਆ ਰਹੇ ਹੋ?'

ਸੋਹਣ ਸਿੰਘ – 'ਮੈਨੂੰ ਤੁਹਾਡਾ ਸ਼ੀਸ਼ ਮਹਲ ਦੇਖਣ ਦੀ ਲੋੜ ਨਹੀਂ, ਜਿੱਥੇ ਤੁਹਾਡੇ ਤਿੰਨ ਮੰਜੇ ਡੱਠਦੇ ਹਨ, ਉੱਥੇ ਇੱਕ ਹੋਰ ਵੀ ਡੱਠ ਜਾਏਗਾ।'

(ਸੋਹਣ ਸਿੰਘ ਨੇ ਜੇਬ 'ਚੋਂ 1100 ਰੁਪਿਆ ਕੱਢ ਕੇ ਗੋਪੀ ਨੂੰ ਸ਼ਗਨ ਦੇਣਾ ਚਾਹਿਆ, ਪਰ ਗੋਪੀ ਨੇ ਹੱਥ ਪਿੱਛੇ ਕਰ ਲਏ।)

ਬਹਾਦਰ ਸਿੰਘ – 'ਸ਼ਾਬਾਸ਼ ਪੁੱਤਰ, ਬਹੁਤ ਚੰਗਾ ਕੀਤਾ ਤੂੰ। (ਸੋਹਣ ਸਿੰਘ ਨੂੰ) 'ਅੱਛਾ, ਹੁਣ ਕੁੜੀ ਨੂੰ ਲਿਆਓ, ਅਸੀਂ ਵੀ ਉਹਨੂੰ ਘਰ ਦੀ ਮਾਲਕਣ ਬਣਾ ਦਈਏ।'

(ਧਰਮ ਕੌਰ ਪਾਲੀ ਨੂੰ ਲੈ ਆਉਂਦੀ ਐ। ਪਾਲੀ ਆ ਕੇ ਬਹਾਦਰ ਸਿੰਘ ਦੇ ਪੈਰਾਂ ਨੂੰ ਹੱਥ ਲਾਉਂਦੀ ਐ। ਬਹਾਦਰ ਸਿੰਘ ਕੁੜੀ ਨੂੰ 11000 ਰੁਪਿਆ ਦੇਣ ਲੱਗਦਾ ਹੈ।ਸੋਹਣ ਸਿੰਘ ਉਹਦਾ ਹੱਥ ਫੜ ਕੇ ਕਹਿੰਦਾ ਹੈ।)

ਸੋਹਣ ਸਿੰਘ – 'ਇੰਨੇ ਨਹੀਂ, ਥੋੜ੍ਹੇ ਘੱਟ ਕਰੋ।'

ਬਹਾਦਰ ਸਿੰਘ – 'ਇਹ ਕੁੜੀ ਹੁਮ ਸਾਡੀ ਐ, ਅਸੀਂ ਜੋ ਮਰਜ਼ੀ ਹੈ ਦਈਏ, ਤੁਸੀਂ ਵਿੱਚ ਨਹੀਂ ਬੋਲਣਾ।'

(ਬਹਾਦਰ ਸਿੰਘ ਨੇ ਕੁੜੀ 11000 ਰੁਪਿਆ ਫੜਾ ਕੇ, ਉਹਦੇ ਸਿਰ 'ਤੇ ਹੱਥ ਫੇਰ ਕੇ, ਉਹਨੂੰ ਆਪਣੀ ਨੂੰਹ ਸਵੀਕਾਰ ਕਰ ਲਿਆ।)

(ਸੋਹਣ ਸਿੰਘ ਨੇ ਵੀ ਲੱਡੂਆਂ ਦੇ ਡੱਬੇ 'ਤੇ 100 ਰੁਪਿਆ ਰੱਖ ਕੇ, ਗੋਪੀ ਨੂੰ ਫੜਾ ਕੇ ਉਹਨੂੰ ਆਪਣੇ ਨਾਲ ਲਗਾ ਕੇ ਜਵਾਈ ਮੰਨ ਲਿਆ।)

ਸੋਹਣ ਸਿੰਘ – 'ਕੱਲ੍ਹ ਨੂੰ ਐਤਵਾਰ ਐ, ਇਹਤੋਂ ਅਗਲਾ ਐਤਵਾਰ ਛੱਡ ਕੇ, 15 ਤਰੀਕ ਨੂੰ ਤੁਸੀਂ ਬਰਾਤ ਲੈ ਕੇ ਆ ਜਾਓ।'

(ਸੋਹਣ ਸਿੰਘ ਨੇ ਸਾਹੇ ਚਿੱਠੀ ਵੀ ਜ਼ੁਬਾਨੀ ਹੀ ਦੇ ਦਿੱਤੀ।)

ਬਹਾਦਰ ਸਿੰਘ – 'ਅੱਛਾ ਜੀ, ਅਸੀਂ ਹੁਣ ਚਲਦੇ ਹਾਂ। ਚੱਲ ਕੇ ਤਿਆਰੀ ਕਰੀਏ।'

ਸੋਹਣ ਸਿੰਘ – ਸੋਹਣ ਸਿੰਘ ਤੇ ਧਰਮ ਕੌਰ ਉਨ੍ਹਾਂ ਨੂੰ ਬਾਹਰ ਤਕ ਛੱਡਣ ਗਏ। ਗੋਪੀ ਨੇ ਸੋਹਣ ਸਿੰਘ ਦੇ ਗੋਡਿਆਂ ਨੂੰ ਹੱਥ ਲਾਏ, ਬਹਾਦਰ ਸਿੰਘ ਨੇ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ ਅਤੇ ਸੋਹਣ ਸਿੰਘ ਨਾਲ ਹੱਥ ਮਿਲਾਇਆ। ਗੋਪੀ ਤੇ ਬਹਾਦਰ ਸਿੰਘ ਕਾਰ 'ਚ ਬੈਠ ਕੇ ਚਲੇ ਗਏ।)

**ਦ੍ਰਿਸ਼ ਛੱਬੀਸਵਾਂ**

ਸਥਾਨ- ਸੋਹਣ ਸਿੰਘ ਦੀ ਹਵੇਲੀ

ਪਾਤਰ – ਸੋਹਣ ਸਿੰਘ, ਧਰਮ ਕੌਰ, ਗੋਪੀ, ਬਹਾਦਰ ਸਿੰਘ, ਪਾਲੀ, ਸ਼ੁਭਮ, ਕਿਰਪਾਲਾ, ਸਰਪੰਚ

**ਉਦੇਸ਼** : ਪਾਲੀ ਦਾ ਕਤਲ

(ਪਾਲੀ ਕੋਠੇ ਤੇ ਚੁਬਾਰੇ ਵਿੱਚ ਸੱਜ ਧੱਜ ਕੇ ਲਾੜੀ ਬਣੀ ਬੈਠੀ ਹੈ।ਉਹਦੇ ਕੋਲ ਹੀ ਉਹਦੀਆਂ 8-10 ਸਹੇਲੀਆਂ ਬੈਠੀਆਂ ਢੋਲਕੀ ਨਾਲ ਵਿਆਹ ਦਾ ਗੀਤ ਗਾ ਰਹੀਆਂ ਹਨ।ਥੱਲੇ ਵਿਹੜੇ ਵਿੱਚ ਬਰਾਤ ਆ ਗਈ ਹੈ। ਬੈਂਡ ਬਾਜਾ ਬੱਜ ਰਿਹਾ ਹੈ। ਬਰਾਤੀ ਭੰਗੜੇ ਪਾ ਰਹੇ ਹਨ।)

(ਪਾਲੀ ਦੀਆਂ ਸਹੇਲੀਆਂ ਨੂੰ ਜਦੋਂ ਬੈਂਡ ਬਾਜੇ ਸੁਣਦੇ ਹਨ, ਤਾਂ ਉਹ ਕਹਿੰਦੀਆਂ ਹਨ) :-

'ਲੱਗਦਾ ਥੱਲੇ ਬਰਾਤ ਆ ਗਈ ਐ, ਚਲੋ ਬਰਾਤ ਦੇਖਣ ਚਲੀਏ।'

(ਉਹ ਸਾਰੀਆਂ ਹੀ ਥੱਲੇ ਬਰਾਤ ਦੇਖਣ ਚਲੇ ਜਾਂਦੀਆਂ ਹਨ। ਚੁਬਾਰੇ ਵਿੱਚ ਪਾਲੀ ਕੱਲੀ ਹੀ ਗੋਡਿਆਂ 'ਤੇ ਸਿਰ ਰੱਖ ਕੇ ਬੈਠੀ ਹੋਈ ਹੈ। ਸ਼ੁਭਮ ਚੁਬਾਰੇ ਵਿੱਚ ਪਹੁੰਚ ਕੇ ਪਾਲੀ ਦੇ ਕੋਲ ਖੜ੍ਹਾ ਹੈ, ਪਾਲੀ ਨੂੰ ਕੁੱਛ ਪਤਾ ਨਹੀਂ ਹੈ।)

ਸ਼ੁਭਮ – (ਪਾਲੀ ਦੀ ਬਾਂਹ ਫੜ ਕੇ) 'ਪਾਲੀ, ਉੱਠ ਚੱਲ ਮੇਰੇ ਨਾਲ, ਮੈਂ ਤੈਨੂੰ ਲੁੱਟ ਆਇਆ।'

ਪਾਲੀ – (ਘਬਰਾਈ ਹੋਈ ਹਾਲਤ 'ਚ) 'ਨਸ਼ੇੜੀਆ !' ਜਿਸ ਰਸਤੇ ਆਇਆਂ, ਉਸੇ ਰਸਤੇ ਮੁੜ ਜਾ। ਨਹੀਂ ਤਾਂ ਤੇਰਾ ਇੱਥੇ ਛਿੱਤਰਾਂ ਨਾਲ ਸੁਆਗਤ ਹੋਊਗਾ।'

ਸ਼ੁਭਮ – 'ਲਗਦਾ ਸਿੱਧੀ ਉਂਗਲ ਨਾਲ ਘੇਅ ਨਹੀਂ ਨਿਕਲਣਾ।'

(ਇੰਨਾ ਕਹਿ ਕੇ ਉੱਨੇ ਪਾਲੀ ਨੂੰ ਚੁੱਕ ਕੇ ਲੈ ਜਾਣ ਦੀ ਕੋਸ਼ਿਸ਼ ਕੀਤੀ। ਪਾਲੀ ਉਹਦੇ ਨਾਲ ਗੁੱਥਮ ਗੁੱਥਾ ਹੁੰਦੀ ਰਹੀ ਅਤੇ ਬਚਾਓ, ਬਚਾਓ ਵੀ ਕਰਦੀ ਰਹੀ। ਪਰ ਬੈਂਡ ਬਾਜਿਆਂ ਦੇ ਸ਼ੋਰ ਵਿੱਚ ਕਿਸੇ ਨੂੰ ਵੀ ਉਹਦੀ ਆਵਾਜ਼ ਨਹੀਂ ਸੁਣੀ। ਸ਼ੁਭਮ ਆਪਣਾ ਜ਼ੋਰ ਨਾ ਚੱਲਦਾ ਦੇਖ ਕੇ ਪਾਲੀ ਦੇ ਮੱਥੇ 'ਚ ਗੋਲੀ ਮਾਰ ਕੇ ਦੌੜ ਗਿਆ।ਪਾਲੀ ਨੇ ਉੱਥੇ ਹੀ ਦਮ ਤੋੜ ਦਿੱਤਾ।)

ਧਰਮ ਕੌਰ – (ਚੁਬਾਰੇ ਵਾਲੀਆਂ ਪਾਲੀ ਦੀਆਂ ਸਹੇਲੀਆਂ ਨੂੰ ਅਚਾਨਕ ਵਿਹੜੇ ਵਿੱਚ ਘੁੰਮਦੀਆਂ ਦੇਖ ਕੇ) 'ਨੀਂ ! ਤੁਸੀਂ ਇੱਥੇ

ਵੀ ਕਰਦੀਆਂ।' ਤੁਹਾਨੂੰ ਤਾਂ ਮੈਂ ਚੁਬਾਰੇ ਵਿੱਚ ਕੁੜੀ ਕੋਲ ਛੱਡ ਕੇ ਆਈ ਸੀ। ਚਲੋ ਉੱਪਰ, ਕੁੜੀ ਨੂੰ ਕੱਲਿਆਂ ਨਈਂ ਛੱਡੀਦਾ।'

(ਉਹ ਸਾਰੀਆਂ ਕੁੜੀਆਂ ਦਗੜ-ਦਗੜ ਕਰਦੀਆਂ ਕੋਠੇ 'ਤੇ ਚਲੀਆਂ ਗਈਆਂ। ਜਦੋਂ ਉਹ ਚੁਬਾਰੇ ਵਿੱਚ ਗਈਆਂ ਅਤੇ ਪਾਲੀ ਨੂੰ ਮਰੀ ਪਈ ਦੇਖਿਆ ਤਾਂ ਉਨ੍ਹਾਂ ਦੀਆਂ ਚੀਖ਼ਾਂ ਨਿਕਲ ਗਈਆਂ ਅਤੇ ਸਾਰੀਆਂ ਇਹੋ ਕਹਿਣ ਲੱਗੀਆਂ ਕਿ ਸਾਨੂੰ ਉਹਨੂੰ ਕੱਲਿਆਂ ਛੱਡ ਕੇ ਜਾਣਾ ਨਈਂ ਸੀ ਚਾਹੀਦਾ।

ਕੁੜੀਆਂ - (ਕੋਠੇ ਤੋਂ ਥੱਲੇ ਨੂੰ ਦੇਖਦੀਆਂ ਹੋਈਆਂ) 'ਆਂਟੀ ਉੱਪਰ ਆ ਜਾਓ, ਪਾਲੀ ਮਰ ਗਈ ਐ, ਆਂਟੀ ਪਾਲੀ ਮਰ ਗਈ ਐ। ਕੁੜੀਆਂ ਉੱਚੀ ਉੱਚੀ ਰੌਲਾ ਪਾ ਰਹੀਆਂ ਹਨ, ਪਰ ਕੋਈ ਉਨ੍ਹਾਂ ਦੀ ਆਵਾਜ਼ ਨਹੀਂ ਸੁਣ ਰਿਹਾ। ਕੁੜੀਆਂ ਉੱਚੀ ਉੱਚੀ ਰੋ ਰਹੀਆਂ ਹਨ।)

ਧਰਮ ਕੌਰ - (ਸੋਹਣ ਸਿੰਘ ਨੂੰ ਮੋਢੇ ਤੋਂ ਹਿਲਾ ਕੇ) 'ਮੈਂ ਕਿਹਾ ਜੀ, ਉੱਪਰ ਦੇਖੋ ਕੁੜੀਆਂ ਕੀ ਰੌਲ਼ਾ ਪਾਈ ਜਾਂਦੀਆਂ, ਆਹ ਬੈਂਡ ਬਾਜਿਆਂ ਦੇ ਰੌਲ਼ੇ ਵਿੱਚ ਮੈਨੂੰ ਤਾਂ ਕੁੱਛ ਸਮਝ ਨਈਂ ਆਉਂਦਾ, ਉਹ ਕੀ ਕਹੀ ਜਾਂਦੀਆਂ।'

ਸੋਹਣ ਸਿੰਘ - (ਕੋਠੇ 'ਤੇ ਚੜ੍ਹ ਕੇ ਦੇਖਦਾ ਹੈ, ਸਾਰੀਆਂ ਕੁੜੀਆਂ ਰੋਈ ਜਾ ਰਹੀਆਂ ਹਨ। ਜਦੋਂ ਉਹਨੇ ਚੁਬਾਰੇ ਦੇ ਅੰਦਰ ਝਾਤ ਮਾਰੀ, ਤਾਂ ਉਹਦੀਆਂ ਧਾਹਾਂ ਹੀ ਨਿਕਲ ਗਈਆਂ।)

ਸੋਹਣ ਸਿੰਘ - (ਕੋਠੇ ਤੋਂ ਥੱਲੇ ਨੂੰ ਦੇਖ ਕੇ, ਜ਼ੋਰ-ਜ਼ੋਰ ਦੀ ਆਵਾਜ਼ਾਂ ਲਗਾਉਂਦਾ ਹੈ) 'ਬੰਦ ਕਰੋ ਇਹ ਬਾਜੇ ਵਜਾਉਣੇ, ਬੰਦ ਕਰੋ ਭੰਗੜੇ ਪਾਉਣੇ।'ਧਰਮ ਕੌਰੇ ਪਾਲੀ ਮਰ ਗਈ ਐ।' (ਦੋਨੋਂ ਹੱਥ ਮੱਥੇ 'ਤੇ ਮਾਰ ਕੇ ਰੋਈ ਜਾਂਦਾ ਹੈ)

'ਹਾਏ ਓਏ ਮੈਂ ਮਾਰਿਆ ਗਿਆ, ਲੋਕੋ ਮੈਂ ਲੁੱਟਿਆ ਗਿਆ, ਮੈਂ ਬਰਬਾਦ ਹੋ ਗਿਆ ਓਏ, ਓਏ ਮੇਰਾ ਕੁੱਛ ਨਹੀਂ ਬਚਿਆ।'

(ਅੰਦਰ ਆ ਕੇ ਪਾਲੀ ਨੂੰ ਚੁੱਕ ਕੇ ਬਾਹਾਂ 'ਚ ਲੈ ਕੇ ਰੋਂਦਾ ਹੋਇਆ) 'ਪਾਲੀ, ਪਾਲੀ, ਪਾਲੀ (ਭੁੱਬਾਂ ਮਾਰ ਮਾਰ ਰੋਂਦਾ ਹੋਇਆ) 'ਓ ਵੈਰੀਆ ਰੱਬਾ, ਇਹ ਕੀ ਕੀਤਾ।'

(ਇੰਨੇ ਨੂੰ ਹੋਰ ਮਹਿਮਾਨ ਤੇ ਮੁੰਡੇ ਵਾਲੇ ਵੀ ਉੱਪਰ ਆ ਗਏ। ਲੋਕਾਂ ਨਾਲ ਕਮਰਾ ਭਰ ਗਿਆ। ਇੱਕ ਕੁੜੀ ਪਾਮੀ ਦਾ ਗਲਾਸ ਲੈ ਕੇ ਆ ਗਈ। ਜ਼ਨਾਨੀਆਂ ਧਰਮ ਕੌਰ ਦੀ ਦੰਦਲ ਖੋਲ੍ਹਣ ਲੱਗ ਪਈਆਂ।)

ਬਹਾਦਰ ਸਿੰਘ - (ਸੋਹਣ ਸਿੰਘ ਨੂੰ) 'ਸਰਦਾਰ ਜੀ, ਕਦੀ ਜ਼ਿੰਦਗੀ 'ਚ ਸੁਣਿਆ ਨਈਂ ਸੀ, ਕਿ ਇੱਦਾਂ ਵੀ ਹੋ ਜਾਂਦੀ ਏ। (ਆਮ ਲੋਕਾਂ ਨੂੰ) 'ਵਈ ਹੁਣ ਤੁਸੀਂ ਸਾਰੇ ਥੱਲੇ ਜਾਓ, ਅਸੀਂ ਵੀ ਥੱਲੇ ਆਉਣ ਲੱਗੇ ਆਂ।' (ਹੌਲੀ ਹੌਲੀ ਲੋਕ ਥੱਲੇ ਉਤਰਨ ਲੱਗ ਪਏ।)

(ਧਰਮ ਕੌਰ ਨੇ ਪਾਲੀ ਨੂੰ ਆਪਣੀਆਂ ਬਾਹਾਂ ਵਿੱਚ ਲਿਆ ਹੋਇਆ ਐ। ਉਹਦੇ ਮੂੰਹ 'ਤੇ ਹੱਥ ਫੇਰ ਕੇ ਪਾਲੀ ਨੂੰ ਆਪਣੀਆਂ ਬਾਹਾਂ ਵਿੱਚ ਲਿਆ ਹੋਇਆ ਐ। ਉਹਦੇ ਮੂੰਹ 'ਤੇ ਹੱਥ ਫੇਰੀ ਜਾਂਦੀ ਐ ਤੇ ਰੋਈ ਜਾਂਦੀ ਐ। ਸਰਪੰਚ ਵੀ ਉੱਪਰ ਆ ਗਿਆ।)

ਬਹਾਦਰ ਸਿੰਘ - 'ਸਰਦਾਰ ਜੀ, ਹੋਣੀ ਨੂੰ ਕੋਈ ਟਾਲ ਨਹੀਂ ਸਕਦਾ।'

ਸਰਪੰਚ - 'ਵਈ ਸੋਹਣ ਸਿਆਂ, ਹੋਈ ਤਾਂ ਤੇਰੇ ਨਾਲ ਬਹੁਤ ਮਾੜੀ ਐ। ਪਰ ਰੱਬ ਦੀ ਕਰਨੀ ਅੱਗੇ ਸਭ ਦੇ ਹੱਥ ਖੜ੍ਹੇ ਹੋ ਜਾਂਦੇ ਹਨ। ਸਾਡੇ ਗੁਰੂ ਸਾਹਿਬ ਜੀ ਦਾ ਵੀ ਇਹੋ ਫੁਰਮਾਨ ਹੈ-

'ਨਾਨਕ ਹੁਕਮੀ ਆਵਹੁ ਜਾਵਹੁ॥ - ਜੀਵ ਉਹਦੇ ਹੁਕਮ ਨਾਲ ਹੀ ਸੰਸਾਰ ਵਿੱਚ ਆਉਂਦਾ ਹੈ ਅਤੇ ਸੰਸਾਰ 'ਚੋਂ ਜਾਂਦਾ ਵੀ ਉਹਦੇ ਹੁਕਮ ਨਾਲ ਹੀ ਹੈ। ਇਸ ਲਈ ਜੋ ਵੀ ਹੋਇਆ, ਉਹਨੂੰ ਉਹਦਾ ਭਾਣਾ ਮੰਨ ਲੈਣ ਵਿੱਚ ਹੀ ਸਾਡਾ ਭਲਾ ਹੈ। ਡਾਹਢੇ ਅੱਗੇ ਕਿਸੇ ਦਾ ਜ਼ੋਰ ਨਈਂ ਚਲਦਾ। ਇਸ ਲਈ, ਆਓ ਆਪਾਂ ਹੁਣ ਥੱਲੇ ਚਲੀਏ।' (ਸਾਰੇ ਥੱਲੇ ਆ ਜਾਂਦੇ ਹਨ।)

(ਸੋਹਣ ਸਿੰਘ, ਬਹਾਦਰ ਸਿੰਘ, ਸਰਪੰਚ, ਇਹ ਤਿੰਨੋਂ ਥੱਲੇ ਇੱਕ ਕਮਰੇ ਵਿੱਚ ਆ ਜਾਂਦੇ ਹਨ।)

ਬੈੱਡ 'ਤੇ ਪਈ ਇੱਕ ਖੇਸੀ ਨੂੰ ਚੁੱਕ ਕੇ ਸਰਪੰਚ ਨੇ ਜ਼ਮੀਨ 'ਤੇ ਵਿਛਾ ਦਿੱਤਾ ਅਤੇ ਤਿੰਨੋਂ ਜਣੇ ਉਸ ਉੱਪਰ ਬੈਠ ਗਏ। ਇਨ੍ਹਾਂ ਨੂੰ ਬੈਠੇ ਵੇਖ ਕੇ ਕਿਰਪਾਲਾ ਅਤੇ ਗੋਪੀ ਵੀ ਆ ਕੇ ਬੈਠ ਗਏ।

ਬਹਾਦਰ ਸਿੰਘ - 'ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥ ਇਨਸਾਨ ਚਾਹੁੰਦਾ ਕੁਛ ਹੈ, ਪਰ ਬਣ ਕੁਛ ਹੋਰ ਹੀ ਜਾਂਦਾ ਹੈ। ਹੁਣ ਅਸੀਂ ਘਰੋਂ ਮੁੰਡਾ ਵਿਆਹੁਣ ਆਏ ਸੀ, ਪਰ ਇੱਥੇ ਭਾਣਾ ਹੀ ਕੁੱਛ ਹੋਰ ਵਰਤ ਗਿਆ। ਖ਼ੁਸ਼ੀ ਇੱਕਦਮ ਗ਼ਮੀ 'ਚ ਬਦਲ ਗਈ।'

ਸੋਹਣ ਸਿੰਘ - 'ਸਾਨੂੰ ਕੀ ਪਤਾ ਸੀ, ਰੱਬ ਨੇ ਕੁੜੀ ਨੂੰ ਇੰਨੀ ਛੇਤੀ ਲੈ ਜਾਣੈ?'

ਸਰਪੰਚ - 'ਭਾਈ ਸਾਬ, ਰੱਬ ਨੇ ਸਾਨੂੰ ਇੱਕ ਐਸੇ ਮੋੜ 'ਤੇ ਲਿਆ ਖੜ੍ਹਾ ਕੀਤੈ, ਕਿ ਇੱਥੋਂ ਸਾਨੂੰ ਬੜੀ ਹੀ ਸੂਝ ਬੂਝ ਨਾਲ ਅੱਗੇ

ਚੱਲਣਾ ਪੈਣਾ ਹੈ। ਜੋ ਹੋਣਾ ਸੀ ਉਹ ਤਾਂ ਹੋ ਗਿਆ, ਹੁਣ ਅਗਾਂਹ ਵਾਸਤੇ ਆਪਣੇ ਦਿਲ 'ਤੇ ਪੱਥਰ ਰੱਖ ਕੇ ਇਹ ਸੋਚਣਾ ਪੈਣਾ ਹੈ ਕਿ ਅੱਗੇ ਅਸੀਂ ਕੀ ਕਰਨਾ ਹੈ?'

ਬਹਾਦਰ ਸਿੰਘ – 'ਇਹੋ ਤਾਂ ਮੈਂ ਸੋਚਦਾ ਹਾਂ, ਹੁਣ ਕਰੀਏ ਤਾਂ ਕੀ ਕਰੀਏ। ਕੀ ਮੂੰਹ ਲੈ ਕੇ ਵਾਪਸ ਜਾਵਾਂਗੇ?'

ਸਰਪੰਚ – 'ਤੁਸੀਂ ਚਿੰਤਾ ਨਾ ਕਰੋ, ਸੋਚਦੇ ਹਾਂ ਤੁਹਾਡੇ ਬਾਰੇ ਵੀ।'

'ਸੋਹਣ ਸਿਆਂ ! ਪਿੰਡ 'ਚੋਂ ਕਿਸੇ ਹੋਰ ਕੁੜੀ ਦਾ ਪ੍ਰਬੰਧ ਕਰਨਾ ਪਵੇਗਾ।'

ਸੋਹਣ ਸਿੰਘ – 'ਸਰਪੰਚਾ, ਜਿਹੜੀ ਉੱਪਰ ਮਰੀ ਪਈ ਐ, ਉਹਦੇ ਵਾਸਤੇ ਤਾਂ ਸੋਚ, ਉਹਦਾ ਕੀ ਕਰਨੈ?'

ਸਰਪੰਚ – 'ਜਾਹ ਪਹਿਲਾਂ ਉੱਪਰ ਕਮਰੇ ਨੂੰ ਤਾਲਾ ਲਾ ਕੇ ਆ। ਪਹਿਲਾਂ ਬਰਾਤ ਤੋਰ ਲਈਏ, ਫਿਰ ਉਹਦੇ ਵਾਸਤੇ ਵੀ ਸੋਚਾਂਗੇ।'

(ਸੋਹਣ ਸਿੰਘ ਉੱਠ ਕੇ ਤਾਲਾ ਲਾਉਣ ਚਲਾ ਗਿਆ।)

ਸਰਪੰਚ – 'ਤੁਸੀਂ ਸਾਰੇ ਉੱਠ ਕੇ ਕੁਰਸੀਆਂ 'ਤੇ ਬੈਠ ਜਾਓ।'

(ਸਾਰੇ ਉੱਠ ਕੇ ਕੁਰਸੀਆਂ 'ਤੇ ਬੈਠ ਗਏ। ਸਰਪੰਚ ਨੇ ਵਿਛਾਈ ਹੋਈ ਖੇਸੀ ਚੁੱਕੀ ਅਤੇ ਕੋਲ ਪਏ ਬੈੱਡ 'ਤੇ ਸਿੱਟ ਦਿੱਤੀ। ਸੋਹਣ ਸਿੰਘ ਵੀ ਵਾਪਸ ਆ ਕੇ ਕੁਰਸੀ 'ਤੇ ਬੈਠ ਗਿਆ।)

ਸਰਪੰਚ – 'ਰੱਬ ਦੇ ਕੀਤੇ ਨੂੰ ਤਾਂ ਅਸੀਂ ਮੋੜ ਨਹੀਂ ਸਕਦੇ। ਜੇ ਇਹ ਬਰਾਤ ਸਾਡੇ ਪਿੰਡੋਂ ਖ਼ਾਲੀ ਮੁੜ ਗਈ, ਤਾਂ ਸਾਡੇ ਪਿੰਡ ਦੀ ਬਦਨਾਮੀ ਬਹੁਤ ਹੋਏਗੀ। ਲਾਗਲੇ ਪਿੰਡ ਵਾਲਿਆਂ ਕਹਿਣਾ, ਜੇ ਇੱਕ ਕੁੜੀ ਮਰ ਗਈ ਸੀ, ਤਾਂ ਪਿੰਡ ਵਿੱਚ ਕੋਈ ਹੋਰ ਕੁੜੀ ਨਈਂ ਸੀ? ਬਰਾਤ ਖ਼ਾਲੀ ਨਈਂ ਮੋੜਨੀ ਚਾਹੀਦੀ।'

ਕਿਰਪਾਲਾ – 'ਸਰਪੰਚ ਸਾਬ, ਪਿੰਡ ਦੀ ਇੱਜ਼ਤ ਬਚਾਉਣ ਲਈ, ਇਹ ਕੁਰਬਾਨੀ ਦੇਣ ਲਈ ਮੈਂ ਤਿਆਰ ਹਾਂ। ਮੇਰੀ ਕੁੜੀ ਵਿਆਹੁਣ ਯੋਗ ਹੈ, ਮੈਂ ਉਹਦਾ ਵਿਆਹ ਇਸ ਮੁੰਡੇ ਨਾਲ ਕਰਨ ਨੂੰ ਤਿਆਰ ਹਾਂ।' (ਸਾਰੇ ਹੈਰਾਨ ਹੋ ਕੇ ਉਹਦੇ ਮੂੰਹ ਵੱਲ ਵੇਖਣ ਲੱਗ ਪਏ।)

ਸੋਹਣ ਸਿੰਘ – 'ਕਿਰਪਾਲਿਆ ! ਪਹਿਲਾਂ ਜਾ ਕੇ ਆਪਣੀ ਕੁੜੀ ਨੂੰ ਪੁੱਛ ਤਾਂ ਲੈ।'

ਕਿਰਪਾਲਾ – 'ਮੈਂ ਹੁਣੇ ਜਾ ਕੇ ਪੁੱਛ ਲੈਨਾਂ।' (ਇੰਨੀ ਗੱਲ ਕਹਿ ਕੇ ਕਿਰਪਾਲਾ ਉੱਠ ਕੇ ਤੁਰ ਪਿਆ।)

**ਦ੍ਰਿਸ਼ ਸਤਾਈਵਾਂ**

ਸਥਾਨ –ਕਿਰਪਾਲੇ ਦਾ ਘਰ

ਪਾਤਰ – ਕਿਰਪਾਲਾ, ਕਰਤਾਰੋ, ਸੁੱਖੀ

**ਉਦੇਸ਼** : ਸੁੱਖੀ ਨੂੰ ਵਿਆਹ ਲਈ ਰਾਜ਼ੀ ਕਰਨਾ

(ਕਿਰਪਾਲਾ ਤੇ ਉਹਦੇ ਘਰ ਵਾਲੀ ਕਰਤਾਰੋ ਇੱਕ ਮੰਜੇ 'ਤੇ ਬੈਠੇ ਹਨ। ਸਾਹਮਣੇ ਵਾਲੇ ਮੰਜੇ 'ਤੇ ਸੁੱਖੀ ਬੈਠੀ ਹੈ।)

ਕਿਰਪਾਲਾ – 'ਸੁੱਖੀ ਪੁੱਤਰ, ਤੈਨੂੰ ਪਤਾ ਲੱਗ ਹੀ ਗਿਆ ਹੋਣੈ ਕਿ ਪਾਲੀ ਦਾ ਕਤਲ ਹੋ ਗਿਆ ਹੈ।'

ਸੁੱਖੀ – 'ਹਾਂ ਡੈਡੀ, ਇਹ ਤਾਂ ਬਹੁਤ ਬੁਰਾ ਹੋਇਆ। ਅਸੀਂ ਅੱਜ ਤਕ ਕਦੇ ਨਹੀਂ ਸੀ ਸੁਣਿਆ, ਕਿ ਵਿਆਹ ਵਾਲੇ ਦਿਨ ਕੁੜੀ ਦਾ ਕਤਲ ਹੋਇਆ ਹੋਵੇ। ਇਹ ਤਾਂ ਬਿਲਕੁੱਲ ਹੀ ਅਨਹੋਣੀ ਹੋਈ ਐ।'

ਕਰਤਾਰੋ – 'ਜਦੋਂ ਬਰਾਤ ਆਪਣੇ ਪਿੰਡ ਜਾਏਗੀ, ਤਾਂ ਪਿੰਡ ਦੀਆਂ ਜ਼ਨਾਨੀਆਂ ਨੇ ਵਹੁਟੀ ਦੇਖਣ ਆਉਣੈ, ਤਾਂ ਇਹ ਵਿਚਾਰੇ ਕੀ ਜਵਾਬ ਦੇਣਗੇ? ਕਿੰਨੀ ਨਮੋਸ਼ੀ ਦੀ ਗੱਲ ਐ।'

ਕਿਰਪਾਲਾ – 'ਕੁੜੀਏ, ਇਹ ਕੱਲੀ ਮੁੰਡਿਆਂ ਦੇ ਮਾਪਿਆਂ ਲਈ ਹੀ ਨਮੋਸ਼ੀ ਦੀ ਗੱਲ ਨਹੀਂ। ਸਾਡੇ ਪਿੰਡ 'ਚੋਂ ਬਰਾਤ ਖ਼ਾਲੀ ਮੁੜ ਜਾਣ ਨਾਲ ਲਾਗਲੇ ਪਿੰਡਾਂ ਵਿੱਚ ਸਾਡੇ ਪਿੰਡ ਦੀ ਕਿੰਨੀ ਬੇਇੱਜ਼ਤੀ ਹੋਏਗੀ, ਕਿ ਉਸ ਪਿੰਡ ਵਿੱਚ ਹੋਰ ਕੋਈ ਕੁੜੀ ਹੀ ਨਈਂ ਸੀ ਵਿਆਹੁਣ ਯੋਗ?'

ਸੁੱਖੀ – 'ਫੇਰ ਤੁਸੀਂ ਕੀ ਸੋਚਿਆ ਪਿੰਡ ਦੀ ਪੱਤ ਰੱਖਣ ਲਈ?'

ਕਿਰਪਾਲਾ – 'ਧੀਏ, ਇਹ ਜ਼ਿੰਮੇਵਾਰੀ ਮੈਂ ਆਪਣੇ ਸਿਰ ਲੈ ਆਇਆ ਹਾਂ। ਮੈਂ ਕਹਿ ਆਇਆ ਹਾਂ ਕਿ ਮੇਰੀ ਕੁੜੀ ਵਿਆਹੁਣ ਯੋਗ ਹੈ। ਮੈਂ ਆਪਣੀ ਕੁੜੀ ਦਾ ਵਿਆਹ, ਇਸ ਮੁੰਡੇ ਨਾਲ ਕਰਨ ਬਾਰੇ ਵਿਚਾਰ ਕਰ ਸਕਦਾ ਹਾਂ।'

ਸੁੱਖੀ – 'ਡੈਡੀ, ਤੁਸੀਂ ਕੀ ਸੋਚ ਕੇ ਸਰਪੰਚ ਨੂੰ ਹਾਂ ਕਰ ਆਏ ਹੋ?' ਪਹਿਲਾਂ ਘਰ ਵਿੱਚ ਸਲਾਹ ਤਾਂ ਕਰ ਲੈਂਦੇ।'

ਕਿਰਪਾਲਾ – 'ਬੇਟਾ, ਮੈਨੂੰ ਉਹ ਮੁੰਡਾ ਦੇਖਣ ਨੂੰ ਬਹੁਤ ਸੋਹਣਾ ਲੱਗਾ। ਸਾਬਤ ਸੂਰਤ ਸਰਦਾਰ ਐ। ਪੜ੍ਹਿਆ ਲਿਖਿਆ ਐ, ਸਰਕਾਰੀ ਬੈਂਕ ਵਿੱਚ ਨੌਕਰੀ ਕਰਦੈ, ਫਿਰ ਹੈ ਕੱਲਾ ਕੱਲਾ, ਉਹਦਾ ਪਿਓ ਮਿਲਟਰੀ 'ਚੋਂ ਕੈਪਟਨ ਰਿਟਾਇਰ ਹੈ, ਪੜ੍ਹੀ-ਲਿਖੀ ਇੱਜ਼ਤਦਾਰ ਫੈਮਲੀ ਹੈ। ਮੈਂ ਇਹਨਾਂ ਸਾਰੀਆਂ ਗੱਲਾਂ 'ਤੇ ਸੋਚ ਕੇ

ਹੀ ਵਿਚਾਰ ਕੀਤੀ ਹੈ।'

ਸੁੱਖੀ – 'ਚੰਗੀ ਤਰ੍ਹਾਂ ਸੋਚ ਲਈਓ ਡੈਡੀ, ਦੁਨੀਆਂ ਵਿੱਚ ਧੋਖੇਬਾਜ਼ ਲੋਕ ਬਹੁਤ ਨੇ।'

ਕਰਤਾਰੋ – 'ਬੇਟਾ, ਅਸੀਂ ਸਾਰੇ ਜਣੇ ਉੱਥੇ ਜਾ ਕੇ, ਉਨ੍ਹਾਂ ਨਾਲ ਗੱਲਬਾਤ ਕਰ ਕੇ ਹੀ ਦੇਖਾਂ ਗੇ ਨਾ।'

**ਦ੍ਰਿਸ਼ ਅਠਾਈਵਾਂ**

ਸਥਾਨ– ਸੋਹਣ ਸਿੰਘ ਦੀ ਹਵੇਲੀ

ਪਾਤਰ – ਸੋਹਣ ਸਿੰਘ, ਸਰਪੰਚ, ਕਿਰਪਾਲਾ, ਬਹਾਦਰ ਸਿੰਘ, ਕਰਤਾਰੋ, ਗੋਪੀ ਤੇ ਸੁੱਖੀ।

**ਉਦੇਸ਼ :** ਵਿਆਹ ਲਈ ਗੋਪੀ ਤੇ ਸੁੱਖੀ ਦਾ ਮਿਲਾਪ

(ਸੁੱਖੀ ਅਤੇ ਉਹਦੇ ਮੰਮੀ ਡੈਡੀ ਸੋਹਣ ਸਿੰਘ ਦੀ ਹਵੇਲੀ ਪਹੁੰਚ ਗਏ।)

(ਸੁੱਖੀ ਨੇ ਜਾਂਦਿਆਂ ਹੀ ਸਾਰਿਆਂ ਨੂੰ ਦੋਨੋਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ।

ਧਰਮ ਕੌਰ ਨੇ ਸੁੱਖੀ ਨੂੰ ਆਪਣੇ ਕੁਲਾਵੇ ਵਿੱਚ ਲਿਆ ਅਤੇ ਆਪਣੇ ਕੋਲ ਹੀ ਬਿਠਾ ਲਿਆ। ਸੁੱਖੀ ਦੀ ਨਜ਼ਰ ਗੋਪੀ 'ਤੇ ਟਿੱਕ ਗਈ।)

ਸੁੱਖੀ – (ਗੋਪੀ ਵੱਲ ਇਸ਼ਾਰਾ ਕਰ ਕੇ ਪੁੱਛਦੀ ਹੈ) 'ਐਕਸਕਿਊਜ਼ ਮੀ, ਆਰ ਯੂ ਗੋਪੀ ਸਰ?'

ਗੋਪੀ – (ਸੁੱਖੀ ਵੱਲ ਦੇਖ ਕੇ ਹੈਰਾਨ ਹੋ ਕੇ ਪੁੱਛਿਆ) 'ਯੂ ਸੁੱਖੀ?'

(ਉਹ ਦੋਨੋਂ ਉੱਠ ਕੇ ਇੱਕ ਦੂਜੇ ਵੱਲ ਵਧੇ ਅਤੇ ਘੁੱਟ ਕੇ ਹੱਥ ਮਿਲਾਏ। ਇਹ ਦੇਖ ਕੇ ਸਾਰੇ ਬੜੇ ਹੈਰਾਨ ਹੋਏ, ਕਿ ਇਹ ਦੋਨੋਂ ਇੱਕ ਦੂਜੇ ਨੂੰ ਕਿਵੇਂ ਜਾਣਦੇ ਹਨ।)

ਗੋਪੀ – (ਸੁੱਖੀ ਨੂੰ) 'ਉਹ ਫ਼ਕੀਰ ਵਾਲੀ ਗੱਲ ਯਾਦ ਆਈ। 'ਪਰਮਾਤਮਾ ਤੁਹਾਡੀ ਜੋੜੀ ਸਲਾਮਤ ਰੱਖੇ'। (ਸੁੱਖੀ ਨੇ ਮੁਸਕਰਾਉਂਦਿਆਂ ਅੱਖਾਂ ਨੀਵੀਆਂ ਕਰ ਲਈਆਂ।)

ਸਰਪੰਚ – (ਅਸੀਂ ਤਾਂ ਐਵੇਂ ਫ਼ਿਕਰ ਕਰਨ ਲੱਗੇ ਹੋਏ ਸੀ, ਕਿ ਹੁਣ ਕੀ ਬਣੂੰਗਾ? ਰੱਬ ਨੇ ਤਾਂ ਪਹਿਲਾਂ ਹੀ ਸਾਰਾ ਪ੍ਰਬੰਧ ਕੀਤਾ ਹੋਇਆ ਸੀ (ਸਾਰਿਆਂ ਵੱਲ ਇਸ਼ਾਰਾ ਕਰਦਾ ਹੋਇਆ) ਆਓ, ਆਪਾਂ ਹੁਣ ਬਾਹਰ ਚਲੀਏ, ਇਨ੍ਹਾਂ ਨੇ ਆਪੇ ਹੁਣ ਫ਼ੈਸਲਾ ਕਰ ਲੈਣਾ।'

(ਬਾਹਰ ਨਿਕਲਦਿਆਂ ਹੀ ਅਚਾਨਕ ਸੋਹਣ ਸਿੰਘ ਦੇ ਮੂੰਹੋਂ ਨਿਕਲਿਆ :–'ਵਾਹ ਓ ਮਾਲਕਾ, ਤੇਰੀਆਂ ਤੂੰ ਹੀ ਜਾਣੇਂ, ਕਿਹੜਾ ਮੋਤੀ ਕਿਹੜੀ ਮਾਲਾ ਵਿੱਚ ਪ੍ਰੋਣਾ ਹੈ।'

**ਦ੍ਰਿਸ਼ ਉਨੀਤਵਾਂ**

ਸਥਾਨ– ਗੁਰਦੁਆਰਾ ਸਾਹਿਬ ਦੇ ਬਾਹਰ

ਪਾਤਰ – ਗੋਪੀ, ਸੁੱਖੀ, ਬਹਾਦਰ ਸਿੰਘ, ਸੋਹਣ ਸਿੰਘ, ਕਿਰਪਾਲਾ, ਧਰਮ ਕੌਰ, ਕਰਤਾਰੋ

**ਉਦੇਸ਼ :** ਗੋਪੀ ਤੇ ਸੁੱਖੀ ਦਾ ਵਿਆਹ ਹੋ ਗਿਆ।

(ਲਾਵਾਂ ਫੇਰਿਆਂ ਤੋਂ ਵਿਹਲੇ ਹੋ ਕੇ, ਮੁੰਡੇ ਵਾਲੇ, ਕੁੜੀ ਵਾਲੇ ਅਤੇ ਹੋਰ ਸਾਰੇ ਬਰਾਤੀ ਗੁਰਦੁਆਰਾ ਸਾਹਿਬ ਦੇ ਬਾਹਰ ਖੜ੍ਹੇ ਹਨ। ਗੋਪੀ ਦੇ ਹੱਥ ਵਿੱਚ ਕਿਰਪਾਨ ਹੈ, ਮੋਢੇ 'ਤੇ ਕੇਸਰੀ ਰੰਗ ਦਾ ਪੱਲਾ ਹੈ, ਉਹਦੇ ਖੱਬੇ ਪਾਸੇ ਸੁੱਖੀ ਦੁਲਹਨ ਬਣੀ ਖੜ੍ਹੀ ਹੈ। ਸਾਰੇ ਲੋਕ ਬਹਾਦਰ ਸਿੰਘ ਅਤੇ ਕਿਰਪਾਲੇ ਨੂੰ ਵਧਾਈਆਂ ਦੇ ਰਹੇ ਹਨ। ਫੁੱਲਾਂ ਵਾਲੀ ਕਾਰ ਵੀ ਪਹੁੰਚ ਗਈ ਹੈ। ਗੋਪੀ ਅਤੇ ਸੁੱਖੀ ਹੱਸ ਹੱਸ ਗੱਲਾਂ ਕਰ ਰਹੇ ਹਨ।)

ਬਹਾਦਰ ਸਿੰਘ – (ਉੱਚੀ ਆਵਾਜ਼ ਵਿੱਚ ਗੋਪੀ ਤੇ ਸੁੱਖੀ ਨੂੰ)' ਓ ਆ ਜਾਓ ਤੁਸੀਂ ਵੀ ਹੁਣ, ਬਾਕੀ ਗੱਲਾਂ ਘਰ ਜਾ ਕੇ ਕਰ ਲਈਓ।'

(ਦੋਨੋਂ ਫੁੱਲਾਂ ਵਾਲੀ ਕਾਰ ਦੇ ਨੇੜੇ ਆ ਜਾਂਦੇ ਹਨ। ਧਰਮ ਕੌਰ ਤੇ ਕਰਤਾਰੋ ਸੁੱਖੀ ਨੂੰ ਪਿਆਰ ਕਰਦੀਆਂ ਹਨ। ਗੋਪੀ ਤੇ ਸੁੱਖੀ ਕਾਰ ਦੀ ਪਿਛਲੀ ਸੀਟ 'ਤੇ ਬੈਠ ਜਾਂਦੇ ਹਨ। ਬਹਾਦਰ ਸਿੰਘ ਕਾਰ ਦੀ ਅਗਲੀ ਸੀਟ ਦੇ ਕੋਲ ਖੜ੍ਹਾ ਹੈ। ਸੋਹਣ ਸਿੰਘ ਤੇ ਕਿਰਪਾਲੇ ਨੂੰ ਹੱਥ ਮਿਲਾ ਕੇ ਕਾਰ ਵਿੱਚ ਬੈਠ ਜਾਂਦਾ ਹੈ। ਇੰਨੇ ਨੂੰ ਇੱਕ ਸਾਧੂ ਕਾਰ ਦੇ ਕੋਲ ਆ ਜਾਂਦਾ ਹੈ।)

ਗੋਪੀ – (ਸਾਧੂ ਵੱਲ ਦੇਖ ਕੇ) ਸੁੱਖੀ, ਦੇਖ ਤਾਂ ਇਹ ਉਹੀ ਸਾਧੂ ਨਈਂ, ਜਿਹਨੇ ਸਾਨੂੰ ਆਸ਼ੀਰਵਾਦ ਦਿੱਤਾ ਸੀ?'

ਸੁੱਖੀ – 'ਹਾਂ, ਇਹ ਤਾਂ ਉਹੀ ਸਾਧੂ ਹੈ। ਦੋਨੋਂ ਜਾ ਕੇ ਸਾਧੂ ਦੇ ਚਰਨ ਸਪਰਸ਼ ਕਰਦੇ ਹਨ। ਸਾਧੂ ਉਨ੍ਹਾਂ ਨੂੰ ਇੱਕ ਸੇਬ ਦੇ ਕੇ ਕਹਿੰਦਾ ਹੈ, 'ਇਹਨੂੰ ਅੱਧਾ ਅੱਧਾ ਖਾ ਲਿਓ, ਜਾਓ ਦੂਧੋਂ ਨਹਾਓ ਪੂਤੋਂ ਫਲੋਂ।'

(ਗੋਪੀ ਤੇ ਸੁੱਖੀ ਆ ਕੇ ਕਾਰ ਵਿੱਚ ਬੈਠ ਗਏ। ਕਾਰ ਤੁਰ ਪਈ)।

**ਸਮਾਪਤ**

# ਇਕ ਲੱਪ ਯਾਦਾਂ ਦੀ

(ਸਫ਼ਰਨਾਮਾ)

ਭੁਪਿਦੰਰ ਉਸਤਾਦ

*ਨੋਟ : ਲੜੀ ਜੋੜਨ ਲਈ ਆਪਣੀ ਆਵਾਜ਼ ਦਾ ਅੰਕ ਫਰਵਰੀ 2026 ਦੇਖਿਆ ਜਾ ਸਕਦਾ ਹੈ।*

**ਭੁਪਿੰਦਰ ਉਸਤਾਦ ਇੱਕ ਅਣਗੌਲਿਆ ਪਰ ਸੰਜੀਦਾ ਗਲਪਕਾਰ ਹੈ। ਉਸ ਨੇ ਬੜੀਆਂ ਖੂਬਸੂਰਤ ਕਹਾਣੀਆਂ ਪੰਜਾਬੀ ਗਲਪ ਨੂੰ ਦਿੱਤੀਆਂ ਹਨ। ਇਕ ਲੱਪ ਯਾਦਾਂ ਦੀ ਉਸਦਾ ਸਫ਼ਰਨਾਮਾ ਹੈ। ਜੋ ਜੋ ਅਨੁਭਵ ਉਸਨੇ ਅਰਬ ਦੇਸ਼ ਓਮਾਨ ਵਿਚ ਰਹਿ ਕੇ ਹੰਢਾਏ। ਉਹਨਾਂ ਦਾ ਬੜਾ ਦਿਲਚਸਪ ਵਰਣਨ ਇਸ ਸਫ਼ਰਨਾਮੇ ਵਿਚ ਪੜ੍ਹਣ ਨੂੰ ਮਿਲਦਾ ਹੈ। ਆਪਣੀ ਆਵਾਜ਼ ਦੇ ਪਾਠਕਾਂ ਲਈ ਇਹ ਸਫ਼ਰਨਾਮਾ ਲੜੀਵਾਰ ਛਾਪਣ ਦੀ ਅਸੀਂ ਖ਼ੁਸ਼ੀ ਲੈ ਰਹੇ ਹਾਂ। ਜਿਸ ਦਾ ਪੰਜਵਾਂ ਅੰਸ਼ ਇੱਥੇ ਪੇਸ਼ ਹੈ -**

**ਕਾਂਡ**-5

ਉਸ ਦਿਨ ਧੁੰਮਾ ਸੀ, ਤਕਰੀਬਨ ਗਿਆਰਾਂ ਕੁ ਵਜੇ ਦਾ ਵੇਲਾ ਸੀ ਇਕ ਗੱਡੀ ਸਾਡੇ ਕੁਆਟਰ ਵਲ ਨੂੰ ਮੁੜਦੀ ਦੇਖੀ। ਅਸੀਂ ਸੋਚਣ ਲੱਗ ਗਏ, ਕਿ ਇਹ ਕੌਣ ਆ ਰਿਹਾ ਹੈ।




ਗੱਡੀ ਧੂੜ ਉਡਾਉਂਦੀ ਆ ਰਹੀ ਸੀ ਇਸ ਕਰਕੇ ਅੰਦਾਜਾ ਨਹੀਂ ਲੱਗ ਸਕਿਆ। ਗੱਡੀ ਸਾਡੀ ਬਾਊਂਡਰੀ ਲੰਘ ਕੇ ਅੰਦਰ, ਉਥੇ ਹੀ ਰੁੱਕ ਗਈ। ਅਸੀਂ ਆਪਣੀ ਥਾਂ ਖੜੇ ਧੂੜ 'ਚ ਲਿਪਟੀ ਗੱਡੀ ਨੂੰ ਦੇਖਦੇ ਰਹੇ। ਪੰਜਾਂ ਕੁ ਮਿੰਟਾਂ 'ਚ ਉੱਡਦੀ ਧੂੜ ਨੇ ਆਪਣਾ ਆਪ ਸਮੇਟਿਆ। ਜਦ ਤੱਕ ਬਲਦੇਵ ਗੱਡੀ ਕੋਲ ਪਹੁੰਚ ਚੁੱਕਾ ਸੀ। ਡਰਾਇਵਰ ਬਾਹਰ ਨਿਕਲ ਆਇਆ ਸੀ ਪਰ ਦੂਸਰਾ ਆਦਮੀ ਅੰਦਰ ਹੀ ਸੀ। ਜਦ ਤੱਕ ਮੈਂ ਤੇ ਮੇਜਰ ਵੀ ਗੱਡੀ ਵੱਲ ਨੂੰ ਹੋ ਤੁਰੇ।

ਆਉ ਆਉ ਡਾਕਟਰ ਸਾਬ?ਹ, ਗੱਡੀ ਦਾ ਡੋਰ ਖੋਲ੍ਹਦਿਆਂ ਬਲਦੇਵ ਨੇ ਕਿਹਾ। ਅਸੀਂ ਸਮਝ ਗਏ ਕਿ ਡਾ. ਮੁਨੀਰ ਆਇਆ ਹੈ, ਸਾਡੇ ਕਦਮ ਵੀ ਤੇਜ਼ ਹੋ ਗਏ।

ਡਾਕਟਰ ਸਾਬ੍ਹ ਗੱਡੀ ਗਾਂਹ ਹੀ ਲੈ ਔਂਦੇ। ਮੈਂ ਨੇੜੇ ਹੁੰਦਿਆਂ ਕਿਹਾ।

ਉ ਸਰਦਾਰੋ, ਤੁਹਾਡਾ ਸਾਰਾ ਕਮਰਾ ਮਿੱਟੀ ਨਾਲ ਭਰ ਜਾਣਾ ਸੀ। ਤੇ ਤੁਸੀਂ ਮੂੰਹ ਤੇ ਤਾਂ ਕੁਝ ਨਹੀਂ ਸੀ ਕਹਿਣਾ, ਪਰ ਦਿਲ 'ਚ ਜ਼ਰੂਰ ਗਾਲ੍ਹਾਂ ਕੱਢਣੀਆਂ ਸਨ, ਇਸ ਕਰਕੇ ਮੈਂ ਡਰਾਇਵਰ ਨੂੰ ਗੱਡੀ ਇਥੇ ਹੀ ਖੜੀ ਕਰਨ ਲਈ ਕਹਿ ਦਿੱਤਾ।

ਫਿਰ ਦੁਆ ਸਲਾਮ ਹੋਈ ਤੇ ਅਸੀਂ ਦੋਹਾਂ ਨੂੰ ਕਮਰੇ 'ਚ ਲੈ ਗਏ। ਰੂਹ ਹਫਜਾ ਬਣਾ ਕੇ ਪਿਆਇਆ ਤੇ ਆਪ ਪੀਤਾ।

ਅੱਜ ਧੁੱਪ ਵਿਚ ਕਿਧਰ ਚੜ੍ਹਾਈ ਕਰ ਦਿੱਤੀ? ਮੈਂ ਡਾ. ਨੂੰ ਪੁੱਛਿਆ। ਬੱਸ ਬੈਠੇ ਸੀ, ਸਾਲਮ ਆ ਗਿਆ ਤੇ ਕਹਿਣ ਲੱਗਾ ਕੁਝ ਕੰਮ ਹੈ ਕਾਬਲ ਮੇਰੇ ਨਾਲ ਚਲੋ । ਬਸ ਤੁਰ ਪਿਆ। ਉਥੋਂ ਕੁਝ ਸਮਾਨ ਤੁਹਾਡੇ ਲਈ ਵੀ ਲੈ ਲਿਆ। ਕਾਬਲ ਤੋਂ ਵਿਹਲੇ ਹੋਏ ਤਾਂ ਤੁਹਾਡੇ ਵਲ ਆ ਗਏ।

ਧੰਨ ਭਾਗ ਜੋ ਤੁਸੀਂ ਇਥੋਂ ਔਣ ਦਾ ਸਮਾਂ ਕੱਢਿਆ। ਅੱਛਾ ਪਹਿਲਾਂ ਇਹ ਦੱਸੋ ਕਿ ਪਹਿਲਾਂ ਚਾਹ ਪੀਉਗੇ ਜਾਂ ਸਿੱਧਾ ਰੋਟੀਆਂ ਨੂੰ ਹੀ ਹੱਥ ਮਾਰੀਏ। ਮੈਂ ਹੱਸਦਿਆਂ ਪੁੱਛਿਆ।

ਮੈਂ ਦੱਸਦਾ ਤੁਹਾਨੂੰ, ਕਿੱਥੇ ਹੱਥ ਮਾਰਨਾ। ਪਹਿਲਾਂ ਇਹ ਦੱਸੋ, ਤੁਹਾਡਾ ਕੰਮ ਕਦੋਂ ਖਤਮ ਹੋਣਾ।

ਕੰਮ ਤਾਂ ਤਕਰੀਬਨ ਖਤਮ ਹੀ ਹੈ। ਧੁੰਮਾ ਹੈ ਬਸ ਇਕ ਵਜੇ ਤੱਕ ਹੀ ਕਰੀਦਾ ਹੈ। ਬਾਰਾਂ ਵਜੇ ਹਨ ਜੇ ਕੋਈ ਜ਼ਰੂਰੀ ਕੰਮ ਹੈ ਜਾਂ ਕਿਤੇ ਜਾਣਾ ਹੈ ਤਾਂ ਦੱਸ ਦਿਉ ਹੁਣੇ ਭਾਂਡੇ ਕੱਠੇ ਕਰ ਦਿੰਦੇ ਹਾਂ। ਅਸੀਂ ਕਿਹੜਾ ਕਿਸੇ ਨੂੰ ਪੁੱਛਣਾ।

ਨਹੀਂ ਨਹੀਂ ਐਡੀ ਵੀ ਜਲਦੀ ਨਹੀਂ। ਨਾਂ ਤਾਂ ਕਿਤੇ ਜਾਣਾ ਤੇ ਨਾਂ ਹੀ ਕੋਈ ਕੰਮ ਹੈ। ਮੈਂ ਅੱਜ ਤੁਹਾਨੂੰ ਢੋਣਾਂ। ਡਾਕਟਰ ਨੇ ਹੱਸਦਿਆਂ ਕਿਹਾ। ਫਿਰ ਉਸ ਨੇ ਡਰਾਇਵਰ ਨੂੰ ਕੁਝ ਕਿਹਾ, ਉਹ ਗਿਆ ਤੇ ਗੱਡੀ ਵਿਚੋਂ ਇਕ ਪਲਾਸਟਿਕ ਬੈਗ ਲਿਆ ਕੇ ਸਾਡੇ ਮੰਜੇ ਦੇ ਹੇਠਾਂ ਰੱਖ ਦਿੱਤਾ ਤੇ ਡਾਕਟਰ ਨੂੰ ਸਲਾਮ ਕਰਕੇ ਉਹ ਚਲੇ ਗਿਆ।

ਐਦਾਂ ਕਰੋ ਤੁਸੀਂ ਆਪਣਾ ਕੰਮ ਖਤਮ ਕਰ ਲਉ, ਆਪਣੇ ਕੋਲ ਬਹੁਤ ਟਾਇਮ ਹੈ, ਫਿਰਦੇਖਦੇ ਹਾਂ। ਡਾਕਟਰ ਨੇ ਸਲਾਹ ਦਿੱਤੀ। ਅਸੀਂ ਆਪਣਾ ਹਥਲਾ ਕੰਮ ਨਬੇੜਿਆ, ਮਿਕਚਰ ਸਾਫ ਕੀਤੀ ਤੇ ਹੱਥ ਮੂੰਹ ਧੋ ਕੇ ਡਾਕਟਰ ਕੋਲ ਆ ਬੈਠੇ। ਸਾਡੇ ਕੋਲ ਪੱਖਾ ਵਗੈਰਾ ਤਾਂ ਕੋਈ ਹੈ ਨਹੀਂ ਸੀ, ਕਿਉਂਕਿ ਬਿਜਲੀ ਨਹੀਂ ਸੀ, ਨਾਂ ਹੀ ਜਨਰੇਟਰ ਸੀ। ਅਸੀਂ ਰੂਮ ਦੀਆਂ ਚਾਰੇ ਹੀ ਖਿੜਕੀਆਂ ਤੇ ਦੋਵੇਂ ਦਰਵਾਜ਼ੇ ਖੋਲ੍ਹ ਦਿੱਤੇ, ਗੁਜਾਰੇ ਜੋਗੀ ਹਵਾ ਔਣ ਲੱਗ ਪਈ।

ਸਬਜ਼ੀ ਤਾਂ ਮੈਂ ਸਵੇਰੇ ਹੀ ਬਣਾ ਲਈ ਸੀ, ਬਲਦੇਵ ਨੇ ਆਟਾ ਗੁੰਨਿਆ ਤੇ ਮੇਜਰ ਨੇ ਨਾਲ ਹੋ ਕੇ ਰੋਟੀਆਂ ਰਾੜ੍ਹ ਲਈਆਂ।

ਸਾਰਾ ਸਮਾਨ ਤਖਤ ਪੋਸ਼ੇ ਉਤੇ ਰੱਖ ਕੇ ਉਹੋ ਸਾਡਾ ਮੰਜਾ ਸੀ ਤੇ ਉਹੋ ਸਾਡਾ ਟੇਬਲ) ਚਾਰੇ ਘੇਰਾ ਬਣਾ ਕੇ ਬੈਠ ਗਏ। ਢਾਈ ਕੁ ਵਜੇ ਨਾਲ ਸਾਡਾ ਰੋਟੀ ਖਾ ਕੇ ਭਾਂਡੇ ਸਾਂਭਣ ਦਾ ਕੰਮ ਮੁੱਕ ਗਿਆ।

ਐਦਾਂ ਕਰੋ ਹੁਣ ਤੁਸੀਂ ਆਪਣੇ ਆਪਣੇ ਬਿਸਤਰੇ ਸਿੱਧੇ ਕਰ ਲਓ ਤੇ ਉੱਪਰ ਲੰਮੇ ਪੈ ਜਾਉ, ਫਿਰ ਮੈਂ ਤੁਹਾਨੂੰ ਮੰਤਰ ਪੜ੍ਹ ਕੇ ਦਿਖਾਵਾ। ਡਾਕਟਰ ਨੇ ਸਾਨੂੰ ਹੁਕਮ ਚਾੜਿਆ। ਅਸੀਂ ਤਿੰਨੇ ਸੁਆਲੀਆਂ ਨਜ਼ਰਾਂ ਨਾਲ ਇਕ ਦੂਜੇ ਨੂੰ ਦੇਖਣ ਲੱਗੇ। ਡਾਕਟਰ ਖੜਾ ਮੁਸਕੁਰਾ ਰਿਹਾ ਸੀ।

ਕੀ ਗੱਲ ਸਰਦਾਰੋ ਘਬਰਾ ਗਏ? ਡਾਕਟਰ ਨੇ ਉਸੇ ਤਰ੍ਹਾਂ ਹੱਸਦਿਆਂ ਪੁੱਛਿਆ।

ਨਹੀਂ ਘਬਰਾਏ ਤਾਂ ਨਹੀਂ। ਘਬਰੋਣ ਵਾਲੀ ਇਦ੍ਹੇ 'ਚ ਕਿਹੜੀ ਗੱਲ ਹੈ? ਅਸੀਂ ਤਾਂ ਸੋਚ ਰਹੇ ਹਾਂ ਕਿ ਮਾਜਰਾ ਕੀ ਹੈ?

ਇਹ ਮਹੀਨਾ ਕਿਹੜਾ ਚਲ ਰਿਹਾ ਹੈ? ਡਾਕਟਰ ਨੇ ਸੁਆਲ ਕੀਤਾ।

ਜੁਲਾਈ ! ਤਿੰਨਾਂ ਦੇ ਮੂੰਹੋਂ ਇਕੋ ਵਾਰ ਨਿਕਲਿਆ।

ਹਾਂ, ਤੁਸੀਂ ਨਵੇਂ ਨਵੇਂ ਆਏ ਹੋ ਇਥੇ, ਸੁੱਕੀ ਗਰਮੀ ਪੈ ਰਹੀ ਹੈ, ਫਿਰ ਤੁਹਾਡਾ ਕੰਮ ਵੀ ਜ਼ਿਆਦਾ ਕਰਕੇ ਧੁੱਪੇ ਹੀ ਹੈ। ਸੁੱਕ ਜਾਉਗੇ, ਬਿਮਾਰ ਪੈ ਜਾਉਗੇ। ਇਸ ਸਭ ਕਾਸੇ ਤੋਂ ਬਚਣ ਲਈ ਮੇਰੇ ਕੋਲ ਇਕ ਮੰਤਰ ਹੈ। ਤੁਸੀਂ ਤਿੰਨੇ ਲੰਮੇ ਪੈ ਜਾਉਗੇ ਤਾਂ ਫਿਰ ਪੜਾਂਗਾ ਮੰਤਰ। ਡਾਕਟਰ ਅਜੇ ਵੀ ਹੱਸ ਰਿਹਾ ਸੀ।

ਚਲੋ ਬਈ ਪੈ ਜਾਉ ਲੰਮੇ ਤੇ ਪੜ ਲੈਣ ਦਿਉ ਡਾਕਟਰ ਹੁਰਾਂ ਨੂੰ ਮੰਤਰ। ਮੇਜਰ ਨੇ ਲੰਮਾ ਪੈਂਦਿਆਂ ਕਿਹਾ। ਬਲਦੇਵ ਦਾ ਬਿਸਤਰਾ ਵਿਚਾਲੇ ਸੀ ਉਹ ਤੇ ਮੈਂ ਵੀ ਵਾਰੀ ਵਾਰੀ ਪੈ ਗਏ। ਫਿਰ ਉਹ ਮੰਜੇ ਦੇ ਹੇਠਾਂ ਪਿਆ ਬੈਗ ਡਾਕਟਰ ਨੇ ਚੱਕ ਕੇ ਮੰਜੇ ਉਪਰ ਹੀ ਰੱਖ ਲਿਆ। ਉਸ ਵਿਚੋਂ ਤਿੰਨ ਪਲਾਸਟਿਕ ਦੀਆਂ ਬੋਤਲਾਂ ਕੱਢੀਆਂ ਤੇ ਉਨ੍ਹਾਂ ਨਾਲ ਬਰੀਕ ਬਰੀਕ ਪਾਇਪ ਸਨ। ਡਾਕਟਰ ਨੇ ਉਹ ਤਿੰਨੇ ਬੋਤਲਾਂ ਬੰਨਕੇ ਖਿੜਕੀ ਦੇ ਸਰੀਏ ਨਾਲ ਲਮਕਾ ਦਿੱਤੀਆਂ ਤੇ ਸਾਡੀਆਂ ਬਾਹਾਂ ਵਿਚ ਸੂਈਆਂ ਖੋਬ ਕੇ ਉਹ ਬਰੀਕ ਪਾਇਪ ਉਨ੍ਹਾਂ ਨਾਲ ਜੋੜ ਦਿੱਤੇ। ਫਿਰ ਉਸ ਨੇ ਦੱਸਿਆ ਕਿ ਇਹ ਗੁਲੂਕੋਜ ਹੈ ਤੇ ਗਰਮੀ ਤੋਂ ਰੱਖਿਆ ਕਰਦਾ ਹੈ, ਖ਼ੂਨ ਸੁੱਕਣ ਨਹੀਂ ਦਿੰਦਾ। ਬੰਦੇ 'ਚ ਤਾਕਤ ਆ ਜਾਂਦੀ ਹੈ ਇਸ ਨਾਲ।

ਹਾਂ ਬਈ ਹੁਣ ਤੁਸੀਂ ਬਿਨੇ ਗਏ ਹੋ, ਦੋ ਢਾਈ ਘੰਟੇ ਤੁਸੀਂ ਹਿਲ ਨਹੀਂ ਸਕਦੇ। ਹੁਣ ਮੈਂ ਜੋ ਚਾਹਾਂ ਕਰ ਸਕਦਾ ਹਾਂ। ਡਾਕਟਰ ਨੇ ਇਕ ਦਰਵਾਜ਼ਾ ਬੰਦ ਕਰਦਿਆਂ ਕਿਹਾ। ਉਸ ਦਰਵਾਜ਼ੇ ਵਲੋਂ ਧੁੱਪ ਆ ਰਹੀ ਸੀ।ਕਰ ਲੈ ਡਾਕਟਰਾ ਤੇਰੇ ਕੋਲੋ ਜੋ ਹੁੰਦਾ। ਬਲਦੇਵ ਨੇ ਉਸੇ ਟੂਨ 'ਚ ਕਿਹਾ।

ਪਹਿਲਾਂ ਮੈਨੂੰ ਇਹ ਦੱਸੋ ਕਿ ਚਾਹ ਦਾ ਸਮਾਨ ਕਿੱਥੇ ਪਿਆ।

ਚਾਹ ਦਾ ਸਮਾਨ ਤਾਂ ਉਹ ਸਾਹਮਣੇ ਫੱਟੇ ਉਤੇ ਹੀ ਹੈ। ਪਰ ਉਹ ਪੀਲਾ ਡੱਬਾ ਖੋਲ ਕੇ ਦੇਖਣਾ ਪਏਗਾ ਕਿ ਉਸ ਵਿਚ ਖਾਣ ਨੂੰ ਕੀ ਹੈ?

ਉਸਨੇ ਡੱਬਾ ਖੋਲ੍ਹ ਕੇ ਦੱਸਿਆ, ਬਿਸਕੁਟ ਹਨ।

ਤੁਸੀਂ ਏਸੇ ਤਰਾਂ ਪਏ ਰਹਿਣਾ ਹਿਲਣਾ ਨਹੀਂ। ਮੈਂ ਜਦ ਤੱਕ ਤੁਹਾਡਾ ਪਿੰਡ ਦੇਖ ਕੇ ਔਂਦਾ ਹਾਂ। ਡਾਕਟਰ ਡੱਬਾ ਬੰਦ ਕਰਕੇ ਬਾਹਰ ਨਿਕਲ ਗਿਆ।

ਅਸੀਂ ਇਕ ਦੂਜੇ ਨਾਲ ਗੱਲਾਂ ਕਰਨ ਲੱਗ ਪਏ ਤੇ ਇਹ ਹਿਸਾਬ ਵੀ ਲੌਣ ਲੱਗ ਪਏ ਕਿ ਇਹ ਗੁਲੂਕੋਜ ਦੀ ਬੋਤਲ ਇੰਡੀਆ ਵਿਚ ਕਿੰਨੇ ਦੀ ਮਿਲਦੀ ਹੋਏਗੀ। ਡਾਕਟਰ ਨੇ ਸਾਡੇ ਲਈ ਕਿੰਨਾ ਕੰਮ ਕੀਤਾ ਹੈ। ਉਸ ਨੂੰ ਸਾਡੀ ਕਿੰਨੀ ਫਿਕਰ ਹੈ। ਸ਼ਾਇਦ ਸਾਡਾ ਉਸ ਨਾਲ ਕੋਈ ਪਿਛਲੇ ਜਨਮ ਦਾ ਲੈਣ ਦੇਣ ਪਿਆ ਹੋਏਗਾ।

ਗੱਲਾਂ ਕਰਦਿਆਂ ਕਰਦਿਆਂ ਹੀ ਮੇਜਰ ਦੇ ਘੁਰਾੜੇ ਸੁਨਣ ਲੱਗ ਪਏ। ਕਮਾਲ ਐ ਯਾਰ ਇਸ ਨੂੰ ਕਾਹਦੀ ਘੂਕੀ ਚੜ ਗਈ, ਇਹ ਗੱਲਾਂ ਕਰਦਾ ਕਰਦਾ ਹੀ ਸੌਂ ਗਿਆ।

ਘੰਟੇ ਡੇਢ ਘੰਟੇ ਬਾਅਦ ਡਾਕਟਰ ਆਇਆ ਤਾਂ ਉਸਦੇ ਹੱਥ ਵਿਚ ਇਕ ਪਲਾਸਟਿਕ ਦਾ ਥੈਲਾ ਸੀ। ਉਸ ਵਿਚੋਂ ਨਮਕੀਨ ਦੇ ਨਾਲ ਮਸਾਲੇ ਵਾਲੀਆਂ ਖਜੂਰਾਂ ਕੱਢ ਕੇ ਉਸ ਨੇ ਫੱਟੇ ਦੇ ਉਤੇ ਰੱਖ ਦਿੱਤੀਆਂ।

ਡਾਕਟਰ ਸਾਹਬ ਇਹ ਖਜੂਰਾਂ ਕਿਥੋਂ ਲੈ ਆਏ? ਮੇਜਰ (ਜੋ ਡਾਕਟਰ ਦੀ ਆਵਾਜ਼ ਸੁਣ ਕੇ ਉਠ ਪਿਆ ਸੀ) ਨੇ ਪੁੱਛਿਆ।

ਤੁਹਾਡਾ ਅੱਧਾ ਪਿੰਡ ਜਾਂਦਾ ਮੇਰੇ ਕੋਲ ਦੁਆਈ ਲੈਣ। ਔਂਦਿਆਂ ਔਂਦਿਆਂ ਇਕ ਬੀਬੀ ਮਿਲ ਪਈ, ਪੁੱਛਣ ਲੱਗ ਪਈ ਕਿਧਰ ਜਾ ਰਹੇ ਹੋ। ਤਾਂ ਮੈਂ ਉਸ ਨੂੰ ਦੱਸਿਆ ਕਿ ਸਰਦਾਰਾਂ ਦੇ ਸੂਈਆਂ ਲਾ ਕੇ ਆਇਆ ਹਾਂ। ਸੂਈਆਂ ਦੇ ਨਾਂ ਤੇ ਉਹ ਬਕ ਗਈ।

'ਕੀ ਹੋਇਆ ਸਰਦਾਰਾਂ ਨੂੰ?' ਉਸਨੇ ਫਿਕਰਮੰਦ ਹੁੰਦੀ ਨੇ ਪੁੱਛਿਆ। ਕੁਝ ਨਹੀਂ? ਫਿਰ ਮੈਂ ਉਸਨੂੰ ਸਾਰੀ ਗੱਲ ਦੱਸੀ।

'ਆਉ ਫਿਰ ਕਾਹਵਾ ਪੀ ਕੇ ਚਲੇ ਜਾਣਾ', 'ਉਸਨੇ ਮੈਨੂੰ ਅੰਦਰ ਔਣ ਲਈ ਕਿਹਾ' ਤੇ ਬੜੀ ਜਿਦ ਕਰਨ ਲੱਗੀ। ਮੈਂ ਦੋ ਕੁ ਮਿੰਟ ਉਸ ਕੋਲ ਬੈਠਾ, ਪਰ ਕਾਹਵੇ ਲਈ ਮਨ੍ਹਾਂ ਕਰ ਦਿੱਤਾ। ਫਿਰ ਉਸਨੇ ਤੁਹਾਡੇ ਵਾਸਤੇ ਇਹ ਖਜੂਰਾਂ ਭੇਜੀਆਂ। ਬੜਾ ਹੇਜ ਕਰਨ ਲੱਗੀ ਸੀ ਤੁਹਾਡਾ। ਉਸਦੀਆਂ ਗੱਲਾਂ ਸੁਣ ਕੇ ਇਕ ਹੋਰ ਗੁਆਂਢਣ ਵੀ ਆ ਕੇ ਪੁੱਛਣ ਲੱਗ ਪਈ, ਤੁਹਾਡੇ ਵਾਰੇ, ਤੁਸੀਂ ਤਾਂ ਯਾਰ ਦੋ ਤਿੰਨਾਂ ਮਹੀਨਿਆਂ 'ਚ ਹੀ ਕਿੰਨੀਆਂ ਮੁਰੀਦ ਬਣਾ ਲਈਆਂ, ਦੇਖਿਉ ਕਿਤੇ......।

ਡਾਕਟਰਾ ਕਿਉਂ ਐਵੀ ਪਾਣੀ 'ਚ ਮਧਾਣੀ ਮਾਰੀ ਜਾਨਾ। ਅਸੀਂ ਤਾਂ ਇਥੇ ਮਰ ਜਾਈ ਦਾ ਸਾਰੀ ਦਿਹਾੜੀ : ਧੁੱਪੇ, ਤੂੰ ਚੇਲੀਆਂ ਦੀ ਗੱਲ ਕਰਦਾ। ਬਲਦੇਵ ਨੇ ਹੱਸਦਿਆਂ ਕਿਹਾ।

ਨਈ ਸਰਦਾਰੋ, ਮੈਂ ਝੂਠ ਨਹੀਂ ਬੋਲਦਾ, ਬੜੀ ਸੋਹਣੀ ਜਿਹੀ ਬੀਬੀ ਸੀ ਉਹ। ਉਹ ਸਾਹਮਣੀ ਵੀਹੀ 'ਚ ਨੁੱਕਰ ਉਤੇ ਘਰ ਹੈ ਉਸਦਾ ਅਸੀਂ ਤਿੰਨੇ ਆਪਣੀ ਆਪਣੀ ਥਾਂ ਸੋਚਣ ਲੱਗ ਪਏ ਕਿ ਕੌਣ ਸੀ ਉਹ, ਜਾਂ ਐਵੇਂ ਹੀ ਡਾਕਟਰ ਯੱਕੜ ਮਾਰੀ ਜਾਂਦਾ। ਪਰ ਗੱਲ ਕਿਸੇ ਸਿਰੇ ਨਾਂ ਲੱਗੀ।

ਬੋਤਲਾਂ ਵਿਚ ਥੋਹੜੇ ਥੋਹੜੇ ਡਰੋਪ ਗੁਲੂਕੋਜ ਰਹਿ ਗਿਆ ਤਾਂ ਡਾਕਟਰ ਨੇ ਸਟੋਬ ਬਾਲਿਆ ਤੇ ਚਾਹ ਵਾਲੇ ਪਤੀਲੇ ਵਿਚ ਪਾਣੀ ਪਾ ਕੇ ਸਟੋਬ ਉਤੇ ਰੱਖ ਦਿੱਤਾ। ਫਿਰ ਉਸਨੇ ਸਾਡੀਆਂ ਸੂਈਆਂ ਕੱਢ ਕੇ ਸਭ ਕੁੱਝ ਇਕੱਠਾ ਕਰ ਲਿਆ ਤੇ ਉਸੇ ਬੈਗ ਵਿਚ ਪਾ ਦਿੱਤਾ। ਉਸ ਬੈਗ ਵਿਚ ਇਕ ਗਤੇ ਦਾ ਡੱਬਾ ਸੀ ਉਸ ਵਿਚ ਛੋਟੇ ਛੋਟੇ 50-60 ਪੈਕਟ ਸਨ ਡਾਕਟਰ ਨੇ ਉਹ ਸਾਨੂੰ ਦਿੰਦਿਆਂ ਕਿਹਾ ਕਿ ਇਕ ਪੈਕਟ ਰੋਜ ਪੀ ਲਿਆ ਕਰੋ।

ਚਾਹ ਦਾ ਪਾਣੀ ਰਿਝਣ ਲੱਗ ਪਿਆ ਸੀ ਮੈਂ ਉਠ ਕੇ ਉਸ ਵਿਚ ਖੰਡ ਤੇ ਪੱਤੀ ਪਾਈ ਤੇ ਇਕ ਗਲਾਸ ਵਿਚ ਦੁੱਧ ਦਾ ਪਾਊਡਰ ਪਾ ਕੇ ਉਸ ਵਿਚ ਪਾਣੀ ਪਾ ਕੇ ਚੰਗੀ ਤਰ੍ਹਾਂ ਘੋਲਿਆ ਤੇ ਉਬਲਦੇ ਪਾਣੀ ਵਿਚ ਪਾ ਦਿੱਤਾ। ਚਾਹ ਗਲਾਸਾਂ 'ਚ ਪਾ ਕੇ, ਬਿਸਤਰੇ ਗੋਲ ਕਰਕੇ ਇਕ ਪਾਸੇ ਲਾ ਦਿੱਤੇ ਤੇ ਚਾਹ ਦਾ ਸਮਾਨ ਤਖਤਪੋਸ਼ ਉਤੇ ਰੱਖ ਲਿਆ ਤੇ ਘੇਰਾ ਬਣਾ ਕੇ ਬੈਠ ਗਏ ਗੱਲਾਂ ਮਾਰਨ। ਗੱਲਾਂ ਮਾਰਦੇ ਚਾਹ ਪੀਂਦੇ ਰਹੇ, ਛੇ ਵੱਜ ਗਏ।

ਡਾਕਟਰ ਸਾਹਬ ਕੀ ਖਾਉਗੇ, ਮੁਰਗੀ ਜਾਂ ਸਬਜ਼ੀ। ਮੈਂ ਡਾ. ਨੂੰ ਰਾਤ ਦੀ ਰੋਟੀ ਬਾਰੇ ਪੁੱਛਿਆ।

ਸਰਦਾਰੋ ਹੁਣ ਮੈਂ ਰੋਟੀ ਨਹੀਂ ਖਾਣੀ, ਡਾਕਟਰ ਨੇ ਕਿਹਾ।

ਕੀ ਗੱਲ ਵਰਤ ਰੱਖਿਆ?

ਨਹੀਂ ਵਰਤ ਨਹੀਂ, ਸਗੋਂ ਮੈਨੂੰ ਉਥੇ ਇਕ ਦਾਵਤ ਹੈ, ਮੈਂ ਉਥੇ ਜਾਣਾ। ਡਾਕਟਰ ਨੇ -ਆਪਣੀ ਗੱਲ ਦੱਸੀ।

ਨਹੀਂ ਇਸ ਤਰ੍ਹਾਂ ਚੰਗਾ ਨਹੀਂ, ਦੁਪਹਿਰੇ ਤਾਂ ਕੁਝ ਬਣਿਆ ਹੀ ਨਹੀਂ, ਹੁਣ ਤਾਂ ਰਾਤ ਆਪਣੀ ਹੈ।

ਨਹੀਂ ਚਿੰਤਾ ਦੀ ਕੋਈ ਗੱਲ ਨਹੀਂ, ਮੈਂ ਉਨ੍ਹਾਂ ਨੂੰ ਹਾਂ ਕਹਿ ਚੁੱਕਾ ਹਾਂ ਮੇਰੇ ਏਧਰ ਔਣ ਦਾ ਤਾਂ ਪ੍ਰੋਗਰਾਮ ਹੀ ਕੋਈ ਨਹੀਂ ਸੀ। ਉਹ ਤਾਂ ਡਰਾਇਵਰ ਆ ਗਿਆ ਤੇ ਮੈਂ ਸੋਚਿਆ ਗਰਮੀ ਬਹੁਤ ਹੈ, ਸਰਦਾਰਾਂ ਨੂੰ ਗੁਲੂਕੋਜ ਹੀ ਲਾ ਔਂਦਾ ਹਾਂ। ਹੁਣ ਤਾਂ ਤੁਸੀਂ ਦੋ ਸਾਲ ਇਥੇ ਹੀ ਹੋ, ਔਣਾ ਜਾਣਾ ਤਾਂ ਲੱਗਾ ਹੀ ਰਹੇਗਾ। ਰੋਟੀ ਦਾ ਕੀ ਆਂ ਫਿਰ ਕਿਸੇ ਦਿਨ ਆ ਕੇ ਖਾ ਲਵਾਂਗਾ।

# ਗੁਰੂ ਦਸਮੇਸ਼ ਦੇ ਕਦਮਾਂ 'ਤੇ ਚਲਣ ਵਾਲਾ ਸ਼ਾਇਰ ਬਲਦੇਵ ਸਿੰਘ 'ਬੱਦਨ'

**-ਅਮਰੀਕ ਡੋਗਰਾ**
ਲਾਜਵੰਤੀ ਸਟਰੀਟ,
ਗੜ੍ਹਦੀਵਾਲਾ ਨੇੜੇ ਗੁਰਦੁਆਰਾ ਸਿੰਘ ਸਭਾ
ਜ਼ਿਲ੍ਹਾ : ਹੁਸ਼ਿਆਰਪੁਰ-144207
ਮੋਬਾਇਲ : 98141-52223

ਸਮਕਾਲੀ ਪੰਜਾਬੀ ਗ਼ਜ਼ਲ ਦੇ ਗੌਰਵ ਨੂੰ ਬਰਕਰਾਰ ਰੱਖਣ ਲਈ ਜਿਨ੍ਹਾਂ ਗ਼ਜ਼ਲਕਾਰਾਂ ਨੇ ਸਿਦਕਦਿਲੀ ਨਾਲ ਆਪਣਾ ਜ਼ਿਕਰਯੋਗ ਯੋਗਦਾਨ ਪਾਇਆ ਹੈ, ਉਨ੍ਹਾਂ ਵਿਚ ਡਾ. ਬਲਦੇਵ ਸਿੰਘ 'ਬੱਦਨ' ਦਾ ਨਾਮ ਵੀ ਅਦਬ ਨਾਲ ਲਿਆ ਜਾਂਦਾ ਹੈ।

ਡਾ. 'ਬੱਦਨ' ਬਹੁਪੱਖੀ ਲੇਖਕ ਹੈ। ਉਸ ਨੇ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ 'ਤੇ ਕਲਮ ਆਜ਼ਮਾਈ ਕੀਤੀ ਹੈ। ਜਿੱਥੇ ਵਾਰਤਕ ਵਿਚ ਉਸ ਨੂੰ ਵਿਸ਼ੇਸ਼ ਮੁਹਾਰਤ ਹਾਸਲ ਹੈ, ਉੱਥੇ ਕਵਿਤਾ ਦੇ ਖੇਤਰ ਵਿਚ ਵੀ ਉਸ ਨੇ ਜ਼ਿਕਰਯੋਗ ਵਾਧਾ ਕੀਤਾ ਹੈ।

'ਜ਼ਖ਼ਮੀ ਡਾਰ ਪਰਿੰਦਿਆਂ ਦੀ' ਉਸ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਹੈ, ਜਿਸ ਵਿਚ 118 ਗ਼ਜ਼ਲਾਂ ਹਨ। ਉਸ ਦੀਆਂ ਗ਼ਜ਼ਲਾਂ ਦੇ ਪਾਠ ਉਪਰੰਤ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਗ਼ਜ਼ਲ ਵਰਗੀ ਅਤਿ ਸੂਖ਼ਮ ਭਾਵੀ ਵਿਧਾ ਨੂੰ ਨਿਭਾਉਂਦਿਆਂ ਉਸ ਨੇ ਬਹੁਤ ਮਿਹਨਤ ਅਤੇ ਸਿਹਜਣਾਤਮਿਕ ਇਮਾਨਦਾਰੀ ਤੋਂ ਕੰਮ ਲਿਆ ਹੈ।




ਡਾ. ਬਲਦੇਵ ਸਿੰਘ 'ਬੱਦਨ'

ਡਾ. 'ਬੱਦਨ' ਦੀਆਂ ਗ਼ਜ਼ਲਾਂ ਵਿਚ ਸਮਾਜਕ, ਸਭਿਆਚਾਰਕ ਪ੍ਰਸਥਿਤੀਆਂ ਦਾ ਬੜੀ ਗਹਿਰ-ਗੰਭੀਰਤਾ ਨਾਲ ਪ੍ਰਗਟਾਵਾ ਹੋਇਆ ਹੈ। ਡਾ. 'ਬੱਦਨ' ਦਿਆਂ ਸ਼ਿਅਰਾਂ ਵਿਚ ਰਾਜਨੀਤਕ ਵਰਤਾਰਿਆਂ ਦੀ ਬੜੀ ਪ੍ਰਬੀਨਤਾ ਨਾਲ ਪੇਸ਼ਕਾਰੀ ਹੋਈ ਹੈ :

ਕਲਗ਼ੀਆਂ ਵਾਲੇ ਬਾਜ਼ ਤੇ ਸ਼ਿਕਰੇ ਚੰਡੀਗੜ੍ਹ ਵਿਚ ਚੀਕ ਰਹੇ,
ਕੋਇਲਾਂ ਬੁਲਬੁਲਾਂ ਗੁੰਮਸੁੰਮ ਹੋਈਆਂ ਸ਼ਿਕਰੇ ਚੂੰਢਣ ਮਾਸ, ਓ ਸਾਈਂ"।

ਦਿੱਲੀ ਵਾਲੇ ਚੌਂਕੀਦਾਰ ਨੇ ਸਾਡੇ ਘਰ ਨੂੰ ਸੰਨ੍ਹ ਹੈ ਲਾਈ,
ਘਰ ਵਾਲੇ ਨੇ ਐਪਰ ਸੁੱਤੇ, ਏਧਰ ਨੀਂਦ ਵਿਗੁੱਤੇ।
ਏਸ ਪੰਜਾਬ 'ਤੇ ਵਰਤਿਆ ਲੋਕੋ ਕੈਸਾ ਕਹਿਰ,
ਪੰਜਾਂ ਹੀ ਦਰਿਆਵਾਂ ਵਿਚ ਵਧਦੀ ਜਾਂਦੀ ਜ਼ਹਿਰ।

ਡਾ. 'ਬੱਦਨ' ਦੀਆਂ ਗ਼ਜ਼ਲਾਂ ਵਿਚ ਜਿੱਥੇ ਜੁਝਾਰੂ ਤੇ ਵਿਦਰੋਹੀ ਨਕਸ਼ ਉਭਰ ਕੇ ਸਾਹਮਣੇ ਆਏ ਹਨ, ਉਥੇ ਪੰਜਾਬੀ ਸਮਾਜ ਦੀ ਸਮੂਹਿਕ ਵੇਦਨਾ-ਸੰਵੇਦਨਾ ਦੇ ਤੇਬਰ ਵੀ ਪੂਰੇ ਜਲੌਅ ਨਾਲ ਉਭਰੇ ਹਨ :

ਨਸ਼ੇ ਵਿਚ ਡੁਬ ਰਿਹਾ ਪੰਜਾਬ ਸਾਡੀ ਕਾਗਜਾਂ ਕਿਸ਼ਤੀ,
ਹਨੇਰੇ ਘਰ 'ਚ ਬਹਿ ਕੇ ਚਾਨਣਾਂ ਦੀ ਗੱਲ ਚਲਾਉਂਦੇ ਹਾਂ
ਅੰਮ੍ਰਿਤ ਸੀ ਪੰਜਾਬ ਦਾ ਠੰਡਾ ਮਿੱਠਾ ਨੀਰ,
ਕਿੱਦਾਂ ਜ਼ਹਿਰੀ ਹੋ ਗਿਆ ਦੇਵੇ ਕੌਣ ਹਿਸਾਬ।

'ਬੱਦਨ' ਦੀਆਂ ਗ਼ਜ਼ਲਾਂ ਵਿਚ ਪੰਜਾਬ ਨਾਲ ਹੋਈ ਬੇਇਨਸਾਫ਼ੀ ਦਾ ਜ਼ਿਕਰ ਵਾਰ-ਜ਼ਖ਼ਮੀ ਡਾਰ ਪਰਿੰਦਿਆਂ ਦੀ ਵਾਰ ਆਇਆ ਹੈ। ਇਉਂ ਸਾਫ਼ ਜ਼ਾਹਰ ਹੈ ਕਿ ਉਸ ਦੇ ਸੀਨੇ ਵਿਚ ਜਿਹੜੀ ਵਿਦਰੋਹ ਦੀ ਜੁਆਲਾ ਭਟਕ ਰਹੀ ਹੈ ਉਸ ਦਾ ਮੂਲ ਕਾਰਨ ਰਾਜਨੀਤੀਵਾਨਾਂ ਦੀ ਦੋਗਲੀ ਨੀਤੀ ਹੈ ਜਿਹੜੀ ਲੋਕਾਂ ਦੇ ਸਵੈਮਾਣ ਨੂੰ ਕੁਚਲ ਕੇ ਆਪਣਾ ਮਤਲਬ ਹੱਲ ਕਰਨਾ ਚਾਹੁੰਦੀ ਹੈ।

ਕਵੀ ਦਾ ਮਾਨਵਵਾਦੀ ਦ੍ਰਿਸ਼ਟੀਕੋਣ ਉਸਦੀ ਪਹਿਲੀ ਗ਼ਜ਼ਲ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਅਤੇ ਉਸ ਦੀ ਸਮੁੱਚੀ ਸ਼ਾਇਰੀ ਸਮਝਣ ਦੀਆਂ ਸਾਰੀਆਂ ਜੁਗਤਾਂ ਇਸੇ ਵਿਚ ਗ਼ਜ਼ਲ ਸਮਾਈਆਂ ਹੋਈਆਂ ਹਨ। ਗੁਰੂ ਦਸਮੇਸ਼ ਦੇ ਨਕਸ਼ੇ-ਕਦਮਾਂ ਤੇ ਚੱਲਣ ਵਾਲੇ ਸ਼ਾਇਰ ਦੇ ਅਕੀਦੇ ਕਿਹੋ ਜਿਹੇ ਹੋ ਸਕਦੇ ਹਨ ਇਸ ਗ਼ਜ਼ਲ ਤੋਂ ਭਲੀ-ਭਾਂਤ ਜਾਣਿਆ ਜਾ ਸਕਦਾ ਹੈ। ਕਵੀ ਬਾਬਾ ਨਾਨਕ ਦੀ ਮਹਾਨ ਰਚਨਾ 'ਆਰਤੀ' ਜਿਹੀ ਉਹ ਸਿਰਜਣਾ ਕਰਨਾ ਲੋਚਦਾ ਹੈ, ਅਜਿਹਾ ਦ੍ਰਿਸ਼ਟੀਕੋਣ ਕਵੀ ਦੀ ਪ੍ਰੋੜ ਆਤਮਕ ਅਵਸਥਾ ਦਾ ਲਖਾਇਕ ਹੈ।

ਗ਼ਜ਼ਲਕਾਰ ਬਲਦੇਵ 'ਬੱਦਨ' ਦੀ ਪ੍ਰੋੜ ਸ਼ਾਇਰੀ ਇਸ ਗੱਲ ਤੋਂ ਵੀ ਜਾਹਿਰ ਹੁੰਦੀ ਹੈ ਕਿ ਉਸ ਨੇ ਉਰਦੂ ਸ਼ਾਇਰੀ ਦਾ ਵੀ ਕਾਫ਼ੀ ਮੁਤਾਲਿਆ ਕੀਤਾ ਹੈ। ਉਸ ਦੇ ਬਹੁਤ ਸ਼ਿਅਰ ਉਰਦੂ ਦੇ ਵੱਡੇ ਸ਼ਾਇਰਾਂ ਦੀ ਪੈੜ ਨੱਪਦੇ ਨਜ਼ਰ ਆਉਂਦੇ ਹਨ। ਅਜਿਹੇ ਸ਼ਿਅਰਾਂ ਦੇ ਕਲਾਤਮਕ ਤੇ ਸਿਰਜਨਾਤਮਿਕ ਪਰਛਾਵੇਂ ਬਹੁਤ ਲੰਮੇ ਹੁੰਦੇ ਹਨ। ਅਜਿਹੇ ਸ਼ਿਅਰ, ਸ਼ਾਇਰ ਦੀ ਬੁਲੰਦੀ ਛੂੰਹਦੀ ਮਾਨਸਿਕ ਅਵਸਥਾ ਦੇ ਲਖਾਇਕ ਹੁੰਦੇ ਹਨ। ਅਜਿਹੇ ਸ਼ਿਅਰ ਜ਼ਿੰਦਗੀ ਦੇ ਡੂੰਘੇ ਤਜਰਬਿਆਂ ਤੋਂ ਬਾਅਦ ਸਿਰਜਣ ਦੀਆਂ ਸਿਖ਼ਰਾਂ ਛੂੰਹਦੇ ਹਨ। ਉਰਦੂ ਦੇ ਅਜ਼ੀਮ ਸ਼ਾਇਰ ਕਤੀਲ ਸਿਫ਼ਾਈ ਦਾ ਕਥਨ ਹੈ :

ਢੂੰਡ ਆਏ ਹੈਂ ਸਭ ਦਿਸ਼ਾਓ ਮੇਂ, ਸੁਖ ਮਿਲਾ ਹੈ ਆ ਕੇ ਗਾਓਂ ਮੇਂ।

ਅਤੇ ਸਾਡਾ ਸ਼ਾਇਰ ਆਖਦਾ ਹੈ :

ਸਾਰਾ ਜੱਗ ਖੰਗਾਲਣ ਮਗਰੋਂ ਭੇਤ ਮੈਂ ਏਹੋ ਪਾਇਐ,
ਸੁੱਖ ਨਹੀਂ ਹੈ ਕਿੱਧਰੇ ਅਪਣੇ ਹੀ ਘਰ-ਬਾਰ ਜਿਹਾ।

ਇਸ਼ਕ, ਕਿਸੇ ਨੂੰ ਬਰਬਾਦ ਕਰਦਾ ਹੈ ਤੇ ਕਿਸੇ ਨੂੰ ਆਬਾਦ ਕਰਦਾ ਹੈ। ਭਾਵ ਨਵੀਂ ਜ਼ਿੰਦਗੀ ਬਖਸ਼ਦਾ ਹੈ। ਉਰਦੂ ਦਾ ਮਹਾਨ ਸ਼ਾਇਰ ਡਾ. ਅੱਲਾਮਾ ਇਕਬਾਲ ਆਖਦਾ ਹੈ :

ਇਸ਼ਕ ਨੇ ਸਭ ਪੇਚਖ਼ਮ ਨਿਕਾਲ ਦੀਏ
ਇਕਬਾਲ ਮੁੱਦਤ ਸੇ ਆਰਜ਼ੂ ਥੀ ਕਿ ਸੀਧਾ ਕਰੇ ਕੋਈ।

ਪਰ ਸਾਡਾ ਸ਼ਾਇਰ 'ਬੱਦਨ' ਆਖਦਾ ਹੈ :

ਪਿਆਰ ਤੇਰੇ ਨੇ ਵਲ ਵਿੰਗ ਕਢੇ ਮੈਨੂੰ ਸਿੱਧਿਆਂ ਕੀਤਾ,
ਪਾ ਕੇ ਯਾਰੀ, ਯਾਰਾ! ਮੈਂ ਤਾਂ ਆਪਣਾ ਆਪ ਗਵਾਇਆ।

ਇਸ਼ਕ ਵਿਚ ਅਪਣਾ ਆਪ ਗੁਆਉਣਾ ਮਹਾਨ ਦਾਰਸ਼ਨਿਕਤਾ ਦੀ ਉਤਮ ਅਵਸਥਾ ਦਾ ਲਖਾਇਕ ਹੈ। ਇਨ੍ਹਾਂ ਰਮਜਾਂ ਦੀਆਂ ਪਰਤਾਂ ਬਹੁ ਅਰਥੀ ਹਨ ਅਤੇ ਸੂਫੀ ਕਾਵਿ ਦੀ ਝਲਕ ਦਾ ਲਿਸ਼ਕਾਰਾ ਦਿੰਦੀਆਂ ਹਨ।

ਬਲਦੇਵ 'ਬੱਦਨ' ਦੀਆਂ ਬਹੁਤੀਆਂ ਗ਼ਜ਼ਲਾਂ 'ਮੁਸੱਲਸਲ ਗ਼ਜ਼ਲ' ਦਾ ਪ੍ਰਭਾਵ ਸਿਰਦੀਆਂ ਹਨ। ਉਹਦੀ ਗ਼ਜ਼ਲ 'ਜ਼ਖ਼ਮੀ ਡਾਰ ਪਰਿੰਦਿਆਂ ਦੀ' ਇਸ ਦੀ ਵਧੀਆ ਮਿਸਾਲ ਹੈ। ਜ਼ਖ਼ਮੀ ਡਾਰ ਪਰਿੰਦਿਆਂ ਦੀ ਕਵੀ ਦੀ ਵਿਯੋਗੀ ਆਤਮਾ ਬੇਸ਼ਕ ਬਿਰਹਾ ਦੇ ਸੱਲਾਂ ਵੀ ਸਹਿੰਦੀ ਹੈ ਪਰ ਉਹ ਸਵੈਮਾਨ ਨੂੰ ਕਿਸੇ ਤਰ੍ਹਾਂ ਵੀ ਦਾਗ਼ ਨਹੀਂ ਲਾਉਂਦਾ ਤੇ ਉਚਿਆਂ ਮਹਿਲਾਂ ਵਾਲਿਆਂ ਨਾਲ ਆਹਡਾ ਲਾਉਣ ਤੋਂ ਸੰਕੋਚ ਨਹੀਂ ਕਰਦਾ :

ਕਲਸਾਂ ਤੇ ਚੌਬਾਰਿਆਂ ਤੋਂ ਥੱਲੇ ਆ ਐ ਸੂਰਜਾ,
ਠਰਦੇ ਨੀਵੇਂ ਵਿਹੜਿਆਂ ਦੀ ਸੀਤ ਲਾਹ ਐ ਸੂਰਜਾ।
ਮਹਿਲੀਂ ਜਗਮਗ ਕਰਦੀਆਂ ਤੂੰ ਬਿਜਲੀਆਂ ਦਾ ਹਿਤ ਨਾ ਕਰ,
ਨ੍ਹੇਰੀਆਂ ਝੁੱਗੀਆਂ 'ਚ ਵੀ ਚਾਨਣ ਖਿੰਡਾ ਐ ਸੂਰਜਾ।

ਸ਼ਾਇਰ, ਗ਼ਜ਼ਲਕਾਰ 'ਬੱਦਨ' ਇਓਂ ਕਿਰਤੀਆਂ ਦੇ ਹੱਕ ਵਿਚ ਪੂਰੀ ਤਰ੍ਹਾਂ ਨਿੱਤਰ ਕੇ ਸਾਹਮਣੇ ਆਉਂਦਾ ਹੈ। ਇਉਂ ਸੰਤ ਰਾਮ ਉਦਾਸੀ ਦੂਸਰੇ ਖੇਤਾਂ ਦੇ ਪੁੱਤਰਾਂ ਦੇ ਹੱਕ ਵਿਚ ਭੁਗਤਣ ਵਾਲੇ ਕਵੀਆਂ ਵਾਂਗ, ਸਾਡਾ ਸ਼ਾਇਰਾ ਗ਼ਜ਼ਲ ਨੂੰ ਨਵੇਂ ਰੰਗਾਂ ਵਿਚ ਪੇਸ਼ ਕਰਨ ਵਿਚ ਸਫ਼ਲ ਹੋਇਆ ਹੈ :

ਰਾਹਾਂ ਨੂੰ ਨਾ ਕੋਸੀਏ, ਤੁਰੀਏ ਸਹਿਜ ਅਡੋਲ,
ਰਾਹਾਂ ਨੂੰ ਨਾ ਗਾਲ੍ਹ ਦੇਹ, ਅਪਣੇ ਪੈਰ ਸੰਭਾਲ।
ਮੇਰਾ ਦੇਸ਼ ਪਿਆਲਦਾ, ਨਾਗਾਂ ਤਾਈਂ ਦੁੱਧ।
ਦੁੱਧ ਤੂੰ ਰਹਿੰਦੇ ਤਰਸਦੇ, ਹੰਝੂ ਪੀਂਦੇ ਬਾਲ।

ਮਨੁੱਖ-ਮਨੁੱਖ ਵਿਚਕਾਰ, ਦੇਸ਼ਾਂ ਵਿਚਕਾਰ ਪਈਆਂ ਲਕੀਰਾਂ ਸਾਡਾ ਕਵੀ ਮੇਟ ਦੇਣਾ ਚਾਹੁੰਦਾ ਹੈ। ਸਰਬ-ਲੋਕਾਈ ਇਕ ਹੈ। ਵਿਸ਼ਵ-ਭ੍ਰਾਤਰੀਅਤਾ ਦੀ ਉਹ ਗੱਲ ਕਰਦਾ ਹੈ। ਸਰਬਤ ਦੇ ਭਲੇ ਦੀ ਗੱਲ ਕਰਦਾ ਹੈ। ਹਿਟਲਰੀ ਬਿਰਤੀ ਵਾਲੇ ਰਾਜੇ/ਮਨੁੱਖ ਉਸ ਨੂੰ ਚੰਗੇ ਨਹੀਂ ਲੱਗਦੇ। ਕਵੀ ਵਾਰ ਵਾਰ ਜਰਮਨ ਦੀ ਕੰਧ ਢਹਿ ਜਾਣ ਦੀ ਗੱਲ ਕਰਦਾ ਹੈ ਅਤੇ ਵਾਹਗੇ

ਦੀਆਂ ਲੀਕਾਂ ਮਿਟਾਉਣ ਦਾ ਸੰਦੇਸ਼ ਦਿੰਦਾ ਹੈ :

ਜਰਮਨ ਦੀ ਕੰਧ ਢਹਿ ਚੁੱਕੀ ਹੈ, ਵਾਹਗੇ ਨੇ ਵੀ ਮਰ ਮੁੱਕ ਜਾਣਾ,

ਰੰਗ ਲਾਹੌਰੀ ਪਾਕਪਟਨ ਤਕ ਫਿਰ ਅੰਮ੍ਰਿਤਸਰ ਹੋ ਜਾਵਾਂਗਾ।

ਜਰਮਨ ਦੀ ਕੰਧ ਢਾਹ ਦਿੱਤੀ ਜਦ ਲੋਕਾਂ ਨੇ,

ਵਾਹਗੇ ਦੀਆਂ ਲੀਕਾਂ ਕਿੱਦਾਂ ਰਹਿਣਗੀਆਂ।

ਵਾਹਗਿਉਂ ਪਾਰ ਜਦੋਂ ਵੀ ਜਾਵਾਂ ਕੌਲ ਪੁਗਾ ਕੇ ਆਉਂਦਾ ਹਾਂ।

ਤੇਰੀ ਮੇਰੀ ਮਾਂ ਪੰਜਾਬੀ ਗੱਲ ਸਮਝਾ ਕੇ ਆਉਂਦਾ ਹਾਂ।

ਓਹੀ ਪੌਣ ਤੇ ਓਹੀ ਪਾਣੀ, ਓਹੀ ਖੁਸ਼ਬੂ ਮਿੱਟੀ ਦੀ,

ਅੰਮ੍ਰਿਤਸਰੋਂ ਲਾਹੌਰ ਨੂੰ ਜਾਂਦਿਆਂ, ਵਾਹਗੇ ਢਾਹ ਕੇ ਆਉਂਦਾ ਹਾਂ।

ਉਹ ਹੰਝੂ ਜੋ ਤੇਰੀਆਂ ਮੇਰੀਆਂ ਅੱਖਾਂ ਵਿੱਚੋਂ ਵਹਿ ਗਏ ਸਨ,

ਰਾਵੀ ਵਿੱਚੋਂ ਉਹ ਹੰਝੂ ਮੈਂ ਲੱਭ ਲਭਾ ਕੇ ਆਉਂਦਾ ਹਾਂ

ਚੂਹੜਕਾਣੇ ਤੇ ਨਨਕਾਣੇ ਵਿਚ ਬਹੁਤਾ ਲੰਮਾ ਪੰਧ ਨਹੀਂ,

ਚੂਹੜਕਾਣੇ ਜਾਵਾਂ ਤਾਂ ਗੁਰ ਦਾ ਲੰਗਰ ਖਾ ਕੇ ਆਉਂਦਾ ਹਾਂ।

ਜ਼ਖ਼ਮੀ ਡਾਰ ਪਰਿੰਦਿਆਂ ਦੀ

ਆ ਹੁਣ ਸੰਨ ਸੰਤਾਲੀ ਵਾਲੇ, ਕਹਿਰ ਨੂੰ ਆਪਾਂ ਭੁਲ ਵੀ ਜਾਈਏ,

ਯੂਰਪ ਦੇ ਸਭ ਦੇਸਾਂ ਵਾਂਗਰ ਲੀਕਾਂ ਢਾਹ ਕੇ ਆਉਂਦਾ ਹਾਂ।

ਬੁੱਲਾ ਮੇਰਾ ਯਾਰ ਹੈ 'ਬੱਦਨ' ਮਿਲ ਕੇ ਆਵਾਂ ਉਸ ਨੂੰ ਵੀ,

ਉਸਦੇ ਸ਼ਹਿਰ ਕਸੂਰ ਨੂੰ ਅਪਣਾ ਸੀਸ ਝੁਕਾ ਕੇ ਆਉਂਦਾ ਹਾਂ।

ਵਾਹਗੇ ਵਾਲੀ ਲੀਕ ਮਿਟਾ ਕੇ ਇਕ ਹੋ ਜਾਈਏ 'ਬੱਦਨ',

ਫਿਰ ਪੰਜਾਬ ਨੂੰ ਪੰਜਾਂ ਆਬਾਂ ਦਾ ਦੇਸ਼ ਬਣਾਇਆ ਜਾਵੇ।

ਸਾਂਝੀ ਸੀ ਇਹ ਧਰਤ ਨਾਨਕ ਦੇਵ ਦੀ,
ਵਾਹਗੇ ਦੀਆਂ ਲੀਕਾਂ ਕਿਸ ਨੇ ਮਾਰੀਆਂ।

ਅੰਮ੍ਰਿਤਸਰ ਲਾਹੌਰ ਨੂੰ ਜਾਈਏ ਬਿਨ ਵੀਜੇ,
ਵਾਹਗੇ ਵਾਲੀ ਵਿਚ ਨਾ ਅੱਗ-ਲਕੀਰ ਰਹੇ।

ਵਾਹਗੇ ਨੇ ਤਾਂ ਕੀ ਵੰਡਣਾ ਹੈ, ਤੇਰਾ ਮੇਰਾ ਪਿਆਰ,
ਇੱਕੋ ਸਾਡੀ ਆ ਪੰਜਾਬੀ ਅਸੀਂ ਹਾਂ ਸਕੇ ਭਰਾ।

ਲੋਕਤਾ ਦੇ ਨਾਮ 'ਤੇ ਬਣਨੇ ਨੇ ਕਲ੍ਹ ਨੂੰ ਲਾਈਟ ਹਾਊਸ,
ਹਿਟਲਰਾਂ ਦੇ ਬੁੱਤਾਂ ਉੱਤੇ ਕਾਂ ਤੇ ਉੱਲੂ ਬਹਿਣਗੇ।

ਤੂੰ ਤਾਂ ਅਕਲੋਂ ਊਣਾ ਹੀ ਸੈਂ ਐ ਹਿਟਲਰ,
ਹਰ ਇਕ ਸ਼ਾਂਤੀ ਸਹਿਜ ਨੂੰ ਊਣਾ ਕਰ ਗਿਆ ਤੂੰ ।

ਤਖ਼ਤ 'ਤੇ ਬੈਠੇ ਜ਼ਾਲਮਾਂ ਐਨਾ ਮਾਣ ਨਾ ਕਰ,
ਹਰ ਹਿਟਲਰ ਨੂੰ ਜ਼ਹਿਰ ਮਿਲੇ ਜਾਂ ਦਾਰ ਮਿਲੇ।

ਹਿੰਦੂ ਮੁਸਲਿਮ ਸਿੱਖ ਇਸਾਈ ਇਕ ਸੁਰ ਸਨ,
ਪਹਿਲਾਂ ਸਾਡਾ ਦੇਸ਼ ਬੜਾ ਹੀ ਸੋਹਣਾ ਸੀ।

ਮੈਂ ਪੁੱਛਿਆ ਕਿਹੜਾ ਗੁਜਰਾਤ ਉਸ ਨੇ ਕਿਹਾ ਕਿ ਸੋਹਣੀ ਵਾਲਾ,

ਜਾ ਨੀ ਸੋਹਣੀਏ ਏਧਰ ਓਧਰ ਸਾਰੇ ਹੀ ਗੁਜਰਾਤ ਨੇ ਤੇਰੇ।

ਕਵੀ ਇਸ ਗੱਲ ਨੂੰ ਜਾਣਦਾ ਹੈ ਕਿ ਜੇਕਰ ਧੁੱਪਾਂ ਵਿਚ ਨਿੱਘ ਨਹੀਂ ਅਤੇ ਛਾਵਾਂ ਵਿਚ ਠੰਢਕ ਨਹੀਂ ਤਾਂ ਕਿਤੇ ਡੂੰਘੀ ਸਾਜ਼ਿਸ਼ ਰਚੀ ਜਾ ਰਹੀ ਹੈ ਜੋ ਮਾਨਵਤਾ ਦੇ ਹਿੱਤ ਵਿਚ ਨਹੀਂ। ਇਉਂ ਸਾਡਾ ਗ਼ਜ਼ਲਕਾਰ ਰਾਜਸੀ ਬੁਰਛਾਗਰਦੀ ਦੇ ਖਿਲਾਫ ਪਰਚਮ ਬੁਲੰਦ ਕਰਦਾ ਹੈ। ਸ਼ਾਇਰ, ਉਨ੍ਹਾਂ ਲੋਕਾਂ ਦੀ ਕਮੀਨਗੀ

ਦਾ ਪਰਦਾ ਫ਼ਾਸ਼ ਕਰਦਾ ਹੈ ਜਿਹੜੇ ਮਜ਼ਦੂਰਾਂ ਦੀ ਕਮਾਈ 'ਤੇ ਐਸ਼ ਕਰਦੇ ਹਨ।

ਠਰੀਆਂ ਧੁੱਪਾਂ ਤਪੀਆਂ ਛਾਵਾਂ, ਸਾਡੀ ਜੂਹ ਨੂੰ ਹੋਇਆ ਕੀ?

ਅੰਬਰ ਕਾਲਾ-ਕਾਲਾ ਹੋਇਆ, ਧਰਤੀਉਂ ਮੁਰਦਾ-ਬਾਸ ਓ ਸਾਈਂ।

ਪੇਟ ਤੋਂ ਤਨ ਕੁਰਬਾਨ ਨੇ ਹੁੰਦੇ, ਨਰਕੀ-ਕੀੜਾ ਜਿੰਦ ਬਣੀ,

ਫੁੱਟਪਾਥਾ 'ਤੇ ਨੰਗ-ਮੁਨੰਗੀ ਮਾਨਵਤਾ ਦਾ ਡੇਰਾ ਹੈ।
ਜ਼ਖ਼ਮੀ ਡਾਰ ਪਰਿੰਦਿਆਂ ਦੀ

ਭੁੱਖੇ ਬੱਚੇ ਨੂੰ ਨਾ ਦਿੱਤੀ ਇਕ ਬੁਰਕੀ,
ਆਪੂੰ ਤੌਣਾਂ ਚਰਦੇ ਚਰਦੇ ਮਰ ਚੱਲੇ।
ਕਮਜ਼ੋਰ ਜੀਭਾਂ ਤਾਈਂ ਤਾਂ ਗੰਢ ਪੈ ਗਈ ਏ,
ਹਰ ਠਾਣੇ ਸਭਾ ਸੁਸਾਇਟੀ 'ਚ ਜ਼ੋਰ ਬੋਲਦਾ ਹੈ।

ਡਾ. ਬਲਦੇਵ 'ਬੱਦਨ' ਨੇ ਜ਼ਿੰਦਗੀ ਦਾ ਲੰਮਾ ਸਮਾਂ ਦਿੱਲੀ ਵਿਚ ਸਰਕਾਰੀ ਮੁਲਾਜਮਤ ਦੌਰਾਨ ਬਿਤਾਇਆ ਹੈ। ਉਸ ਨੇ ਲਗਭਗ ਸਾਰਾ ਭਾਰਤ ਗਾਹਿਆ ਹੈ। ਇਸ ਲਈ ਉਸ ਨੂੰ ਸਾਰੇ ਅੰਦਰੂਨੀ ਰਾਜਸੀ ਦਾਅਪੇਚਾਂ ਦੀ ਡੂੰਘੀ ਜਾਣਕਾਰੀ ਹੈ । ਉਹ ਜਾਣਦਾ ਹੈ ਕਿ ਪੰਜਾਬ ਦਾ ਨੀਰ ਮਿੱਠਾ ਸੀ ਤੇ ਇਸ ਵਿਚ ਜ਼ਹਿਰ ਕਿਸ ਨੇ ਘੋਲੀ ਹੈ। ਉਸ ਦਾ ਸਾਫ਼ ਇਸ਼ਾਰਾ ਪੰਜਾਬ ਦੇ ਪਾਣੀਆਂ ਦੀ ਵੰਡ ਨਾਲ ਹੋ ਰਹੇ ਵਿਤਕਰੇ ਵੱਲ ਹੈ। ਪੰਜਾਬ ਦੇ ਨੌਜਵਾਨਾਂ ਦਾ ਧੜਾਧੜ ਵਿਦੇਸ਼ਾਂ ਨੂੰ ਜਾਣਾ ਉਸ ਰਾਜਸੀ ਸਾਜ਼ਿਸ਼ ਦਾ ਹਿੱਸਾ ਹੈ ਜਿਸ ਦੁਆਰਾ ਪੰਜਾਬ ਦੀ ਸੱਤਾ ਨੂੰ ਹੱਥਿਆਉਣਾ ਹੈ।

ਧਰਤੀ ਸੁੰਨੀ-ਸੁੰਨੀ ਹੋਈ ਰੁੱਖ ਕਰ ਗਏ ਪਰਵਾਸ ਓ ਸਾਈਂ।

ਘਰਾਂ ਦੇ ਜੰਦਰੇ ਜ਼ੰਗ ਨੇ ਖਾਧੇ ਦਸਤਕ ਦੀ ਨਾ ਆਸ ਓ ਸਾਈਂ।

ਧੀਆਂ ਪੁੱਤ ਪੰਜਾਬ ਦੇ ਸਾਡੇ ਤੁਰਦੇ ਜਾਣ ਬਦੇਸ਼ੀਂ,
ਹਰਿ ਗਏ ਨੇ ਹੁਣ ਬੂਹਿਆਂ ਉੱਤੇ ਬੁੱਢਿਆਂ ਦੇ ਸਿਰਨਾਵੇਂ।

ਰੁੱਖ ਤੇ ਪੁੱਤ ਸਭ ਬਦੇਸ਼ੀ ਤੁਰ ਗਏ, ਬੁੱਢੀ ਬੁਢੜਾ ਰਹਿੰਦਾ ਹੈ ਬਸ ਹੂੰਗਦਾ।

ਏਸ ਪੰਜਾਬ 'ਤੇ ਵਰਤਿਆ ਲੋਕੋ ਕੈਸਾ ਕਹਿਰ।

ਪੰਜਾਂ ਹੀ ਦਰਿਆਵਾਂ ਵਿਚ, ਵਧਦੀ ਜਾਂਦੀ ਜ਼ਹਿਰ।
ਸਭ ਘਰੀਂ ਪਰਵਾਸ ਵਾਲੀ ਹੈ ਪਲੇ ਵੜ ਗਈ,
ਬੁੱਢੇ ਤੇਰੇ ਹੂੰਗਣੇ ਨੇ ਵਸਦਾ ਕੋਈ ਨਹੀਂ।

ਸਾਡੇ ਇਸ ਦਰਵੇਸ਼ ਸ਼ਹਿਰ ਦੀ ਦਿਲੀ ਇੱਛਾ ਹੈ ਕਿ :
ਹਰ ਚਰਚਾ ਵਿਚ ਬਣਿਆ ਵਾਦ-ਵਿਵਾਦ ਰਹੇ।
ਸੱਚ ਦਾ ਮੰਥਨ ਯੁਗ ਯੁਗ ਜ਼ਿੰਦਾਬਾਦ ਰਹੇ।
ਚਿੰਤਨ ਦੀ ਇਹ ਖੇਤੀ ਮੌਲਦੀ ਰਹੇ ਦਾਤਾ,
ਇਸ ਲਈ ਮੇਰੀ ਜਿੰਦੜੀ ਬਣਦੀ ਖਾਦ ਰਹੇ।
ਦੂਰ ਹੀ ਰੱਖੀਂ ਮੌਲਾ ਮਜ਼੍ਹਬੀ ਰੌਲਿਆਂ ਤੋਂ,
ਮੇਰੀ ਆਤਮਾ ਅੰਦਰ ਅਨਹਦ ਨਾਦ ਰਹੇ।

ਸੱਚ ਅਬਦਲ ਨਹੀਂ ਪਰ ਸੱਚ ਤਾਂ ਸੱਚ ਹੀ ਹੈ,
ਸੱਚ ਸਿਰ ਕੁੰਡਾ ਅਮਲ ਦਾ ਆਦਿ-ਜੁਗਾਦ ਰਹੇ।

ਸੁਣ ਐ 'ਬੱਦਨ' ਇਹ ਸਦੀਵੀ ਰਹਿਣਗੇ,
ਫੜ੍ਹ ਕਲਮ ਤੇ ਅੱਖਰਾਂ ਦੀ ਬਾਤ ਪਾ।
ਜ਼ਖ਼ਮੀ ਡਾਰ ਪਰਿੰਦਿਆਂ ਦੀ

ਆ ਚਲ ਰਲ ਕੇ ਲੰਗਰ ਲਾਈਏ ਸ਼ਬਦਾਂ ਦਾ।
ਨ੍ਹੇਰੇ ਰਾਹੀਂ ਦੀਪ ਜਗਾਈਏ ਸ਼ਬਦਾਂ ਦਾ।

ਸ਼ਬਦਾਂ ਬਿਨ ਸਭ ਗੂੰਗੇ ਰਾਹੀਂ ਭਟਕ ਰਹੇ,
ਨ੍ਹੇਰੇ ਰਾਹੀਂ ਨੂਰ ਵਿਛਾਈਏ ਸ਼ਬਦਾਂ ਦਾ।

ਅਜਿਹੀਆਂ ਖ਼ੂਬਸੂਰਤ ਗ਼ਜ਼ਲਾਂ ਦੀ ਰਚਨਾ ਲਈ ਡਾ. ਬਲਦੇਵ ਸਿੰਘ 'ਬੱਦਨ' ਦੀ ਇਸ ਪੁਸਤਕ ਦਾ ਸੁਆਗਤ ਹੈ।

(18 **ਜਨਵਰੀ** 2024)

# ਕੋਰੜਾ ਛੰਦ

1. ਕਿਹਦੇ ਕੋਲ ਵੀਰੋ ਕਰੀਏ ਸ਼ਿਕਾਇਤ ਨੂੰ, ਖ਼ੁਦ ਪੰਜਾਬੀ ਆ ਗਏ ਵਲਾਇਤ ਨੂੰ।
ਛੱਡ ਕੇ ਸੁਰਗ ਆ ਗਏ ਵੀਰਾਨੇ 'ਚ, ਆ ਕੇ ਪਛਤਾਈਏ ਮੁਲਕ ਬੇਗਾਨੇ 'ਚ ।

2. ਏਥੇ ਆਣ ਕੇ ਕੀ ਨੇਕੀਆਂ ਕਮਾਵੇਂ ਤੂੰ ਸਾਂਝੀਵਾਲ ਛੱਡ ਵੈਰ ਨੂੰ ਵਧਾਵੇਂ ਤੂੰ
ਇਕ ਤੋਂ ਕਹਾਵੇਂ ਵੱਡਾ ਪਹਿਲਵਾਨ ਤੂੰ ਬੱਲੇ ਉਏ ਪੰਜਾਬੀਆਂ ਬਣਾਵੇਂ ਸ਼ਾਨ ਨੂੰ

3. ਸੁਣਦੇ ਸੀ ਵਲੈਤੀਂ ਲੋਕ ਮੌਜਾਂ ਮਾਣਦੇ ਆਦਮੀ ਦੀ ਆਦਮੀ ਕਦਰ ਜਾਣਦੇ
ਪੁੱਠੀ ਗੱਲ ਹੋਈ ਫਸੇ ਕੈਦ ਖਾਨੇ 'ਚ ਆ ਕੇ ਪਛਤਾਈਏ ਮੁਲਕ ਬੇਗਾਨੇ 'ਚ

4. ਜਾ ਕੇ ਰੋਹਬ ਪਾਵੇਂ ਮਾੜਿਆਂ ਦੇ ਉੱਤੇ ਜੀ ਹੱਡਾ ਰੋੜੀ ਵਿੱਚ ਜਿਉਂ ਇੱਲਾਂ ਨੂੰ ਕੁੱਤੇ ਜੀ,
ਬਣਿਆ ਫਿਰੇ ਉਏ ਵੱਡਾ ਸੁਲੇਮਾਨ ਤੂੰ ਬੱਲੇ ਓ ਪੰਜਾਬੀਆ ਬਣਾਵੇਂ ਸ਼ਾਨ ਤੂੰ



ਨਿਰਮਲ ਸਿੰਘ ਸੰਘਾ

5. ਕਰ ਮਜ਼ਦੂਰੀ ਏਥੇ ਪੇਟ ਪਾਲੀਏ ਕਾਰਖਾਨਿਆਂ 'ਚ ਜ਼ਿੰਦਗੀ ਨੂੰ ਗਾਲੀਏ
ਮਿਲਦਾ ਨਾ ਸਾਕੀ ਸਾਂਝ ਦੇ ਮੈਖਾਨੇ 'ਚ ਆ ਕੇ ਪਛਤਾਈਏ ਮੁਲਕ ਬੇਗਾਨੇ 'ਚ

6. ਬਾਰਾਂ ਤੇਰਾਂ ਪੀ ਕੇ ਬੀਅਰ ਦੇ ਗਲਾਸ ਜੀ ਰੱਖੀ ਨਾ ਸ਼ਰਮ ਤੈਂ ਜਰਾ ਵੀ ਪਾਸ ਜੀ
ਨਸ਼ੇ ਵਿੱਚ ਹੋ ਕੇ ਬੈਠਾ ਮੁਲਤਾਨ ਤੂੰ ਬੱਲੇ ਉਏ ਪੰਜਾਬੀਆ ਬਣਾਵੇਂ ਸ਼ਾਨ ਨੂੰ

7. ਭਾਈਆਂ ਭੈਣਾਂ ਵਾਲਾ ਤਜ ਕੇ ਪਿਆਰ ਸੀ, ਗੋਰਿਆਂ ਨੂੰ ਆ ਗਏ ਸਮਝ ਯਾਰ ਸੀ
ਖੱਟੀ ਬਦਨਾਮੀ ਰੰਡੀ ਦੇ ਯਰਾਨੇ 'ਚ ਆ ਕੇ ਪਛਤਾਈਏ, ਮੁਲਕ ਬੇਗਾਨੇ 'ਚ।

8. ਦਗ਼ੇ ਬਾਜ਼ੀਆਂ ਦਾ ਬਣ ਕੇ ਸਯਦ ਤੂੰ ਭੁੱਲ ਕੇ ਨਾ ਕਰੇਂ ਕਿਸੇ ਦੀ ਮਦਦ
ਤੂੰ ਝੂਠ 'ਚ ਕਹਾਵੇਂ ਵੱਡਾ ਪ੍ਰਧਾਨ ਤੂੰ, ਬੱਲੇ ਉਏ ਪੰਜਾਬੀਆਂ ਬਣਾਵੇਂ ਸ਼ਾਨ ਨੂੰ

9. ਏਥੋਂ ਜਿੰਨਾ ਕੰਮ ਇੰਡੀਆ ਜੇ ਕਰੀਏ ਰੋਟੀ ਤੋਂ ਅਸੀਂ ਨਾ ਕਦੇ ਭੁੱਖੇ ਮਰੀਏ
ਆਵੇ ਨਾ ਫੇ ਤੋਟ ਭਾਰਤੀ ਖ਼ਜ਼ਾਨੇ 'ਚ ਆ ਕੇ ਪਛਤਾਈਏ ਮੁਲਕ ਬੇਗਾਨੇ 'ਚ

10. ਮੇਮਾਂ ਦੇ ਖ਼ਿਆਲ 'ਚ ਰਹੇਂ ਮਘਨ ਤੂੰ ਦੇਖ ਕੇ ਬਾਜ਼ਾਰੀ ਔਰਤਾਂ ਨਗਨ
ਤੂੰ ਹਾਲੇ ਵੀ ਕਹਾਂਵਦਾ ਏਂ ਇਨਸਾਨ ਤੂੰ ਬੱਲੇ ਉਏ ਪੰਜਾਬੀਆ ਬਣਾਵੇਂ ਸ਼ਾਨ ਨੂੰ

11. ਕਾਲੇ ਗੋਰੇ ਵਾਲਾ ਚੱਲਦਾ ਵਿਤਕਰਾ ਕੋਈ ਨਾ ਇੱਜ਼ਤ ਨਾ ਅਜ਼ਾਦੀ ਮਿੱਤਰਾ,
ਖ਼ੁਸ਼ੀ ਕਿੱਦਾਂ ਭਰੇ ਗਮੀ ਦੇ ਤਰਾਨੇ 'ਚ ਆ ਕੇ ਪਛਤਾਈਏ, ਮੁਲਕ ਬੇਗਾਨੇ 'ਚ

12. ਪੈਸੇ ਪਿੱਛੇ ਰੋਲ ਦਿੱਤੀ ਪੱਤ ਜ਼ਾਲਮਾ ਲੱਖੀਂ ਨਾ ਹਜ਼ਾਰੀਂ ਆਵੇ ਹੱਥ ਜ਼ਾਲਮਾ
ਪੱਗ ਨਾ ਸੰਭਾਲੇਂ ਨਾ ਸੰਭਾਲੇਂ ਆਨ ਤੂੰ ਬੱਲੇ ਉਏ ਪੰਜਾਬੀਆ ਬਣਾਵੇਂ ਸ਼ਾਨ ਤੂੰ

13. ਆਵੇ ਯਾਦ ਕੀਤੀ ਕਣਕਾਂ ਦੀ ਰਾਖੀ ਜੀ, ਲੰਘ ਗਈਆਂ ਤੀਆਂ ਲੰਘ ਗਈ ਵਸਾਖੀ ਜੀ
ਲੱਗੀ ਨਾ ਸਿਸਤ ਭਾਗ ਦੀ ਨਿਸ਼ਾਨੇ 'ਚ ਆ ਕੇ ਪਛਤਾਈਏ ਮੁਲਕ ਬੇਗਾਨੇ 'ਚ

14. ਵੱਟਾ ਕਾਹਨੂੰ ਲਾਵੇਂ ਸ਼ਾਨ ਨੂੰ ਪੰਜਾਬੀਆ ਸਾਂਭ ਸਾਂਭ ਸਾਂਭ ਆਨ ਨੂੰ ਪੰਜਾਬੀਆ
ਦੁਨੀਆ ਦੇ ਵਿੱਚ ਗਿਣਿਆ ਮਹਾਨ ਤੂੰ ਬੱਲੇ ਉਏ ਪੰਜਾਬੀਆਂ ਬਣਾਵੇਂ ਸ਼ਾਨ ਤੂੰ

15. ਉਠ ਚੱਲ ਮਨਾਂ ਵਤਨਾ ਨੂੰ ਚੱਲੀਏ ਅਸੀਂ ਹਾਂ ਪੰਜਾਬੀ ਜਾ ਪੰਜਾਬ ਮੱਲੀਏ
ਗੰਗਾ ਚੱਲੀ ਸੋਹਵੇ ਨਾ ਸ਼ਰਾਬ ਖ਼ਾਨੇ 'ਚ ਆ ਕੇ ਪਛਤਾਈਏ ਮੁਲਕ ਬੇਗਾਨੇ 'ਚ

16. ਚੱਲ ਜਾ ਕੇ ਮੋਢੇ ਨਾਲ ਮੋਢਾ ਜੋੜ ਦੇ, ਭੁੱਖ ਤੇ ਬੇਕਾਰੀ ਦੀ ਜੰਜੀਰ ਤੋੜ ਦੇ
ਹਿੰਦ ਹੈ ਚਕੋਰੀ ਅਤੇ ਉਹਦਾ ਭਾਨ ਤੂੰ ਬੱਲੇ ਉਏ ਪੰਜਾਬੀਆ ਬਣਾਵੇ ਸ਼ਾਨ ਤੂੰ

# ਹਾਸੇ ਤੇ ਚੋਭਾਂ: ਬਾਬਿਆਂ ਦੇ ਵੱਗ ਫਿਰਦੇ

ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ,
ਪਟਿਆਲਾ-147002.
(9417692015)



ਤ੍ਰਿਲੋਕ ਢਿੱਲੋਂ ਸੂਖਮਭਾਵੀ ਲੇਖਕ ਹੈ। ਉਹਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ- ਕਵਿਤਾ, ਨਾਟਕ, ਨਿਬੰਧ ਅਤੇ ਹਾਸ-ਵਿਅੰਗ ਆਦਿ ਤੇ ਕਲਮ ਚਲਾਈ ਹੈ। ਇਨ੍ਹਾਂ ਵਿਧਾਵਾਂ ਵਿੱਚ ਉਹਦੀਆਂ ਹੁਣ ਤੱਕ 9 ਕਿਤਾਬਾਂ ਛਪ ਚੁੱਕੀਆਂ ਹਨ। ਉਹਦੀਆਂ ਕੁਝ ਲਿਖਤਾਂ (ਕਹਾਣੀਆਂ, ਕਵਿਤਾਵਾਂ, ਵਿਅੰਗ ਆਦਿ) ਨੂੰ ਸਾਂਝੇ ਸੰਗ੍ਰਹਿਆਂ ਵਿੱਚ ਵੀ ਢੁਕਵਾਂ ਸਥਾਨ ਮਿਲਿਆ ਹੈ। 2022 ਵਿੱਚ ਉਹਨੇ ਹਾਸ-ਵਿਅੰਗ ਦੀ ਵਿਧਾ ਉੱਤੇ (ਪੁਸਤਕ 'ਤਰੀ ਵਾਲੇ ਕਰੇਲੇ' ਰਾਹੀਂ) ਹੱਥ ਅਜ਼ਮਾਇਆ, ਜਿਸ ਵਿੱਚ ਉਹਨੂੰ ਭਰਪੂਰ ਕਾਮਯਾਬੀ ਮਿਲੀ। ਇਸ ਪੁਸਤਕ ਦਾ ਪਹਿਲਾ ਸੰਸਕਰਣ ਹੱਥੋ-ਹੱਥੀ ਵਿਕ ਗਿਆ ਤੇ ਦੂਜੀ ਐਡੀਸ਼ਨ ਛਾਪਣੀ ਪਈ। ਇਸੇ ਵਿਧਾ ਵਿੱਚ ਉਹਦੀ ਹੱਥਲੀ ਕਿਤਾਬ ('ਬਾਬਿਆਂ ਦੇ ਵੱਗ ਫਿਰਦੇ', ਟਰੂ ਸਪੈਰੋ ਪਬਲਿਸ਼ਰਜ਼ ਪਟਿਆਲਾ, ਪੰਨੇ 97, ਮੁੱਲ 275/- ਰੁਪਏ) ਸਾਹਮਣੇ ਆਈ ਹੈ, ਜਿਸ ਵਿੱਚ ਉਹਨੇ 15 ਵਿਸ਼ਿਆਂ ਤੇ ਬੇਬਾਕੀ ਨਾਲ ਲਿਖਿਆ ਹੈ, ਨਾਲੋ-ਨਾਲ 'ਫਿੱਲਰ' ਵਜੋਂ ਏਨੀ ਹੀ ਛੋਟੇ ਆਕਾਰ ਦੀ ਸਾਮੱਗਰੀ ('ਦੁੰਮ ਛੱਲਾ' ਸਿਰਲੇਖ ਹੇਠ) ਹੋਰ ਪਰੋਸੀ ਗਈ ਹੈ।




ਜਿਨ੍ਹਾਂ ਵਿਸ਼ਿਆਂ ਨੂੰ ਵਿਅੰਗ ਦੀ ਚਾਸ਼ਣੀ ਵਿੱਚ ਡੁਬੋਇਆ ਗਿਆ ਹੈ, ਉਨ੍ਹਾਂ ਵਿੱਚ ਗੱਲਾਂ, ਜ਼ਬਾਨ, ਮੋਟਾਪਾ, ਬੂਬਨੇ, ਸੇਵਾਮੁਕਤੀ, ਤਣਾਓ, ਪਤਨੀ, ਦਲ-ਬਦਲੂ, ਸੇਲ, ਸੰਸਕਾਰ, ਪਟਵਾਰੀ ਜਿਹੇ ਆਮ ਤੇ ਜਾਣੇ-ਪਛਾਣੇ ਮਜ਼ਮੂਨ ਉੱਭਰ ਕੇ ਸਾਹਮਣੇ ਆਏ ਹਨ। ਪਹਿਲਾ ਸਿਰਲੇਖ ਹੈ- 'ਗੱਲਾਂ ਦਾ ਕੜਾਹ', ਜਿਸ ਵਿੱਚ ਲੇਖਕ ਨੇ ਗੱਲਾਂ ਰਾਹੀਂ ਹੀ ਆਪਣੀ ਪੈਂਠ ਜਮਾਉਣ ਵਾਲੇ ਲੋਕਾਂ ਦਾ ਚੀਰ-ਹਰਣ ਕੀਤਾ ਹੈ। ਇਸ ਵਿੱਚ ਪੰਜਾਬ ਦੇ ਇੱਕ ਮੰਤਰੀ, ਲੇਖਕ ਦਵਿੰਦਰ ਦੀਦਾਰ, ਸ਼ੇਖ ਸਾਅਦੀ ਨੂੰ ਉਭਰਵੇਂ ਰੂਪ ਵਿੱਚ 'ਕੋਟ' ਕੀਤਾ ਗਿਆ ਹੈ। 'ਉੱਸਲਵੱਟੇ ਲੈਂਦੀ ਜ਼ਬਾਨ' ਵਿੱਚ ਚੁੱਪ ਅਤੇ ਬੋਲ ਦੀ ਮਹੱਤਾ/ਫ਼ਰਕ ਨੂੰ ਸਮਝਾਇਆ ਗਿਆ ਹੈ। ਲੇਖਕ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ "ਕਮਾਨੋਂ ਨਿਕਲਿਆ ਤੀਰ ਅਤੇ ਜ਼ਬਾਨੋਂ ਨਿਕਲੇ ਬੋਲ ਕਦੇ ਵਾਪਸ ਨਹੀਂ ਮੁੜਦੇ"। ਇਸ ਲੇਖ ਵਿੱਚ ਲੇਖਕ ਨੇ ਬਸ਼ੀਰ ਬਦ੍ਰ ਦੇ ਇੱਕ ਸ਼ੇਅਰ ਨੂੰ ਖਾਸ ਤੌਰ ਤੇ ਉਧ੍ਰਿਤ ਕੀਤਾ ਹੈ। 'ਢਿੱਡ ਘਟਾਓ ਪਰਮੋਸ਼ਨ ਪਾਓ' ਵਿੱਚ ਮੋਟੀ ਗੋਗੜ ਵਾਲਿਆਂ ਦੀਆਂ ਪ੍ਰੇਸ਼ਾਨੀਆਂ ਤੇ ਹੱਲ ਨੂੰ ਲੈ ਕੇ

ਢਿੱਡੀਂ ਪੀੜਾਂ ਪਾਈਆਂ ਗਈਆਂ ਹਨ। ਲੇਖਕ ਦੀ ਕਲਮ ਲਾਲਾ ਰਾਮਦੇਵ ਅਤੇ ਮਹਿਕਮਾ ਪੁਲੀਸ ਨੂੰ ਆੜੇ ਹੱਥੀਂ ਲੈਂਦੀ ਹੈ। 'ਮਿੱਠੀਆਂ ਨਮੋਲੀਆਂ' ਵਿੱਚ ਓਸ਼ੋ ਰਜਨੀਸ਼, ਭਾਰਤ-ਜਪਾਨ, ਛੜਿਆਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਮਿਲਦਾ ਹੈ। ਸੰਗ੍ਰਹਿ ਦਾ ਸ਼ੀਰਸ਼ਕ ਲੇਖ ਬੜੀ ਮਿਹਨਤ ਨਾਲ ਲਿਖਿਆ ਗਿਆ ਹੈ। ਇਸ ਵਿੱਚ ਖੁੰਬਾਂ ਵਾਂਗ ਉੱਗੇ ਬਾਬਿਆਂ ਦੀ ਚੰਗੀ ਤੌਣੀ ਲਾਹੀ ਗਈ ਹੈ। ਪ੍ਰਸਿੱਧ ਦਾਰਸ਼ਨਿਕ ਜੌਸਫ਼, ਅਹੱਲਿਆ ਦੇ ਪੱਥਰ ਹੋਣ ਦੀ ਮਿੱਥ ਕਥਾ, ਹਰਭਜਨ ਸਿੰਘ ਯੋਗੀ ਆਦਿ ਪ੍ਰਸੰਗਾਂ ਨੂੰ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਢੁਕਵੀਂ ਥਾਂ ਵਰਤਿਆ ਹੈ। 'ਸੱਤਵੀਂ ਰੁੱਤ ਦੇ ਸ਼ਾਹ ਸਵਾਰ' ਵਿੱਚ ਦਲ-ਬਦਲੂਆਂ ਦੀ ਖ਼ੂਬ ਖੁੰਬ ਠੱਪੀ ਹੈ। ਸ਼ਾਇਰ ਪ੍ਰਮੋਦ ਕਾਫ਼ਿਰ, ਅਮਰੀਕਾ ਦਾ ਚਿੜੀਆ ਘਰ, ਭਾਰਤੀ ਚੋਣ ਦ੍ਰਿਸ਼ ਨੇ ਇਸ ਮਜ਼ਮੂਨ ਵਿੱਚ ਖਾਸ ਥਾਂ ਬਣਾਈ ਹੈ। 'ਤੂੰ ਕਾਹਦਾ ਪਟਵਾਰੀ' ਵਿੱਚ ਲੇਖਕ ਨੇ ਆਪਣੀ ਹੱਡਬੀਤੀ ਦਾ ਕਿੱਸਾ ਤਾਂ ਸ਼ਾਮਲ ਕੀਤਾ ਹੀ ਹੈ, ਨਾਲ ਨਾਲ ਅਮਰੀਕੀ ਰਾਸ਼ਟਰਪਤੀਆਂ ਤੇ ਉਨ੍ਹਾਂ ਦੀਆਂ ਪਤਨੀਆਂ ਦੀ ਰੋਜ਼ਮੱਰਾ ਜ਼ਿੰਦਗੀ ਨੂੰ ਵੀ ਪੇਸ਼ ਕੀਤਾ ਹੈ। 'ਕਿੱਧਰ ਗਏ ਉਹ ਲੋਕ ਤੇ ਸਭਿਆਚਾਰ' ਵਿੱਚ ਲੇਖਕ ਨੇ ਪੰਜਾਬੀ ਵਿਰਸੇ ਤੇ ਵਰਤਮਾਨ ਦੇ ਰੂਬਰੂ ਹੋ ਕੇ ਅਖੌਤੀ ਆਧੁਨਿਕਤਾ ਦੇ ਬਖ਼ੀਏ ਉਧੇੜੇ ਹਨ। ਫੋਕੀ ਟੌਅਰ, ਵਿਖਾਵਾ ਤੇ ਫੂੰ-ਫ਼ਾਂ ਤਾਂ ਇਉਂ ਹੈ, ਜਿਵੇਂ ਅੱਡੀਆਂ ਚੁੱਕ ਕੇ ਫਾਹਾ ਲਿਆ ਜਾਵੇ। 'ਰੀਟਾਇਰ ਬੰਦੇ ਵੀ ਬੜੇ ਕੰਮ ਦੇ ਹੁੰਦੇ ਨੇ ਜੇ ਕਿਤੇ...' ਵਿੱਚ ਸੇਵਾਮੁਕਤ ਲੋਕਾਂ ਦੀਆਂ ਪੱਕ ਚੁੱਕੀਆਂ ਮਾੜੀਆਂ ਆਦਤਾਂ ਨੂੰ ਸਮੇਂ ਦੇ ਹਿਸਾਬ ਨਾਲ ਬਦਲਣ ਬਾਰੇ ਸੰਕੇਤ ਹੈ ਤੇ ਸੇਵਾਮੁਕਤੀ ਤੋਂ ਬਾਦ ਚੰਗਾ, ਸੁੱਚਾ ਜੀਵਨ ਜੀਣ ਦੇ ਅਮਲ ਦੀ ਲੋੜ ਨੂੰ ਉਭਾਰਿਆ ਹੈ। 'ਇਮਿਊਨਿਟੀ ਵਧਾਓ-ਟੈਂਸ਼ਨ ਘਟਾਓ' ਵਿੱਚ ਤਣਾਓ ਰਹਿਤ ਅਤੇ ਚੰਗੀ ਜ਼ਿੰਦਗੀ ਜੀਣ ਲਈ ਖੁਸ਼ ਰਹਿਣ ਦੀ ਗੱਲ ਕੀਤੀ ਗਈ ਹੈ। ਲੇਖਕ ਵੱਡਿਆਂ ਤੋਂ ਕੁੱਟ ਖਾਣ, ਝਿੜਕਾਂ ਖਾਣ, ਪਤਨੀ ਦੇ ਸ਼ਾਂਤ ਰਹਿਣ, ਇੱਕ-ਅੱਧ ਪੈਗ ਪੀਣ ਆਦਿ ਨੂੰ ਇਮਿਊਨਿਟੀ ਵਿੱਚ ਵਾਧੇ ਦੀ ਚੰਗੀ ਖੁਰਾਕ ਦੱਸਦਾ ਹੈ। 'ਇਹ ਬਜ਼ੁਰਗੀ ਮੇਰੇ ਸਿਰ ਨਾ ਮੜ੍ਹੋ' ਵਿੱਚ ਅੰਗਰੇਜ਼ੀ ਲੇਖਕ ਡੀ. ਮੈਥਾਰਟਨ ਦੇ ਹਵਾਲੇ ਨਾਲ ਦੱਸਿਆ ਹੈ ਕਿ ਬੰਦਾ ਬੁੱਢਾ ਉਦੋਂ ਹੁੰਦਾ ਹੈ ਜਦੋਂ ਉਹਦੀ ਇੱਛਾ ਸ਼ਕਤੀ ਤੇ ਸੋਚ ਨਾਕਾਰਾਤਮਕ ਹੋ ਜਾਂਦੀ ਹੈ। ਇਸੇ ਰਚਨਾ ਵਿੱਚ ਸਪਸ਼ਟ ਕੀਤਾ ਹੈ ਕਿ ਕਿਤੇ ਘੁੰਮਣ-ਫਿਰਨ ਨੂੰ ਜੀਅ ਨਾ ਕਰਨਾ, ਨਵੇਂ ਕੱਪੜੇ ਨਾ ਖਰੀਦਣਾ, ਨੌਜਵਾਨਾਂ ਦੇ ਫ਼ੈਸ਼ਨਾਂ ਤੇ ਟਿੱਪਣੀਆਂ ਕਰਨਾ, ਆਧੁਨਿਕ ਗੀਤ-ਸੰਗੀਤ ਤੇ ਤਨਜ਼ ਕਸਣਾ- ਸਭ ਬੁੱਢੇ ਹੋਣ ਦੀਆਂ ਨਿਸ਼ਾਨੀਆਂ ਹਨ। 'ਨਵੇਂ ਲੇਖਕਾਂ ਲਈ ਸਾਹਿਤਕ ਸੁਵਿਧਾ ਕੇਂਦਰ' ਵਿੱਚ ਨਵੇਂ ਲੇਖਕਾਂ ਲਈ ਅਜਿਹੀ ਸੰਸਥਾ ਦੀ ਵਕਾਲਤ ਕੀਤੀ ਗਈ ਹੈ, ਜਿਸ ਵਿੱਚ ਕਿਸੇ ਲੇਖਕ ਦੀ ਪੁਸਤਕ ਦੀ ਛਪਾਈ ਤੋਂ ਲੈ ਕੇ ਪ੍ਰਚਾਰ-ਪ੍ਰਸਾਰ ਤੱਕ ਹਰ ਤਰ੍ਹਾਂ ਦਾ ਪ੍ਰਬੰਧ ਹੋਵੇ। 'ਘਰ ਗ੍ਰਹਿਸਥੀ ਵਿੱਚ ਪਤਨੀਆਂ ਦਾ ਯੋਗਦਾਨ' ਵਿੱਚ ਪਤਨੀਆਂ ਵੱਲੋਂ ਘਰ ਬੈਠ ਕੇ ਕੀਤੇ ਜਾਣ ਵਾਲੇ ਵੰਨ-ਸੁਵੰਨੇ ਕੰਮਾਂ ਦੀ ਸੂਚੀ ਉਲੀਕੀ ਗਈ ਹੈ, ਜਿਸ ਵਿੱਚ ਵਿਹਲੇ ਪਤੀ ਨੂੰ ਚਾਹ ਬਣਾਉਣ ਦੀ ਟਰੇਨਿੰਗ, ਸਫ਼ਾਈ, ਝਾੜੂ-ਪੋਚਾ, ਸਿਲਾਈ, ਟਿਫ਼?ਨ ਸਰਵਿਸ ਆਦਿ ਸ਼ਾਮਲ ਹੈ। 'ਪਾ ਕੇ ਲੌਂਗ ਬਿਗਾਨਾ' ਵਿੱਚ ਸੁਚੱਜੇ ਤੇ ਕੁਚੱਜੇ ਸਲਾਹਕਾਰਾਂ ਦਾ ਵੇਰਵਾ ਹੈ ਤੇ ਦੱਸਿਆ ਹੈ ਕਿ ਬਿਗਾਨੀ ਘਟੀਆ ਚੀਜ਼ ਨਾਲ ਆਪਣੀ ਮਹਿੰਗੀ ਚੀਜ਼ ਵਟਾਉਣੀ ਕਿੱਥੋਂ ਦੀ ਸਿਆਣਪ ਹੈ! 'ਜੋ ਲੈ ਗਿਆ ਸੋ ਲੈ ਗਿਆ' ਵਿੱਚ ਦੁਕਾਨਦਾਰਾਂ ਵੱਲੋਂ ਬਜ਼ਾਰਾਂ ਵਿੱਚ ਐਤਵਾਰ ਨੂੰ ਲਾਉਣ ਵਾਲੀਆਂ ਸੇਲਾਂ ਦਾ ਜ਼ਿਕਰ ਹੈ। ਮੁਫ਼ਤ ਜਾਂ ਸਸਤੀਆਂ ਮਿਲਣ ਵਾਲੀਆਂ ਚੀਜ਼ਾਂ ਥੁੜਚਿਰੀ ਖੁਸ਼ੀ ਦਿੰਦੀਆਂ ਹਨ, ਬਾਦ ਵਿੱਚ ਲੰਮਾ ਸਮਾਂ ਪਛਤਾਵਾ ਕਰਨਾ ਪੈਂਦਾ ਹੈ।

ਇਨ੍ਹਾਂ ਸਾਰੇ ਲੇਖਾਂ ਵਿੱਚ ਲੇਖਕ 'ਚਾਚਾ ਘੁਣਤਰੀ' ਵਜੋਂ ਸ਼ਾਮਲ ਹੈ ਤੇ ਉਹਨੇ ਥਾਂ-ਥਾਂ ਆਪਣੇ ਨਿੱਜੀ ਤਜਰਬੇ ਵੀ ਸਾਂਝੇ ਕੀਤੇ ਹਨ। ਤ੍ਰਿਲੋਕ ਢਿੱਲੋਂ ਦੇ ਇਹ ਲੇਖ ਫੋਕੇ ਜਾਂ ਨੀਰਸ ਤਾਂ ਬਿਲਕੁਲ ਵੀ ਨਹੀਂ ਹਨ। ਇਹ ਹਾਸਰਸ ਨਾਲ ਭਰਪੂਰ ਹਨ ਤੇ ਤਿੱਖਾ ਕਟਾਖ ਵੀ ਕਰਦੇ ਹਨ। ਇਹ ਸਮਾਜਕ, ਰਾਜਨੀਤਕ, ਧਾਰਮਕ, ਸਭਿਆਚਾਰਕ, ਇਤਿਹਾਸਕ, ਮਿਥਿਹਾਸਕ ਢਾਂਚੇ ਉੱਤੇ ਵਾਰ ਕਰਨੋਂ ਵੀ ਗੁਰੇਜ਼ ਨਹੀਂ ਕਰਦੇ। ਲੇਖਕ ਨੇ ਪੁਸਤਕ

ਵਿੱਚ ਹੋਰਨਾਂ ਕਿਤਾਬਾਂ ਅਤੇ ਲੇਖਕਾਂ ਦੇ ਹਵਾਲਿਆਂ ਨਾਲ ਥਾਂ ਪੁਰ ਥਾਂ ਆਪਣੇ ਮਤਿ ਦਾ ਜ਼ੋਰਦਾਰ ਪ੍ਰਗਟਾਵਾ ਕੀਤਾ ਹੈ।

ਪੁਸਤਕ ਵਿੱਚ ਕੁਝ ਪ੍ਰਸੰਗ ਬੇਹੱਦ ਸੁਆਦਲੇ, ਗ੍ਰਹਿਣਯੋਗ ਅਤੇ ਸਾਂਭਣਯੋਗ ਹਨ, ਜਿਨ੍ਹਾਂ ਨੂੰ ਪੜ੍ਹਨਾ ਦਿਲਚਸਪੀ ਤੋਂ ਕੋਰਾ ਨਹੀਂ ਹੋਵੇਗਾ:

1. ਗੱਲ ਭਾਵੇਂ ਦਿਲ ਨੂੰ ਲੁਭਾਉਣ ਵਾਲੀ ਮਿੱਠੀ ਹੋਵੇ, ਪ੍ਰਸੰਸਾ ਅਤੇ ਪ੍ਰਵਾਨਗੀ ਦੇ ਯੋਗ ਵੀ ਹੋਵੇ, ਜੇ ਇੱਕ ਵਾਰ ਕਹਿ ਦਿੱਤੀ, ਮੁੜ ਕੇ ਫੇਰ ਨਾ ਕਹੁ।(ਸ਼ੇਖ ਸਾਅਦੀ, 20)

2. ਬੱਚੇ ਨੂੰ ਬੋਲਣ ਤੇ ਸਿੱਖਣ ਲੱਗਿਆਂ ਕਈ ਵਰ੍ਹੇ ਲੱਗ ਜਾਂਦੇ ਨੇ, ਪਰ ਆਦਮੀ ਨੂੰ ਆਪਣੀ ਜ਼ਬਾਨ ਸੰਭਾਲਣ ਲੱਗਿਆਂ ਸਾਰੀ ਉਮਰ ਲੱਗ ਜਾਂਦੀ ਐ।(ਰਸੂਲ ਹਮਜ਼ਾਤੋਵ, 23)

3. ਸਾਡੇ ਦੇਸ਼ ਦਾ ਪ੍ਰਧਾਨਮੰਤਰੀ, ਮੁੱਖ ਮੰਤਰੀ, ਟਾਟਾ, ਬਾਟਾ, ਸਲਮਾਨ ਖਾਨ, ਹੋਰ ਕਈ- ਏਥੋਂ ਤੱਕ ਕਿ ਬਾਬਾ ਰਾਮਦੇਵ ਵੀ ਛੜੇ ਹਨ, ਜਣੀ ਕਿ ਹਾਲੇ ਤੀਕ ਕੁਆਰੇ ਹੀ ਹਨ- ਫਿਰ ਇਹਨਾਂ ਦੀ ਕਾਮਯਾਬੀ ਪਿਛੇ ਕਿਹੜੀ ਔਰਤ ਹੈ? (35)

4. ਸੋਚ ਏਨੀ ਬਦਲ ਗਈ ਹੈ ਕਿ ਗੁਰੂ ਦੀ ਜਗਾਹ ਗੂਗਲ ਨੂੰ ਦੇ ਦਿੱਤੀ ਹੈ। (35)

5. ਸੁਣੀਆਂ ਸੁਣਾਈਆਂ ਗੱਲਾਂ ਤੇ ਭਰੋਸਾ, ਰੱਬ ਨਾਲੋਂ ਵੀ ਜ਼ਿਆਦਾ, ਪਰ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਤੋਂ ਕਰੋਨਾ ਦੀ ਬੀਮਾਰੀ ਨਾਲੋਂ ਵੀ ਵੱਧ ਦੂਰੀ ਬਣਾ ਕੇ ਰੱਖੀ ਹੋਈ ਹੈ। (54)

6. ਜਿਸ ਤਰ੍ਹਾਂ ਪਾਣੀ ਦਿਨੋਂ ਦਿਨ ਨੀਵਾਂ ਤੇ ਤੇਜ਼ਾਬੀ ਹੋ ਰਿਹੈ- ਉਵੇਂ ਸਾਡੇ ਸਬੰਧ ਤੇ ਰਿਸ਼ਤੇ, ਭਾਈਚਾਰਾ, ਮਤਲਬੀ ਤੇ ਰੁੱਖਾ ਹੁੰਦਾ ਜਾ ਰਿਹਾ ਹੈ। (55)

7. ਸਵੇਰੇ ਸਵੇਰੇ ਕਿਸੇ ਯੋਗਾ ਗੁਰੂ ਦੇ ਕਹਿਣ ਤੇ, ਮੂੰਹ ਉੱਪਰ ਕਰਕੇ ਹਾ-ਹਾ, ਹੀ-ਹੀ ਨਾਲ ਜਾਂ ਜ਼ੋਰ ਜ਼ੋਰ ਦੀ ਦੋਵੇਂ ਹੱਥਾਂ ਨਾਲ ਤਾੜੀਆਂ ਮਾਰ ਮਾਰ ਕੇ ਖੁਸ਼ੀਆਂ ਤੇ ਮੁਸਕਾਨਾਂ ਦੀ ਆਮਦ ਨਹੀਂ ਹੁੰਦੀ। (55)

8. ਰੀਟਾਇਰ ਬੰਦਿਆਂ ਨੂੰ ਕਦੀ ਵੀ ਇਹ ਨਹੀਂ ਸੋਚਣਾ ਚਾਹੀਦਾ ਕਿ ਉਹਨਾਂ ਲਈ ਢਲਦੀ ਉਮਰੇ ਜਿਉਣ ਦਾ ਕੋਈ ਮਤਲਬ ਨਹੀਂ ਰਹਿ ਗਿਆ- ਦੋਸਤੋ, ਡਰਾਈ ਫਰੂਟ ਹਮੇਸ਼ਾ ਫ਼ਰੈਸ਼ ਫਰੂਟ ਤੋਂ ਮਹਿੰਗੇ ਹੁੰਦੇ ਹਨ। (65)

9. ਜੀਵਨ ਦੀ ਹਰ ਮੁਸ਼ਕਿਲ, ਟ?ਰੈਫ਼?ਕ ਦੀ ਲਾਲ ਬੱਤੀ ਵਰਗੀ ਹੁੰਦੀ ਹੈ। ਥੋੜ੍ਹਾ ਚਿਰ ਇੰਤਜ਼ਾਰ ਜਾਂ ਸਬਰ ਕਰ ਲਿਆ ਤਾਂ ਫਿਰ ਤੋਂ ਹਰੀ ਹੋ ਜਾਵੇਗੀ। (69)

10. ਲੰਦਨ ਵਿੱਚ ਇੱਕ ਜ਼ਮਾਨੇ- ਮਜ਼ਦੂਰ ਨੂੰ ਉਹਦੇ ਕੰਮ ਖਤਮ ਹੋਣ ਤੋਂ ਬਾਦ ਜਾਂਦੇ ਸਮੇਂ ਸ਼ਾਮ ਨੂੰ ਇੱਕ ਗਲਾਸ ਦਾਰੂ ਦਿੱਤੀ ਜਾਂਦੀ ਸੀ ਜਿਸਨੂੰ ਲੋਕ 'ਪ੍ਰੈਸ਼ੀਅਸ ਈਵਨਿੰਗ ਗਲਾਸ' ਕਹਿੰਦੇ ਸਨ।ਬਾਦ ਵਿੱਚ ਇਹੋ ਹੀ 'ਪੈਗ' ਕਹਿਲਾਇਆ। (69)

11. ਬਾਬੇ ਤਾਂ ਸਾਧਾਂ, ਸੰਤਾਂ ਦੇ ਡੇਰਿਆਂ ਤੇ ਹੋਇਆ ਕਰਦੇ ਨੇ। ਸੀਨੀਅਰ ਸਿਟੀਜ਼ਨਾਂ ਨੂੰ 'ਬਾਬੇ' ਕਹਿਣਾ ਗੋਲੀ ਮਾਰਨ ਦੇ ਤੁੱਲ ਹੈ। (76)

12. ਪਤਨੀ ਦੇ ਨਾਲ ਬੈਠੇ ਰਹਿਣਾ ਬੜਾ ਆਸਾਨ ਹੈ, ਪਰ ਉਹਦੇ ਨਾਲ ਖੜ੍ਹੇ ਰਹਿਣਾ ਬਹੁਤ ਔਖਾ ਹੈ। ਜੋ ਨਾਲ ਖੜ੍ਹ ਗਿਆ, ਉਸਦੇ ਘਰ ਕਦੇ ਤਰੇੜਾਂ ਨਹੀਂ ਆਉਣਗੀਆਂ।(85)

13. ਜਿਸਨੂੰ ਗੋਡੇ ਮੋੜ ਕੇ ਸੌਣਾ ਆ ਗਿਆ, ਉਸਦੇ ਜੀਵਨ ਵਿੱਚ ਕੋਈ ਵੀ ਚਾਦਰ ਜਾਂ ਮੰਜੀ ਛੋਟੀ ਨਹੀਂ ਹੁੰਦੀ। (86)

14. ਇਨਸਾਨ ਬਿਨਾਂ ਕਿਸੇ ਮਹੂਰਤ ਦੇ ਪੈਦਾ ਹੋਇਆ ਸੀ, ਬਿਨਾਂ ਮਹੂਰਤ ਦੇ ਮਰ ਜਾਵੇਗਾ। ਫਿਰ ਕਿਉਂ ਸਾਰੀ ਉਮਰ ਸ਼ੁਭ ਮਹੂਰਤ, ਸ਼ੁਭ ਦਿਨ ਦੇ ਮਗਰ ਭੱਜਿਆ ਫਿਰਦਾ ਰਹਿੰਦਾ ਹੈ। (97)

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਤ੍ਰਿਲੋਕ ਢਿੱਲੋਂ ਦੀ ਇਹ ਕਿਤਾਬ ਵੀ ਉਹਦੀ ਪਿਛਲੀ ਕਿਤਾਬ ਵਾਂਗ ਹਾਸ-ਵਿਅੰਗ ਵਿੱਚ ਝੰਡੇ ਗੱਡੇਗੀ! ਮੌਜੂਦਾ ਜੀਵਨ ਦੀਆਂ ਵਿਸੰਗਤੀਆਂ, ਸਮੱਸਿਆਵਾਂ, ਥੁੜਾਂ ਤੇ ਔਕੜਾਂ ਵਾਲੇ ਮਾਹੌਲ ਵਿੱਚ ਇਹ ਲੇਖ ਹਾਸ-ਵਿਅੰਗ ਦਾ ਛੱਟਾ ਦੇ ਕੇ ਜੀਵਨ ਨੂੰ ਖ਼ੁਸ਼ਗਵਾਰ ਬਣਾਉਣ ਵਿੱਚ ਭਰਪੂਰ ਸਹਾਈ ਹੋਣਗੇ!

# ਮੈਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ

- ਜਗਦੀਸ਼ ਰਾਣਾ
7986207849
9872630635



ਅਗਰ ਕਿਹਾ ਜਾਵੇ ਕਿ ਸੁਰਜੀਤ ਪਾਤਰ ਪੰਜਾਬੀ ਕਵਿਤਾ ਵਿਚ ਇਕ ਯੁਗ ਦਾ ਨਾਮ ਸੀ, ਅਗਰ ਕਿਹਾ ਜਾਵੇ ਕਿ ਸ਼ਿਵ ਬਟਾਲਵੀ ਤੋਂ ਬਾਅਦ ਪੰਜਾਬੀ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਸ਼ਾਇਰ ਸੁਰਜੀਤ ਪਾਤਰ ਸੀ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।ਹਵਾ ਵਿੱਚ ਹਰਫ਼ ਲਿਖਣ ਦਾ ਵਲ ਉਸ ਨੂੰ ਹੀ ਆਉਂਦਾ ਸੀ।

ਚਿਹਰੇ 'ਤੇ ਪਰਬਤਾਂ ਵਰਗੀ ਗਹਿਰੀ ਚੁੱਪ, ਤੇ ਉਸ ਚੁੱਪ ਵਿੱਚ ਪਨਪਦੇ ਹਜ਼ਾਰਾਂ ਲੱਖਾਂ ਸ਼ਬਦ, ਸੈਂਕੜੇ ਕਵਿਤਾਵਾਂ। ਚਿਹਰੇ 'ਤੇ ਫ਼ਕੀਰਾਂ ਵਰਗਾ ਨੂਰ, ਦਰਵੇਸ਼ਾਂ ਵਰਗਾ ਸੁਭਾਅ। ਹਰ ਇਕ ਲਈ ਅਸੀਮ ਦੁਆਵਾਂ। ਝੋਲ਼ੀ ਵਿੱਚ ਹਰ ਛੋਟੇ-ਵੱਡੇ ਲਈ ਸਤਿਕਾਰ, ਪਿਆਰ, ਆਪਣਾਪਨ। ਸੰਜੀਦਾ ਸੋਚ ਨੂੰ ਪ੍ਰਣਾਇਆ ਹੋਇਆ ਪਰ ਮੁੱਖ ਤੇ ਹਮੇਸ਼ਾਂ ਇਕ ਮਿੰਨੀ-ਮਿੰਨੀ ਮੁਸਕਾਨ ਮਹਿਕਾਂ ਖਿਲਾਰਦੀ। ਜੋ ਵੀ ਇੱਕ ਵਾਰ ਪਾਤਰ ਨੂੰ ਮਿਲ਼ਦਾ ਪਾਤਰ ਦਾ ਹੀ ਹੋ ਕੇ ਰਹਿ ਜਾਂਦਾ।



ਸੁਰਜੀਤ ਪਾਤਰ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਪਿੰਡ ਪੱਤੜ ਕਲਾਂ ਵਿਖੇ 14 ਜਨਵਰੀ 1945 ਨੂੰ ਮਾਘੀ ਵਾਲੇ ਦਿਨ ਪਿਤਾ ਸ.ਹਰਭਜਨ ਸਿੰਘ ਅਤੇ ਮਾਤਾ ਗੁਰਬਖ਼ਸ਼ ਕੌਰ ਦੇ ਘਰ ਹੋਇਆ। ਪਰਿਵਾਰ ਗੁਰਬਾਣੀ ਨਾਲ਼ ਜੁੜਿਆ ਹੋਣ ਕਰਕੇ ਉਹ ਕੀਰਤਨ ਕਰਿਆ ਕਰਦੇ ਸਨ।

ਸੁਰਜੀਤ ਪਾਤਰ ਦਾ ਕਹਿਣਾ ਵੀ ਸੀ ਕੇ ਜੇਕਰ ਉਹ ਸ਼ਾਇਰ ਨਾ ਹੁੰਦਾ ਤਾਂ ਜ਼ਰੂਰ ਹਜ਼ੂਰੀ ਰਾਗੀ ਹੁੰਦਾ। ਸੁਰਜੀਤ ਪਾਤਰ ਦੀ ਆਵਾਜ਼ ਵਿੱਚ ਤਰੰਨੁਮ, ਰਸ, ਕਸ਼ਿਸ਼, ਸੰਗੀਤਕਪੁੱਠ ਹਮੇਸ਼ਾਂ ਵਿਦਮਾਨ ਰਹੀ।ਘਰ ਵਿੱਚ ਧਾਰਮਿਕ ਮਾਹੌਲ ਹੋਣ ਕਰਕੇ ਪਾਤਰ ਬਚਪਨ ਵਿਚ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਰਚਨਾਵਾਂ ਪੜ੍ਹਦੇ ਗਾਉਂਦੇ ਰਹੇ। ਚੜ੍ਹਦੀ ਉਮਰੇ ਮੈਂ ਦੀਦਾਰ ਪਰਦੇਸੀ ਦੀ ਆਵਾਜ਼ ਵਿੱਚ ਜਲੰਧਰ ਦੂਰਦਰਸ਼ਨ ਤੋਂ ਪ੍ਰਸਾਰਿਤ ਹੁੰਦਾ ਸ਼ਿਵ ਬਟਾਲਵੀ ਦਾ ਲਿਖਿਆ ਗੀਤ 'ਰਾਤ ਚਾਨਣੀ ਮੈਂ ਟੁਰਾਂ ਮੇਰਾ ਨਾਲ ਟੁਰੇ ਪਰਛਾਵਾਂ ਨੀ ਜਿੰਦੇ ਮੇਰੀਏ' ਬਹੁਤ ਸੁਣਿਆ। ਬੇਹੱਦ ਸੋਜ ਭਰੀ ਆਵਾਜ਼ ਸੀ ਦੀਦਾਰ ਪਰਦੇਸੀ ਦੀ। ਬੜੀ ਦੇਰ ਮਗਰੋਂ ਪਤਾ ਲੱਗਾ ਕੇ ਦੀਦਾਰ ਪਰਦੇਸੀ ਸੁਰਜੀਤ ਪਾਤਰ ਦਾ ਚਚੇਰਾ ਭਰਾ ਸੀ ਜੋ ਅਫਰੀਕਾ ਦੇ ਕਿਸੇ ਦੇਸ਼ ਵਿੱਚ ਰਹਿੰਦਾ ਸੀ।ਵੈਸੇ ਸੁਰਜੀਤ ਪਾਤਰ ਦਾ ਸਕਾ ਭਰਾ ਉਪਕਾਰ ਸਿੰਘ ਵੀ ਚੰਗਾ ਗਾਇਕ ਹੈ। ਮਾਂ ਬੋਲੀ ਲਈ ਮੋਹ ਪਿਆਰ ਸੁਰਜੀਤ ਪਾਤਰ ਨੂੰ ਵਿਰਸੇ ਚੋਂ ਹੀ ਮਿਲਿਆ ਹੈ।

ਕਹਿੰਦੇ ਨੇ ਕੇ ਪਿੰਡ ਪੱਤੜ ਕਲਾਂ ਵਿੱਚ ਪਹਿਲਾਂ ਉਰਦੂ ਹੀ ਪੜ੍ਹਾਈ ਜਾਂਦੀ ਸੀ। ਇਕ ਵਾਰ ਸੁਰਜੀਤ ਪਾਤਰ ਦੇ ਪਿਤਾ ਹਰਭਜਨ ਸਿੰਘ ਜੀ ਨੇ ਪਿੰਡ ਦੇ ਗੁਰਦੁਆਰੇ ਵਿਖੇ ਗੁਰਮੁਖੀ ਪੜ੍ਹਾਉਣ ਦਾ ਪ੍ਰਬੰਧ ਕਰਾ ਦਿੱਤਾ ਤਾਂ ਹਾਕਮ ਦੇ ਗੁੱਸੇ ਦਾ ਸ਼ਿਕਾਰ ਹੋਣ ਦੇ ਨਾਲ-ਨਾਲ ਜੇਲ੍ਹ ਵੀ ਜਾਣਾ ਪਿਆ ਸੀ।

ਸੁਰਜੀਤ ਪਾਤਰ ਨੇ ਪੰਜਵੀਂ ਆਪਣੇ ਪਿੰਡ ਦੇ ਸਕੂਲ,ਦਸਵੀਂ ਨੇੜਲੇ ਪਿੰਡ ਖੈਰਾ ਮਾਝਾ ਤੋਂ ਬੀ.ਏ. ਰਣਧੀਰ ਗੌਰਮਿੰਟ ਕਾਲਜ ਕਪੂਰਥਲਾ ਤੋਂ ਅਤੇ ਐਮ.ਏ.ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਬਾਣੀ ਵਿੱਚ ਲੋਕਧਾਰਾ ਵਿਸ਼ੇ ਤੇ ਪੀਐੱਚ. ਡੀ.ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕੀਤੀ।

ਸੁਰਜੀਤ ਪਾਤਰ ਪਹਿਲਾਂ ਆਪਣੇ ਨਾਮ ਨਾਲ ਸੁਰਜੀਤ ਹੁੰਜਣ ਲਿਖਦਾ ਸੀ ਫੇਰ ਆਪਣੇ ਪਿੰਡ ਦਾ ਨਾਮ ਨਾਲ? ਸੁਰਜੀਤ ਪੱਤੜ ਤੇ ਫੇਰ ਆਪਣੇ ਅਧਿਆਪਕ ਤੇ ਨਾਟਕਕਾਰ ਸੁਰਜੀਤ ਸਿੰਘ ਸੇਠੀ ਦੇ ਕਹਿਣ 'ਤੇ ਆਪਣੇ ਪਿੰਡ ਦੇ ਨਾਮ 'ਤੇ ਹੀ ਤਖ਼ੱਲਸ 'ਪਾਤਰ' ਰੱਖ ਲਿਆ।

1969 ਵਿੱਚ ਬਾਬਾ ਬੁੱਢਾ ਕਾਲਜ ਬੀੜ ਸਾਹਿਬ ਅੰਮ੍ਰਿਤਸਰ ਵਿਖੇ ਲੈਕਚਰਾਰ ਵਜੋਂ ਲੱਗੇ ਸੁਰਜੀਤ ਪਾਤਰ ਜੀ ਇਸ ਮਗਰੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਅਧਿਆਪਕ ਵਜੋਂ ਨਿਯੁਕਤ ਹੋ ਗਏ ਤੇ ਏਥੋਂ ਹੀ ਪੰਜਾਬੀ ਦੇ ਪ੍ਰੋਫੈਸਰ ਵਜੋਂ ਸੇਵਾ ਮੁਕਤ ਹੋਏ। 2002 ਵਿੱਚ ਉਹ ਪੰਜਾਬੀ

ਸਾਹਿਤ ਅਕਾਡਮੀ ਦੇ ਪ੍ਰਧਾਨ ਚੁਣੇ ਗਏ। ਉਹ ਕਲਾ ਪ੍ਰੀਸ਼ਦ ਚੰਡੀਗੜ੍ਹ ਦੇ ਵੀ ਪ੍ਰਧਾਨ ਰਹੇ।

ਪੰਜਾਬੀਆਂ ਦੀ ਆਦਤ ਹੈ ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ? ਸੁਰਜੀਤ ਪਾਤਰ ਸ਼ਾਇਰੀ ਦਾ ਉਹ ਭਰ ਵਗਦਾ ਦਰਿਆ ਹੈ ਜਿਹਦੇ ਵਿੱਚ ਤਾਰੀ ਲਾ ਕੇ ਅਨਮੋਲ ਹੀਰੇ ਮੋਤੀ ਜਵਾਹਰਾਤ ਪ੍ਰਾਪਤ ਕੀਤੇ ਜਾ ਸਕਦੇ ਹਨ। ਅਜੇਹੀ ਸਖਸ਼ੀਅਤ ਕੇ ਜਿਸ ਦੇ ਨੇੜ੍ਹੇ ਬਹਿ ਕੇ ਹੀ ਬੰਦਾ ਅਸੀਮ ਗਿਆਨ ਪ੍ਰਾਪਤ ਕਰ ਲਵੇ।

ਜਿਸ ਦੇ ਮੂੰਹੋਂ ਨਿੱਕਲੇ ਸ਼ਬਦ ਕਵਿਤਾ ਹੋ ਜਾਵਣ। ਜੋ ਮੂੰਹੋਂ ਫੁੱਲ ਆਖੇ ਤਾਂ ਬਹਾਰ ਵਰਗਾ ਅਹਿਸਾਸ ਹੋਵੇ ਸੁਰਜੀਤ ਪਾਤਰ ਦੀ ਕਵਿਤਾ ਵਿਚ ਅੰਤਾਂ ਦੀ ਸੰਜੀਦਗੀ ਸੀ,ਉਸ ਵਿੱਚ ਨਫ਼ਾਸੀਅਤ,ਸੀ ਦ੍ਰਿੜਤਾ ਸੀ, ਕੋਮਲਤਾ ਸੀ,ਇਮਾਨਦਾਰੀ ਸੀ। ਇਕ ਅਲਗ ਤਰ੍ਹਾਂ ਦੀ ਸੂਝ ਸੀ ਜੋ ਉਸ ਨੂੰ ਆਪਣੇ ਸਮਕਾਲੀਆਂ ਤੋਂ ਅਲੱਗ ਖੜ੍ਹਾ ਕਰਦੀ ਸੀ।

ਸਰਜੀਤ ਪਾਤਰ ਦੀਆਂ ਸਾਹਤਿਕ ਕਿਰਤਾਂ ਵਿੱਚ 'ਹਵਾ ਵਿੱਚ ਲਿਖੇ ਹਰਫ਼', 'ਹਨੇਰੇ ਵਿੱਚ ਸੁਲਘਦੀ ਵਰਣਮਾਲਾ', 'ਲਫ਼ਜ਼ਾਂ ਦੀ ਦਰਗਾਹ', 'ਪਤਝੜ ਦੀ ਪਾਜ਼ੇਬ', 'ਸੁਰਜ਼ਮੀਨ', 'ਚੰਨ ਸੂਰਜ ਦੀ ਵਹਿੰਗੀ' ਵਰਗੇ ਬੇਹੱਦ ਮਕਬੂਲ ਤੇ ਮਿਆਰੀ ਕਾਵਿ ਸੰਗ੍ਰਹਿ ਤੋਂ ਇਲਾਵਾ 'ਸੂਰਜ ਮੰਦਿਰ ਦੀਆਂ ਪੌੜੀਆਂ' ਅਤੇ 'ਇਹ ਬਾਤ ਨਿਰੀ ਏਨੀ ਹੀ ਨਹੀਂ' ਵਾਰਤਕ ਪੁਸਤਕਾਂ ਪੰਜਾਬੀ ਸਾਹਿਤ ਪ੍ਰੇਮੀਆਂ ਦੁਆਰਾ ਖ਼ੂਬ ਪੜ੍ਹੀਆਂ ਤੇ ਸਲਾਹੀਆਂ ਗਈਆਂ।

ਮੈਂ ਕਈ ਸਾਲ ਪਹਿਲਾਂ ਪ੍ਰਸਿੱਧੀ ਦੇ ਸਿਖ਼ਰ ਤੇ ਬੈਠੇ ਗਾਇਕ ਹੰਸ ਰਾਜ ਹੰਸ ਦੀ ਆਵਾਜ਼ ਵਿੱਚ ਇੱਕ ਗ਼ਜ਼ਲ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ਚੁੱਪ ਰਿਹਾ ਤਾਂ ਸ਼ਮਾਂਦਾਨ ਕੀ ਕਹਿਣਗੇ' ਸੁਣੀ ਸੀ।

ਵਾਰ-ਵਾਰ ਸੁਣੀ ਸੀ ਹੰਸ ਨੇ ਗਾਈ ਵੀ ਬੇਹੱਦ ਕਮਾਲ ਸੀ ਤੇ ਲਿਖਤ ਪੱਖੋਂ ਵੀ ਬੇਹੱਦ ਉਮਦਾ ਸੀ। ਅਸਲ ਵਿੱਚ ਇਹ ਸੁਰਜੀਤ ਪਾਤਰ ਦੀ ਗ਼ਜ਼ਲ ਸੀ ਜਿਸ ਰਾਹੀਂ ਉਸ ਨੇ 1984 ਦੇ ਕਤਲੇਆਮ ਦੇ ਇਨਸਾਫ਼ ਲਈ ਹਾਅ ਦਾ ਨਾਅਰਾ ਬੁਲੰਦ ਕੀਤਾ ਸੀ। ਹੁਣ ਭਾਵੇਂ ਸੁਰਜੀਤ ਪਾਤਰ ਨੂੰ ਕੋਈ ਕੁਝ ਵੀ ਕਹੀ ਜਾਵੇ ਪਰ ਉਸ ਦੇ ਅੰਦਰ ਮਨੁੱਖਤਾ ਲਈ ਅਥਾਹ ਪਿਆਰ ਸੀ।ਆਪਣੇ ਸਮਾਜ ਕੌਮ ਦਾ ਦਰਦ ਸੀ ਜਿਹੜਾ ਉਸ ਦੀਆਂ ਲਿਖਤਾਂ ਵਿੱਚ ਵੀ ਸਹਿਜੇ ਹੀ ਮਹਿਸੂਸ ਹੁੰਦਾ ਹੈ।

ਸੁਰਜੀਤ ਪਾਤਰ ਨੇ ਫੀਚਰ ਫਿਲਮ ਸ਼ਹੀਦ ਊਧਮ ਸਿੰਘ ਦੇ ਡਾਇਲਾਗ ਵੀ ਲਿਖੇ ਤੇ ਆਪਣੀ ਆਵਾਜ਼ ਵਿੱਚ ਇੱਕ ਆਡੀਓ ਕੈਸਿਟ 'ਬਿਰਖ ਜੋ ਸਾਜ਼ ਹੈ' ਵੀ ਨਸ਼ਰ ਕੀਤੀ।

ਇਹ ਉਸ ਦੀ ਸ਼ਾਇਰੀ ਦਾ ਕਮਾਲ ਹੀ ਕਿਹਾ ਜਾ ਸਕਦਾ ਹੈ ਕੇ ਵੱਡੇ-ਵੱਡੇ ਸਨਮਾਨ ਉਸ ਦੀ ਝੋਲ਼ੀ ਆ ਕੇ ਖੁਦ ਪਏ।

ਸਾਹਿਤ ਅਕਾਦਮੀ ਪੁਰਸਕਾਰ, ਭਾਸ਼ਾ ਵਿਭਾਗ ਪੰਜਾਬ ਪੁਰਸਕਾਰ, ਭਾਰਤੀ ਭਾਸ਼ਾ ਪ੍ਰੀਸ਼ਦ ਕਲਕੱਤਾ ਵਲੋਂ ਪੰਚਨਾਦ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਡਾਕਟਰ ਆਫ ਫ਼ਿਲਾਸਫ਼ੀ ਆਨਰਜ਼ ਕਾਜ਼ਾ (ਆਨਰੇਰੀ) ਦੀ ਉਪਾਧੀ, ਭਾਰਤ ਸਰਕਾਰ ਵਲੋਂ ਪਦਮਸ਼੍ਰੀ ਪੁਰਸਕਾਰ, ਲਫ਼ਜ਼ਾਂ ਦੀ ਦਰਗਾਹ ਲਈ ਸਰਸਵਤੀ ਸਨਮਾਨ।

ਕਿਹੜੇ-ਕਿਹੜੇ ਸਨਮਾਨ ਦੀ ਗੱਲ ਕੀਤੀ ਜਾਵੇ ਕਿਉਂਕਿ ਇਨ੍ਹਾਂ ਸਾਰਿਆਂ ਤੋਂ ਵੱਡਾ ਸਨਮਾਨ ਸੀ ਜੋ ਉਨ੍ਹਾਂ ਦੀ ਸ਼ਾਇਰੀ ਲੋਕਾਂ ਦੇ ਮਨਾਂ ਵਿੱਚ ਘਰ ਕਰ ਗਈ ਸੀ।

ਮੌਜੂਦਾ ਸਮਿਆਂ ਵਿੱਚ ਸੁਰਜੀਤ ਪਾਤਰ ਨਾਲ ਬਹਿਣਾ, ਖਲੋਣਾ, ਤੇ ਨਵੇਂ ਪੁਰਾਣੇ ਸ਼ਾਇਰਾਂ ਦੁਆਰਾ ਪਾਤਰ ਨਾਲ ਫੋਟੂਆਂ ਕਰਾਉਣੀਆਂ ਆਮ ਵਰਤਾਰਾ ਬਣ ਗਿਆ ਸੀ। ਇਹੀ ਵਜ੍ਹਾ ਰਹੀ ਕੇ ਅਚਾਨਕ ਜਦ 11ਮਈ ਦੀ ਸਵੇਰ ਸੁਰਜੀਤ ਪਾਤਰ ਦੇ ਸਦਾ ਲਈ ਤੁਰ ਜਾਣ ਦੀ ਮਨਹੂਸ ਖ਼ਬਰ ਲੈ ਕੇ ਆਈ ਤਾਂ ਇਸ ਸੋਗਮਈ ਖ਼ਬਰ ਨੇ ਜਿਵੇਂ ਸਾਰੇ ਸਾਹਿਤ ਪ੍ਰੇਮੀਆਂ ਨੂੰ ਹੀ ਸੋਗਮਈ ਕਰ ਦਿੱਤਾ ਹੋਵੇ। ਜਿਵੇਂ ਹੱਸਦਾ-ਵੱਸਦਾ ਪੰਜਾਬ ਇਕ ਵਾਰ ਫਿਰ ਉੱਜੜ ਗਿਆ ਹੋਵੇ। ਸ਼ੋਸ਼ਲ ਮੀਡੀਆ 'ਤੇ ਹਰ ਕੋਈ ਸੁਰਜੀਤ ਪਾਤਰ ਨਾਲ? ਆਪਣੀਆਂ ਫੋਟੂਆਂ ਸਾਂਝੀਆਂ ਕਰ ਕੇ ਆਪਣੇ ਮਹਿਬੂਬ ਸ਼ਾਇਰ ਨੂੰ ਸ਼ਰਧਾਂਜਲੀ ਦੇ ਰਿਹਾ ਸੀ। ਇਹ ਵੀ ਇਤੀਫ਼ਾਕ ਹੀ ਕਿਹਾ ਜਾਵੇਗਾ ਕੇ ਪੰਜਾਬੀ ਜ਼ੁਬਾਨ ਦੇ ਵੱਡੇ ਕਵੀ ਸ਼ਿਵ ਬਟਾਲਵੀ ਨੇ ਵੀ ਮਈ ਮਹੀਨੇ ਦੀ 6 ਤਰੀਕ ਨੂੰ ਸਦਾ ਲਈ ਅੱਖਾਂ ਮੀਟੀਆਂ ਸਨ ਤੇ ਹੁਣ ਪੰਜਾਬੀ ਜ਼ੁਬਾਨ ਦੇ ਵਿਸ਼ਵ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਨੇ ਵੀ 11 ਮਈ ਨੂੰ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਆਖੀ ਹੈ।

ਜਲੰਧਰ ਸੁਰਜੀਤ ਪਾਤਰ ਦੀ ਜਨਮ ਭੂਮੀ ਰਿਹਾ ਤਾਂ ਲੁਧਿਆਣਾ ਉਸ ਦੀ ਕਰਮ ਭੂਮੀ ਰਿਹਾ। ਲੰਬੇ ਸਮੇਂ ਤੋਂ ਉਹ ਲੁਧਿਆਣਾ ਵਿਖੇ ਹੀ ਰਹਿ ਕੇ ਸ਼ਬਦਾਂ ਦੇ ਸਾਥੀ ਬਣੇ ਹੋਏ ਸਨ। ਦੱਸਣ ਵਾਲੇ ਦੱਸਦੇ ਹਨ ਕਿ ਉਹ ਪਿਛਲੇ ਦੋ ਢਾਈ ਸਾਲਾਂ ਤੋਂ ਗਹਿਰੀ ਖਾਮੋਸ਼ੀ ਦੀ ਬੁੱਕਲ ਮਾਰੀ ਬੈਠੇ ਸਨ।ਸ਼ਾਇਦ ਚੁੱਪ ਰਹਿ ਕੇ ਆਪਣੇ ਆਪ ਨਾਲ ਸੰਵਾਦ ਰਚਾ ਰਹੇ ਹੋਣ।ਕਦੇ ਨਾ ਖ਼ਤਮ ਹੋਣ

ਵਾਲਾ ਸੰਵਾਦ। ਸੁਰਜੀਤ ਪਾਤਰ ਪੰਜਾਬੀ ਕਵਿਤਾ ਦਾ ਸੂਰਜ ਸੀ ਤੇ ਸੂਰਜ ਕਦੀ ਮਰਿਆ ਨਹੀਂ ਕਰਦਾ। ਸੂਰਜ ਤਾਂ ਅਸਤ ਹੁੰਦਾ ਹੈ ਥੋੜ੍ਹੇ ਸਮੇਂ ਬਾਅਦ ਮੁੜ ਉਗਮਣ ਲਈ। ਸੰਸਾਰ ਨੂੰ ਅਲਵਿਦਾ ਆਖਣ ਤੋਂ ਪਹਿਲਾਂ ਸੁਰਜੀਤ ਪਾਤਰ ਨੇ ਆਪਣੇ ਆਖ਼ਰੀ ਪ੍ਰੋਗਰਾਮ ਦੌਰਾਨ ਬਰਨਾਲਾ ਵਿੱਚ ਬੋਲਦਿਆਂ ਕਿਹਾ ਸੀ, 'ਸ਼ਬਦ ਨਾਲ ਦਾ ਚੰਗਾ ਵੀ ਕੋਈ ਨਹੀਂ ਤੇ ਬੁਰਾ ਵੀ ਕੋਈ ਨਹੀਂ। ਜਦ ਸ਼ਬਦ ਹਿਟਲਰ ਵਰਗੇ ਦੇ ਮੂੰਹ 'ਤੇ ਆਉਂਦੇ ਹਨ ਤਾਂ ਹਜ਼ਾਰਾਂ ਨਿਰਦੋਸ਼ ਯਹੂਦੀਆਂ ਦਾ ਕਤਲ ਹੁੰਦਾ ਹੈ ਅਤੇ ਜਦੋਂ ਚੰਗੇ ਸ਼ਬਦ ਵਰਤੇ ਜਾਂਦੇ ਹਨ ਤਾਂ ਅੰਮ੍ਰਿਤ ਵਰਸਦਾ ਹੈ।'

ਪੰਜਾਬੀ ਕਵਿਤਾ ਦਾ ਮੂੰਹ ਮੱਥਾ ਸੰਵਾਰਨ ਲਈ ਅਤੇ ਪੰਜਾਬੀ ਸਾਹਿਤ ਦੀ ਤਰੱਕੀ ਲਈ ਪਾਏ ਵਡਮੁੱਲੇ ਯੋਗਦਾਨ ਲਈ ਸੁਰਜੀਤ ਪਾਤਰ ਨੂੰ ਹਮੇਸ਼ਾਂ ਯਾਦ ਕੀਤਾ ਜਾਵੇਗਾ।

ਜਦੋਂ ਤਕ ਧਰਤੀ, ਆਕਾਸ਼, ਹਵਾ, ਪਾਣੀ ਰਹਿਣਗੇ, ਪਾਤਰ ਦੇ ਗੀਤ ਕਵਿਤਾਵਾਂ ਵੀ ਸਾਡੇ ਆਸੇ ਪਾਸੇ ਫੁੱਲਾਂ ਵਾਂਗੂੰ ਮਹਿਕਦੇ ਰਹਿਣਗੇ। ਜਿਵੇਂ ਕਿ ਉਸਦਾ ਖ਼ੁਦ ਵੀ ਕਹਿਣਾ ਸੀ :-

ਬਲ਼ਦਾ ਬਿਰਖ਼ ਹਾਂ, ਖ਼ਤਮ ਹਾਂ ਬੱਸ ਸ਼ਾਮ ਤੀਕ ਹਾਂ।
ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ।
ਮੈਂ ਤਾਂ ਨਹੀਂ ਰਹਾਂਗਾ, ਮੇਰੇ ਗੀਤ ਰਹਿਣਗੇ,
ਪਾਣੀ ਨੇ ਮੇਰੇ ਗੀਤ, ਮੈਂ ਪਾਣੀ ਤੇ ਲੀਕ ਹਾਂ।
ਜਿਸ ਨਾਲ ਮੈਨੂੰ ਚੀਰ ਕੇ ਵੰਝਲੀ ਬਣਾ ਲਿਆ,
ਵੰਝਲੀ ਦੇ ਰੂਪ ਵਿੱਚ ਮੈਂ ਉਸ ਜੰਗਲ ਦੀ ਚੀਕ ਹਾਂ।
ਅੱਗ ਦਾ ਸਫ਼ਾ ਹੈ ਉਸ ਤੇ ਮੈਂ ਫੁੱਲਾਂ ਦੀ ਸਤਰ ਹਾਂ,
ਉਹ ਬਹਿਸ ਕਰ ਰਹੇ ਨੇ ਗ਼ਲਤ ਹਾਂ ਕਿ ਠੀਕ ਹਾਂ।

ਸੁਰਜੀਤ ਪਾਤਰ ਨੇ ਪੰਜਾਬੀ ਸ਼ਾਇਰੀ ਦੀ ਆਬ ਨੂੰ ਕਾਇਮ ਰੱਖਣ ਦੇ ਨਾਲ ਨਾਲ ਲੋਕਾਂ ਦਾ ਸ਼ਾਇਰੀ 'ਚ ਵਿਸ਼ਵਾਸ ਵੀ ਬਣਾਈ ਰੱਖਿਆ। ਉਸ ਨੇ ਇਹੋ ਜਿਹੀ ਸ਼ਾਇਰੀ ਕੀਤੀ ਜੋ ਪੰਜਾਬ ਦੀ ਰੂਹ ਦੇ ਜ਼ਖ਼ਮਾਂ ਦੀ ਤਰਜ਼ਮਾਨੀ ਕਰਦੀ ਹੈ।

## ਸੁਰਜੀਤ ਪਾਤਰ ਦੀਆਂ ਦੋ ਰਚਨਾਵਾਂ

### ਗ਼ਜ਼ਲ 1

ਜ਼ਖ਼ਮ ਨੂੰ ਜ਼ਖ਼ਮ ਲਿਖੋ ਖਾਮਖਾ ਕੰਵਲ ਨਾ ਲਿਖੋ।
ਸਿਤਮ ਹਟਾਓ ਸਿਤਮ 'ਤੇ ਨਿਰੀ ਗ਼ਜ਼ਲ ਨਾ ਲਿਖੋ।

ਅਜਾਈਂ ਮਰਨਗੇ ਹਰਫ਼ਾਂ ਦੇ ਹਿਰਨ ਖਪ-ਖਪ ਕੇ,
ਚਮਕਦੀ ਰੇਤ ਨੂੰ ਯਾਰੋ ਨਦੀ ਦਾ ਤਲ ਨਾ ਲਿਖੋ।

ਇਹ ਕੀ ਹੁਨਰ ਹੈ ਭਲਾ ਕੀ ਕਲਾ ਕਹੋ ਜਿਹੜੀ,
ਹੁਸਨ ਨੂੰ ਹੁਸਨ ਲਿਖੋ ਕਤਲ ਨੂੰ ਕਤਲ ਨਾ ਲਿਖੋ।

ਜੋ ਲੱਗਿਆ ਵਿਹੜੇ 'ਚ ਆਸਾਂ ਦਾ ਰੁਖ਼ ਸੁਕਾ ਦੇਵੇ,
ਘਰਾਂ ਨੂੰ ਖ਼ਤ ਜੇ ਲਿਖੋ ਇਸ ਤਰ੍ਹਾਂ ਦੀ ਗੱਲ ਨਾ ਲਿਖੋ।

ਜੇ ਅਪਣੇ ਜ਼ੁਲਮ ਨੂੰ ਕਹਿਣਾ ਹੈ 'ਇੰਤਜ਼ਾਮ' ਤੁਸੀਂ,
ਤਾਂ ਸਾਡੀ ਹੱਕ ਦੀ ਆਵਾਜ਼ ਨੂੰ ਖ਼ਲਲ ਨਾ ਲਿਖੋ।

***

### ਗ਼ਜ਼ਲ 2

ਮੈਂ ਬਣਾਵਾਂਗਾ ਹਜ਼ਾਰ ਵੰਝਲੀਆਂ ਮੈਂ ਸੋਚਿਆ ਸੀ।
ਦੇਖਿਆ ਤਾਂ ਦੂਰ ਤਕ ਬਾਂਸਾਂ ਦਾ ਜੰਗਲ ਜਲ਼ ਰਿਹਾ ਸੀ।

ਆਦਮੀ ਦੀ ਪਿਆਸ ਕੈਸੀ ਸੀ ਕਿ ਜੰਗਲ ਕੰਬਦੇ ਸਨ,
ਆਦਮੀ ਦੀ ਭੁੱਖ ਕਿੰਨੀ ਸੀ ਕਿ ਜੰਗਲ ਡਰ ਗਿਆ ਸੀ।

ਲੋਕ ਕਿੱਥੇ ਜਾ ਰਹੇ ਸਨ ਲੋਕਤਾ ਨੂੰ ਮਿੱਧ ਕੇ,
ਮਸਲ ਕੇ ਇਨਸਾਨੀਅਤ ਇਨਸਾਨ ਕਿੱਧਰ ਜਾ ਰਿਹਾ ਸੀ।

ਕਿਸ ਤਰ੍ਹਾਂ ਦੀ ਦੌੜ ਸੀ, ਪੈਰਾਂ 'ਚ ਅੱਖਰ ਰੁਲ਼ ਰਹੇ ਸਨ,
ਓਹੀ ਅੱਖਰ ਜਿਹਨਾਂ ਅੰਦਰ ਮੰਜ਼ਿਲਾਂ ਦਾ ਥਹੁ ਪਤਾ ਸੀ।

ਅਗਨ ਜਦ ਉੱਠੀ ਮੇਰੇ ਤਨ ਮਨ ਤਾਂ ਮੈਂ ਵੀ ਦੌੜਿਆ,
ਪਰ ਤੇਰਾ ਹੰਝੂ ਮੇਰੇ ਰਾਹਾਂ 'ਚ ਦਰਿਆ ਬਣ ਗਿਆ ਸੀ।

ਸੁੱਕ ਗਿਆ ਹਰ ਬਿਰਖ ਉਸ ਨੂੰ ਤਰਸਦਾ ਜਿਹੜੀ ਘੜੀ,
ਕੁਆਰੀਆਂ ਕਣੀਆਂ ਨੇ ਲੈਰੇ ਪੱਤਿਆਂ 'ਤੇ ਬਰਸਣਾ ਸੀ।

ਮੁੜ ਤਾਂ ਆਈਆਂ ਮਛਲੀਆਂ ਆਖ਼ਿਰ ਨੂੰ ਪੱਥਰ ਚੱਟ ਕੇ,
ਪਰ ਉਨ੍ਹਾਂ ਦੇ ਮੁੜਨ ਤਕ ਪਾਣੀ ਵੀ ਪੱਥਰ ਹੋ ਗਿਆ ਸੀ।

# ਅਮਰਜੀਤ ਦਸੂਹਾ ਦੀਆਂ ਚਾਰ ਕਵਿਤਾਵਾਂ



- ਅਮਰਜੀਤ ਦਸੂਹਾ
(8968933711)

## ਮਿੱਟੀ

ਹਰ ਮਿੱਟੀ ਦੀ ਹੈ ਆਪਣੀ ਖ਼ਸਲਤ,
ਇਸ ਦਾ ਮਸਲਾ ਅਸਮਾਨ ਨਹੀਂ ਹੈ,
ਮਿੱਟੀ ਜੜ੍ਹਾਂ ਦੀ ਹੈ ਸਿੰਜਣ ਹਾਰੀ ,
ਮਿੱਟੀ ਸੁੰਨ ਕਬਰਿਸਤਾਨ ਨਹੀਂ ਹੈ,
ਮਿੱਟੀ ਮੁੜਕਿਆਂ ਦੀ ਪਾਲਣ ਹਾਰੀ,
ਝੱਖੜਾਂ ਵਾਗੂੰ ਬਦਨਾਮ ਨਹੀਂ ਹੈ,
ਮਿੱਟੀ ਕੁੱਖੋ ਜੰਮ ਯੋਧੇ ਹਾਰੇ,
ਧੋਖੇਬਾਜ਼ ਦੀ ਪਹਿਚਾਣ ਨਹੀਂ ਹੈ,
ਮਿੱਟੀ ਦੀ ਬੱਕਲ 'ਚ ਬੁੱਲਾਂ ਰੁਲਿਆ,
ਕੁਫਰੀ ਗੀਤਾਂ ਦੀ ਮਕਾਣ ਨਹੀਂ ਹੈ,
"ਅਮਰ" ਧੂੜ ਬਣ ਕੇ ਅੰਬਰੀ ਉੱਡਿਆ,
ਪੱਥਰੀ ਉਕਰਿਆਂ ਨਿਸ਼ਾਨ ਨਹੀਂ ਹੈ,

## ਤਕਦੀਰਾਂ ਦੇ ਹਰ.ਫ

ਸਾਡੇ ਸੀਨੇ ਜ਼ਾਲਮਾਂ ਦੇ ਦਿੱਤੇ ਜ਼ਖ਼ਮ ਗਹਿਰੇ,
ਇਤਿਹਾਸ ਦੀਆਂ ਪੈੜ੍ਹਾਂ ਨੇ, ਨਿਸ਼ਾਨ ਨਹੀਂ।
ਵਕਤ ਦੇ ਪੰਨਿਆਂ 'ਤੇ ਲਿਖੇ ਖ਼ੂਨੀ ਹਰਫ਼,
ਤੱਤੇ ਲਹੂ ਦੇ ਐਲਾਨ ਨੇ, ਬਿਆਨ ਨਹੀਂ।
ਸਿਵਿਆਂ ਵਿੱਚ ਮੱਚੀਆਂ ਜਿੰਦਾਂ ਮਸ਼ਾਲਾਂ,
ਸੰਗਰਾਮੀ ਅਮਾਨਤ ਨੇ, ਮਸਾਣਾਂ ਨਹੀਂ।
ਝੁਰੜੀਆਂ ਤਿਉੜੀਆਂ ਵਿੱਚ ਪਲਦੇ ਨੇ ਸੁਪਨੇ,
ਖੁਸ਼ੀਆਂ ਉਮੰਗਾਂ ਵਿੱਚ ਨੇ, ਕੁਰਲਾਉਣ ਨਹੀਂ।
ਸਿਰਾਂ ਤੇ ਮੁੜਕਿਆਂ ਨਾਲ ਪਾਲੇ ਇਹ ਸ਼ਬਦ,
ਸਿਰੜਾਂ ਦੇ ਸਿਰ ਤਾਜ ਨੇ, ਲਗਾਮ ਨਹੀਂ।
ਗੱਲੀਂ ਜਜ਼ਬਾਤਾਂ ਦੇ ਉਧੜੇ ਪਏ ਜ਼ਖ਼ਮ,
ਹਨੇਰੀਆਂ ਵਜ੍ਹਾਂ ਨੇ, ਇਹ ਪੌਣ ਨਹੀਂ।
ਸੁੰਨੀਆਂ ਅੱਖੀਂ ਵਗਦਾ ਦਰਦਾਂ ਦਾ ਨੀਰ,
ਸਿੰਜਦਾ ਖੁਸ਼ਕ ਪੈੜ੍ਹਾਂ ਨੇ, ਸ਼ਮਸ਼ਾਨ ਨਹੀਂ।
"ਅਮਰ" ਸੁੱਕਾ ਕਾਨਾ ਬਣ ਤਿੱਖੀ ਕਲਮ,
ਲਿਖਣੀਆਂ ਤਕਦੀਰਾਂ ਨੇ, ਅਹਿਸਾਨ ਨਹੀਂ।

## ਪੁਕਾਰ

ਮੇਰੀ ਮਾਂ ਪੰਜਾਬੀ ਦੇ, ਸ਼ਹਿਦੋਂ ਮਿੱਠੜੇ ਬੋਲ,
ਪੈਰਾਂ 'ਚ ਹੁਣ ਬੇੜੀਆਂ, ਪੁੱਤਰਾਂ ਦਿੱਤੇ ਰੋਲ,
ਇਹ ਬੋਲੀ ਪੰਜ ਆਬ ਦੀ, ਇਸਦੀਆਂ ਅੱਖਾਂ 'ਚ ਸੋਜ਼,
ਮੂੰਹ ਵਿੱਚ ਤਾਲੇ ਜੜ੍ਹ ਕੇ, ਸੰਘ ਵਿੱਚ ਘੁੱਟੇ ਬੋਲ,
ਇਹ ਮਿੱਟੀ ਮੁੜਕੇ ਜਨਮੀ, ਕਿਰਤੀ ਕਾਮਿਆਂ ਕੋਲ,
ਭੁੱਖੀ ਕੁੱਖ ਵਿੱਚ ਪਲੀ ਏ, ਸੁਣ ਸ਼ੱਕਰ ਮਿੱਠੇ ਬੋਲ,
ਅੱਖਰ ਸ਼ਬਦ ਸਾਂਭਣ ਖਾਤਰ, ਸਿਰ ਝੱਖੜ ਝੱਲੇ ਰੋਜ਼,
ਮੋਰਾਂ ਹਲਟੀ ਪੈਲੀਆਂ, ਨਾਲ ਟਿੱਢਿਆਂ ਦੇ ਬੋਲ,
ਇਹ ਜੰਗਾਂ ਵਿੱਚ ਜੂਝਦੀ, ਤਾਣ ਨਗਾਰੇ ਚ ਬੋਲ,
ਤੇਗਾਂ ਰਣ ਵਿੱਚ ਗੱਜੀਆਂ, ਹੁਕਮੀ ਇਲਾਹੀ ਬੋਲ,
ਘੁੰਮਦੀ ਸੱਤ ਪਾਣੀਆਂ ਨਾਲ, ਸੰਗੀਤਕ ਰੰਗਲੇ ਬੋਲ,
ਨਾ ਚਾਚੀ ਨਾ ਮਾਸੀ ਬਣੀ, ਖ਼ੁਦ ਦੇ ਖਿੱਲਰੇ ਬੋਲ,
ਹੁਣ ਜੁੱਸਾ ਲਹੂ ਲੁਹਾਦੜਾ, ਪਾਉਣ ਕਾਲਜੇ ਹੌਲ,
ਧੱਕੇ ਮਾਰਦੇ ਦਫ਼ਤਰੋਂ, ਘੁੱਟਦੇ ਸੰਘੀ ਬੋਲ,
"ਅਮਰ" ਚੀਕਦਾ ਸਾਂਭ ਲਓ, ਪਾਕ ਜਜ਼ਬੇ ਦੀ ਖੋਰ,
ਮਾਂ ਪੰਜਾਬੀ ਨੂੰ ਬਚਾ ਲਓ, ਦਾਨਿਸ਼ਮੰਦ ਦੇ ਬੋਲ।

## ਅਹਿਸਾਸ

ਦਸਤੂਰ ਕੀ ਧਰਤੀ 'ਤੇ, ਜਿੰਦਗੀ ਦੇ ਬੀਤਣ ਦਾ,
ਵਰਿਆਂ 'ਚ ਲੰਘਦੇ ਪਲ ਨੇ, ਪਲਾਂ 'ਚ ਸਦੀ ਬੀਤਣ ਦਾ,
ਪਰਵਾਹ ਨਹੀਂ ਖੁਦਗਰਜ਼, ਰਿਸ਼ਤਿਆਂ ਦੇ ਟੁੱਟਣ ਦਾ,
ਸੰਨਾਟਿਆਂ ਦੀ ਗੋਦ ਅੰਦਰ, ਸਾਹਾਂ ਦੇ ਮੁੱਕਣ ਦਾ,
ਪੀੜ ਨਹੀਂ ਜਿੱਤਾਂ ਉੱਤੇ, ਸੱਜਣਾਂ ਦੇ ਛੱਡਣ ਦਾ,
ਦਰਦ ਹੈ ਹਾਰਾਂ ਉੱਤੇ, ਦੁਨੀਆਂ ਦੇ ਹੱਸਣ ਦਾ,
ਫਿਕਰ ਹੈ ਔਖੇ ਵੇਲੇ, ਹੌਸਲਿਆਂ ਦੇ ਟੁੱਟਣ ਦਾ,
ਬੇਸਿਰਨਾਵੇਂ ਰਾਹਾਂ 'ਚ, ਮੁਸੀਬਤ ਦੇ ਪੁੱਜਣ ਦਾ,
ਸੁਪਨਿਆਂ ਦੇ ਸ਼ਹਿਰ ਅੰਦਰ, ਅਰਮਾਨਾਂ ਦੇ ਮਰਨ ਦਾ,
ਰਾਤਾਂ ਦੇ ਸੰਨਾਟੇ 'ਚ, ਅਹਿਸਾਸਾਂ ਦੇ ਸੜਨ ਦਾ,
ਯਾਦਾਂ ਦੀ ਬਾਰਿਸ਼ ਅੰਦਰ, ਰੂਹਾਂ ਦੇ ਹੰਝੂ ਵਗਣ ਦਾ,
ਖਾਮੋਸ਼ੀ ਦੇ ਲਫਜਾਂ 'ਚ, ਦਰਦਾਂ ਦੇ ਉੱਕਰਨ ਦਾ,
"ਅਮਰ" ਬੇਫਿਕਰ ਗੱਲਾਂ 'ਚ, ਮੂੰਹੋਂ ਉਗਲੇ ਜ਼ਹਿਰ ਦਾ,
ਚੁੱਪ ਦੀ ਗੋਦ ਵਿੱਚ ਵੜ ਕੇ, ਮਜ਼ਾਂ ਲੈਣਾਂ ਲਹਿਰ ਦਾ,

## ਕੋਈ ਵੀ ਫਲਦਾਇਕ ਬੂਟਾ ਖ਼ੁਦ ਨੂੰ ਮਾਰੇ ਗਏ ਪੱਥਰ ਦੇ ਇਵਜ਼ ਫਲ ਹੀ ਪ੍ਰਦਾਨ ਕਰਦਾ ਹੈ।

-ਨੱਕਾਸ਼ ਚਿੱਤੇਵਾਣੀ



ਇੱਕ ਦਿਨ ਮੈਂ ਕਿਸੇ ਸਕੂਲ ਵਿੱਚ ਬੱਚਿਆਂ ਦੀ ਤਸਵੀਰ ਖਿੱਚ ਰਿਹਾ ਸੀ, ਆਪਣੇ ਸੁਭਾਅ ਮੁਤਾਬਿਕ ਮੇਰਾ ਕੰਮ ਦਾ ਤਰੀਕਾ ਪ੍ਰੇਮ-ਭਾਵ ਵਾਲਾ ਹੀ ਸੀ। ਮੇਰੇ ਕੋਲ ਇੱਕ ਅਧਿਆਪਿਕਾ ਬੈਠੀ ਸੀ, ਉਸਨੇ ਸਵਾਲ ਕੀਤਾ ਕਿ ਤੁਸੀਂ ਏਨੇ ਸਹਿਜ ਨਾਲ ਕਿਵੇਂ ਕੰਮ ਕਰ ਲੈਂਦੇ ਹੋ, ਅਸੀਂ ਤਾਂ ਖਿਝ ਜਾਂਦੇ ਹਾਂ। ਮੈਂ ਓਸੇ ਸਹਿਜ ਨਾਲ ਜੁਆਬ ਦਿੱਤਾ ਕਿ ਬੱਚੇ ਅਜੇ ਕੋਰੇ ਨੇ ਇਹਨਾਂ ਦੇ ਸਾਹਮਣੇ ਸਾਡਾ ਵਰਤਾਅ ਅਸਰ ਕਰੇਗਾ ਕਿ ਇਹਨਾਂ ਨੇ ਸਾਡੇ ਨਾਲ ਕਿਵੇਂ ਵਰਤਣਾ ਹੈ। ਇਹਨਾਂ ਨੂੰ ਪਿਆਰ ਦੀ ਲੋੜ ਹੈ। ਉਹਨੇ ਮੇਰੀ ਗੱਲ ਵਿੱਚ ਹਾਂ ਦਾ ਹੁੰਗਾਰਾ ਭਰਿਆ ਤੇ ਵਾਪਿਸ ਆਪਣੀ ਜਮਾਤ ਵਿੱਚ ਚਲੀ ਗਈ। ਉਮੀਦ ਹੈ ਕਿ ਉਹ ਮੇਰੇ ਤਰੀਕੇ ਨੂੰ ਆਪਣੀ ਜਮਾਤ 'ਤੇ ਲਾਗੂ ਕਰਦੀ ਹੋਵੇਗੀ੍ਹ ਹਾਲਾਂਕਿ ਪ੍ਰਬੰਧਕ ਨਹੀਂ ਚਾਹੁੰਦੇ ਹੁੰਦੇ ਕਿ ਤੁਸੀਂ ਬੱਚਿਆਂ ਨਾਲ ਬੇਹੱਦ ਪਿਆਰ ਨਾਲ ਪੇਸ਼ ਆਵੋ। ਉਹਨਾਂ ਦੇ ਆਪਣੇ ਨਿਯਮ ਵੀ ਹੁੰਦੇ ਹਨ।

ਖ਼ੈਰ! ਗੱਲ ਤੁਰਦੀ ਹੈ, ਇਸ ਮੂਲ ਸਰੋਤ ਦੀ ਜਿਸਨੂੰ ਪਿਆਰ, ਸਹਿਜ, ਨਿਮਰਤਾ ਜਾਂ ਹੋਰ ਕਿਸੇ ਵੀ ਨਾਮ ਨਾਲ ਸੰਬੋਧਿਤ ਕੀਤਾ ਜਾ ਸਕਦੈ, ਪ੍ਰਦਰਸ਼ਿਤ ਵੀ। ਹਾਲਾਂਕਿ ਪਿਆਰ ਨੂੰ ਪ੍ਰਦਰਸ਼ਿਤ ਕਰਨ ਲਈ ਕੋਈ ਬਹੁਤ ਉੱਦਮ ਨਹੀਂ ਕਰਨਾ ਪੈਂਦਾ, ਬੱਸ ਤੁਹਾਡੀ ਮੁਸਕਾਨ ਹੀ ਸਾਹਮਣੇ ਵਾਲੇ ਨੂੰ ਖੁਸ਼ੀ ਪ੍ਰਦਾਨ ਕਰ ਸਕਦੀ ਹੈ। ਚਿਹਰੇ ਦੀ ਮੁਸਕਾਨ ਤੋਂ ਭਾਵ ਲਈਏ ਤਾਂ ਇਹ ਸਾਡੀ ਮੁਹੱਬਤ, ਸਹਿਜ ਜਾਂ ਨਿਮਰਤਾ ਦਾ ਫਲ ਹੈ। ਫਲ ਤੋਂ ਭਾਵ ਲਈਏ ਤਾਂ ਇੱਕ ਹੋਰ ਸਰੋਤ ਸਾਹਮਣੇ ਆਉਂਦਾ, ਫਲਦਾਇਕ ਬੂਟਾ ਜਾਂ ਰੁੱਖ। ਕਿਦੇ ਬੀਜ ਦਾ ਜ਼ਮੀਨ ਵਿੱਚ ਇੱਕ-ਮਿੱਕ ਹੋਣਾ ਤੇ ਫਲਦਾਇਕ ਬੂਟਾ ਜਾਂ ਰੁੱਖ ਬਣਨਾ ਕੁਦਰਤ ਦੇ ਵਰਦਾਨ ਨੂੰ ਪਰਭਾਸ਼ਿਤ ਕਰਦਾ ਹੈ। ਮਨੁੱਖ ਵੀ ਏਸੇ ਲੜੀ ਦੀ ਮੁੱਢਲੀ ਕੜੀ ਵਜੋਂ ਜਾਣਿਆ ਜਾ ਸਕਦਾ, ਬੇਸ਼ੱਕ ਇਸ ਦੀਆਂ ਸ਼ਾਖ਼ਾਵਾਂ ਨੂੰ ਅੰਬ, ਸੇਬ ਜਾਂ ਹੋਰ ਵੱਖਰੇ ਤਰ੍ਹਾਂ ਦੇ ਫਲ ਨਹੀਂ ਲੱਗਦੇ। ਪਰ ਪਿਆਰ, ਨਿਮਰਤਾ ਜਾਂ ਸਹਿਜ ਸਾਨੂੰ ਕੁਦਰਤ ਦੇ ਬਖ਼ਸ਼ੇ ਨਿਰੋਲ ਫ਼ਲ਼ ਹਨ।

ਕੋਈ ਵੀ ਰੁੱਖ ਆਪਣੀ ਛਾਂ ਆਪ ਨਹੀਂ ਮਾਣਦਾ, ਨਾ ਹੀ ਆਪਣੇ ਫਲ ਆਪ ਖਾਂਦਾ ਹੈ। ਏਥੋਂ ਤੱਕ ਕਿ ਜੀਵਨ ਪੂਰਾ ਕਰਨ ਉਪਰੰਤ ਆਪਣਾ ਬਾਲਣ ਵੀ ਆਪ ਨਹੀਂ ਸੇਕਦਾ। ਮਨੁੱਖ ਦੇ ਜੀਵਨ ਵਿੱਚ ਵੀ ਕੁਦਰਤ ਏਹੋ ਕਮਾਲ ਕਰਦੀ ਹੈ, ਹਰ ਪਲ ਕਰਦੀ ਹੈ। ਪਰ ਬਹੁਤੇ ਮਨੁੱਖ ਇਸ ਕੁਦਰਤੀ ਭਾਵਨਾ ਤੋਂ ਉਲਟ ਸਫ਼ਰ ਕਰਦੇ ਨੇ ਤੇ ਆਪਣੀ ਛਾਂ ਅਤੇ ਫਲ ਆਪ ਹੀ ਖਾ ਜਾਣ ਦੇ ਯਤਨ ਵਿੱਚ ਅਣਮਿੱਥੀ ਦੌੜ ਵਿੱਚ ਖ਼ੁਦ ਨੂੰ ਸ਼ਾਮਿਲ ਕਰ ਲੈਂਦੇ ਹਨ।

ਮੇਰਾ ਬਹੁਤਾ ਸਮਾਂ ਸਕੂਲਾਂ ਵਿੱਚ ਹੀ ਬੀਤਦਾ, ਫ਼ੋਟੋਗ੍ਰਾਫ਼ੀ ਦਾ ਕਿੱਤਾ ਹੋਣ ਕਰਕੇ ਚਿਹਰੇ 'ਤੇ ਮੁਸਕਾਨ ਰੱਖਣੀ ਅਤੇ ਦੂਜਿਆਂ ਨੂੰ ਮੁਸਕਾਉਣ ਲਈ ਕਹਿਣਾ, ਬੱਸ ਇਸਤੋਂ ਵੱਧ ਮੈਂ ਘੱਟ ਹੀ ਕਿਸੇ ਨਾਲ ਬੋਲਦਾ। ਕੁਝ ਸਕੂਲ ਹਨ ਜਿੱਥੇ ਅਧਿਆਪਕ ਪੁਰਾਣੇ ਜਾਣੂ ਨੇ ਉਹਨਾਂ ਨਾਲ ਮਜਾਕ ਦੇ ਦੋ-ਚਾਰ ਹੱਥ ਕਰ ਲਈਦੇ। ਨਹੀਂ ਤਾਂ ਬਹੁਤਾ ਸਮਾਂ ਚੁੱਪ ਰਹਿ ਕੇ ਹਰ ਪਲ ਨੂੰ ਪੜ੍ਹਨ-ਗੁੜ੍ਹਨ ਦਾ ਕੰਮ ਕਰੀਦਾ। ਵੈਸੇ ਵੀ ਅੱਜ-ਕੱਲ੍ਹ ਫ਼ੋਟੋਗ੍ਰਾਫ਼ਰ ਨੂੰ ਬਹੁਤੀ ਤਰਜੀਹ ਨਹੀਂ ਦਿੱਤੀ ਜਾਂਦੀ, ਆਪਾਂ ਮਸਤ ਰਹੀਦਾ। ਸਿੱਖਣ ਨੂੰ ਬਹੁਤ ਕੁਝ ਮਿਲਦਾ।

**ਸਿੱਖਿਆ**-ਸਕੂਲ, ਕਿਸੇ ਵੀ ਖੁੱਲ੍ਹੇ ਮੈਦਾਨ ਵਿੱਚ ਬੀਜੇ ਹੋਏ ਫਲਦਾਇਕ ਰੁੱਖ ਵਰਗਾ ਹੈ੍ਹ ਜਿਸ ਦੁਆਲੇ ਬਹੁਤ ਸਾਰੇ ਵਿਦਿਆਰਥੀ ਘੇਰਾ ਘੱਤਕੇ ਫ਼ਲ਼ ਦੀ ਉਮੀਦ ਕਰਦੇ ਹਨ੍ਹ ਸਕੂਲ ਰੂਪੀ ਬੂਟਾ ਜਾਂ ਰੁੱਖ ਉਹਨਾਂ ਨੂੰ ਉਹ ਫਲ ਦਿੰਦਾ ਹੈ। ਅਧਿਆਪਕਾਂ ਦੇ ਰੂਪ ਵਿੱਚ ਦੂਜੇ ਮਾਪੇ, ਸਹਾਇਕ ਕਰਮਚਾਰੀਆਂ ਦੇ ਰੂਪ ਵਿੱਚ ਸਹਾਇਕ, ਤੇ ਬਾਹਰੀ ਕਰਮਚਾਰੀਆਂ ਦੇ ਰੂਪ ਵਿੱਚ ਬਾਹਰੀ ਸਬਕ, ਜਿਸ ਵਿੱਚ ਬੱਘੀ ਵਾਲੇ, ਆਟੋ ਵਾਲੇ, ਬੱਸ ਚਾਲਕ ਤੇ ਕੰਡਕਟਰ, ਜਾਂ ਹੋਰ ਬਹੁਤ ਸਾਰੇ ਲੋਕ। ਇਹ ਸਾਰੇ ਮਿਲਕੇ ਸਮਾਜ ਲਈ ਮਿੱਠੇ ਤੇ ਪੌਸ਼ਟਿਕ ਫਲ ਪੈਦਾ ਕਰਨ ਦਾ ਯਤਨ ਕਰਦੇ ਹਨ। ਕਿਸੇ ਦਾ ਵੀ ਯੋਗਦਾਨ ਅੱਖੋਂ-ਪਰੋਖੇ ਨਹੀਂ ਕੀਤਾ ਸਕਦਾ।

**ਅਗਲੇਰਾ ਪੰਧ**-ਫਲ ਲਗਾਤਾਰ ਵੰਡੇ ਜਾ ਰਹੇ ਨੇ। ਫਲਾਂ ਦੀ ਊਰਜਾ ਹੋਰ ਫਲ ਤਿਆਰ ਕਰਦੀ ਹੈ। ਹੋਰ ਫਲ ਹੋਰ ਥਾਵਾਂ ਤੱਕ ਪਹੁੰਚਦੇ ਨੇ, ਤੇ ਹੋਰ ਊਰਜਾ ਪੈਦਾ ਕਰਦੇ ਹਨ।

**ਦੁਆ**-ਫਲਾਂ ਦੀ ਲਗਾਤਾਰਤਾ ਬਣੀ ਰਹੇ, ਪੌਸ਼ਟਿਕ ਤੇ ਸੁਆਦੀ ਫਲ ਲੱਗਦੇ ਰਹਿਣ, ਵੰਡ ਹੁੰਦੇ ਰਹਿਣ। ਹੋਰ ਫ਼ਲ਼ਦਾਇਕ ਬੂਟੇ ਲੱਗਣ, ਵਧਣ-ਫੁੱਲਣ। ਫਲ ਪੈਦਾ ਕਰਨ ....

# ਧੜਕਦੀ ਕਵਿਤਾ ਵਿੱਚ ਵਸਦੇ ਮਨੁੱਖ

-ਜਸਵੀਰ ਸਿੰਘ ਸ਼ਾਇਰ



ਲੇਖਕ ਕੋਈ ਵੀ ਹੋਵੇ ਉਸ ਨੂੰ ਆਪਣੀ ਮਕਬੂਲੀਅਤ ਨਾਲੋਂ ਆਪਣੀ ਲੇਖਣੀ ਦੇ ਵਿਹਾਰਕ ਮੁੱਲ ਪੈਣ ਦੀ ਤਵੱਕੋ ਵਧੇਰੇ ਹੁੰਦੀ ਹੈ। ਉਸ ਦੀ ਸੋਚ, ਕਾਰਜ ਤੇ ਪੁਸਤਕ ਪਠਨ ਅਹਿਮ ਭੂਮਿਕਾ ਨਿਭਾਉਂਦੇ ਹਨ। ਕਿਸੇ ਵਿਸ਼ੇਸ਼ ਖਿੱਤੇ ਵਿੱਚ ਵਸਦੇ ਰਸਦੇ ਜਾਂ ਕਿਸੇ ਖ਼ਾਸ ਕਬੀਲੇ ਨਾਲ਼ ਜੁੜੇ ਮਨੁੱਖ ਨਿੱਜ ਤੋਂ ਪਰ ਵੱਲ ਤੁਰਦੀ ਸਿਰਜਣਾ ਦੇ ਵਾਹਕ ਬਣਦੇ ਹਨ। ਜਿਸ ਵਿੱਚ ਦਰਦ, ਸੁਹਜ, ਸੁਆਦ, ਯਾਦਾਂ ਤੇ ਭਟਕਣ ਆਦਿ ਸਹਿ-ਸੁਭਾਅ ਆਣ ਖੜ੍ਹਦੇ ਹਨ। ਲੇਖਕ ਆਪਣੀ ਲਿਖ਼ਤ ਵਿੱਚ ਹਮੇਸ਼ ਰਹਿੰਦਾ ਹੈ ਕਦੀ ਸਿੱਧਿਆਂ ਹਾਜ਼ਰ ਹੋ ਕੇ, ਕਦੀ ਗ਼ੈਰ ਹਾਜ਼ਰ ਹੁੰਦਿਆਂ ਕਿਸੇ ਹੋਰ ਕੋਣ ਤੋਂ, ਹੋਰ ਪਾਤਰ 'ਚੋਂ ਜਾਂ ਸੇਧਕਾਰ ਵਜੋਂ। ਇਸ ਨੁਕਤੇ ਦੇ ਦਰਪੇਸ਼ ਹੁੰਦਿਆਂ ਹਰ ਧੜਕਦੀ ਕਵਿਤਾ ਵਿੱਚ ਵਸਦੇ ਮਨੁੱਖ ਭਾਲਣੇ ਅਹਿਮ ਮਜ਼ਮੂਨ ਬਣ ਜਾਂਦੇ ਹਨ। ਜਿਸ ਵਿੱਚ ਸਮਰਪਣ, ਆਸਥਾ, ਅਣਖ, ਦ੍ਰਿੜਤਾ, ਨਿਰਭੈਤਾ ਤੇ ਨਿਰਵੈਰਤਾ ਆਦਿ ਜਿਹੇ ਮੀਰੀ ਗੁਣ ਬਿਰਾਜਮਾਨ ਹੋਣ; ਜੋ ਕਿਸੇ ਪ੍ਰਸੰਗ ਦੀ ਸਾਰਥਿਕਤਾ ਦਾ ਜ਼ਾਮਨ ਹੋਵੇ ਉਸ ਦਾ ਜ਼ਿਕਰ ਹੀ ਕਿਸੇ ਕਵਿਤਾ, ਲੇਖ ਜਾਂ ਕਿਸੇ ਹੋਰ ਸਾਹਿਤਿਕ ਵਿਧਾ ਦੀ ਅਸਲ ਪੜਚੋਲ ਦਾ ਆਹਰ ਬਣਦਾ ਹੈ।

ਮੇਰੇ ਜ਼ਿਹਨ ਵਿੱਚ ਇੱਕ ਨਹੀਂ ਸਗੋਂ ਅਨੇਕ ਕਿਤਾਬਾਂ ਉਪਰੋਥਲੀ ਹੋ ਰਹੀਆਂ ਹਨ ਜਿਨ੍ਹਾਂ ਦਾ ਜ਼ਿਕਰ ਹਥਲੇ ਖੋਜ ਪੱਤਰ ਵਿੱਚ ਹੋਣਾ ਲਾਜ਼ਮੀ ਜਾਪਦਾ ਹੈ ਪਰ ਅੱਜ ਆਪਣੀ ਕਵਿਤਾ ਬਾਬਤ ਵਿਚਾਰ ਕਰਨ ਦਾ ਮਨ ਹੈ ਕਿਉਂਕਿ ਮੇਰੀ ਕਵਿਤਾ 'ਤੇ ਆਏ ਬਹੁਤੇ ਰੀਵਿਊ ਤੇ ਵਿਚਾਰ ਮੇਰੀ ਮਕਬੂਲੀਅਤ ਦਾ ਆਹਰ ਤਾਂ ਬਣਦੇ ਨਜ਼ਰ ਆਏ ਪਰ ਮਨ ਦੀ ਤ੍ਰਿਪਤੀ ਨਾ ਕਰ ਸਕੇ। ਸ਼ਾਇਦ ਇਸੇ ਲਈ ਹਥਲੇ ਪਰਚੇ ਦੀ ਪਹਿਲੀ ਲੜੀ ਅਧੀਨ 'ਨਜ਼ਮਗਾਹ : ਨਜ਼ਮਾਂ ਦੀ ਮਜਲਿਸ' ਵਿੱਚੋਂ ਚੁਣੀਂਦਾ ਮਹਾਨ ਰੂਹਾਂ ਦਾ ਮੁਹਾਂਦਰਾ ਪਛਾਣਨ ਦਾ ਯਤਨ ਕੀਤਾ ਜਾਵੇਗਾ।

ਸਹਿਜ ਪਬਲੀਕੇਸ਼ਨਜ਼, ਸਮਾਣਾ ਵੱਲੋਂ ਨਵੰਬਰ 2023 ਵਿੱਚ ਮੇਰੀ ਪਲੇਠੀ ਮੌਲਿਕ ਕਾਵਿ- ਪੁਸਤਕ 'ਨਜ਼ਮਗਾਹ : ਨਜ਼ਮਾਂ ਦੀ ਮਜਲਿਸ' ਪ੍ਰਕਾਸ਼ਿਤ ਕੀਤੀ ਗਈ। ਜਿਸ ਤੋਂ ਪਹਿਲਾਂ ਉਕਤ ਸਿਰਲੇਖ ਹੇਠ ਹੀ ਮੇਰੀਆਂ ਚੁਣੀਂਦਾ ਕਵਿਤਾਵਾਂ ਨਾਲ਼ ਈ-ਬੁੱਕ ਤਿਆਰ ਕਰਕੇ ਮੇਰੀ ਪਤਨੀ ਰਣਜੀਤ ਕੌਰ ਤੇ ਛੋਟੇ ਭਰਾ ਬਲਰਾਜ ਸਿੰਘ ਵੱਲੋਂ ਮੇਰੇ ਜਨਮ ਦਿਨ 'ਤੇ ਤੋਹਫ਼ੇ ਵਜੋਂ ਭੇਂਟ ਕੀਤੀ ਗਈ ਸੀ, ਮਸਲਨ ਇਹ ਨਾਂ ਮੇਰੇ ਜ਼ਿਹਨ ਵਿੱਚ ਕਾਫ਼ੀ ਪਹਿਲਾਂ ਹੀ ਵਸਿਆ ਹੋਇਆ ਸੀ। ਖ਼ੈਰ, 'ਨਜ਼ਮਗਾਹ: ਨਜ਼ਮਾਂ ਦੀ ਮਜਲਿਸ' ਵਿੱਚ ਕੁੱਲ ਉਨੱਤਰ ਕਾਵਿ-ਰਚਨਾਵਾਂ ਸ਼ਾਮਿਲ ਹਨ ਜਿਨ੍ਹਾਂ ਵਿੱਚ ਦੋ ਗ਼ਜ਼ਲਾਂ ਵੀ ਆਉਂਦੀਆਂ ਹਨ। ਉਕਤ ਪੁਸਤਕ ਮੇਰੀ ਛੋਟੀ ਭੈਣ 'ਜਿੰਦੂ' (ਦਲਜਿੰਦਰ ਕੌਰ), ਜੋ ਬਾਲ ਉਮਰੇ ਹੀ ਰੱਬ ਨੂੰ ਪਿਆਰੀ ਹੋ ਗਈ ਸੀ, ਨੂੰ ਸਮਰਪਿਤ ਕੀਤੀ ਗਈ ਸੀ। ਮਨੁੱਖ ਇੱਕ ਪੈਂਡਾ ਤੈਅ ਕਰਕੇ ਅਗਲੇ ਪੜਾਅ ਵੱਲ ਵਧਦਾ ਹੈ ਅਜਿਹੇ ਵਿੱਚ ਸਦੀਆਂ ਦਾ ਇਤਿਹਾਸ ਸ਼ਾਹਦੀ ਭਰਦਾ ਹੈ। ਸਾਡੇ ਬੋਲ ਮਹਿਜ਼ ਸਾਡੇ ਹੀ ਨਹੀਂ ਹੁੰਦੇ ਉਸ ਵਿੱਚ ਸਾਡੇ ਮਾਂ-ਪਿਓ, ਭੈਣ-ਭਰਾ ਤੋਂ ਵਧਕੇ ਦਾਦਿਆਂ ਪੜਦਾਦਿਆਂ ਤੋਂ ਪਿਛਲ ਵੱਲ ਦੇਸ ਕੌਮ ਦੇ ਰਹਿਬਰ ਵੀ ਬੋਲ ਰਹੇ ਹੁੰਦੇ ਹਨ, ਉਹ ਕਿਤਾਬਾਂ ਵੀ ਕਾਰਜਸ਼ੀਲ ਹੁੰਦੀਆਂ ਹਨ ਜੋ ਕਦੀ ਪੜ੍ਹੀਆਂ ਹੁੰਦੀਆਂ ਹਨ ਤੇ ਜੀਵੀਆਂ ਹੁੰਦੀਆਂ ਹਨ।

ਮੱਧਕਾਲ ਵਿੱਚ ਸਮਾਜਿਕ ਤੇ ਅਧਿਆਤਮਕਵਾਦ ਦੇ ਖੇਤਰ ਵਿੱਚ ਚਾਨਣ ਦੀ ਚਿਣਗ ਬਾਲਣ ਵਾਲੇ? ਮਹਾਨ ਸਿੱਖ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਸਾਥੀ ਭਾਈ ਮਰਦਾਨਾ ਜੀ ਦੇ ਜ਼ਿਕਰ ਨਾਲ? 'ਨਜ਼ਮਗਾਹ : ਨਜ਼ਮਾਂ ਦੀ ਮਜਲਿਸ' ਦਾ ਆਗਾਜ਼ ਇਉਂ ਹੁੰਦਾ ਹੈ:

"ਬੋਲ ਮਰਦਾਨਿਆਂ !  
ਘੁੰਡੀ ਤੂੰ ਖੋਲ੍ਹ ਵੇ।  
ਨਾਨਕ ਦੇ ਨਾਲ਼ ਰਿਹਾ ਏਂ,  
ਸਤਿਗੁਰ ਦੇ ਕੋਲ਼ ਵੇ।

ਮਨੁੱਖ ਆਪਣੀ ਹੋਂਦ ਦਾ ਧੁਰਾ ਪਛਾਣਨ ਲਈ ਤਤਪਰ ਰਹਿੰਦਾ ਹੈ, ਇਸੇ ਘੋਖ ਅਧੀਨ ਮਹਾਨ ਨਾਇਕਤਵ ਸਿਰਜਣ ਵਾਲੀਆਂ ਸ਼ਖ਼ਸੀਅਤਾਂ ਦੀ ਅਰਾਧਨਾ ਕੀਤੀ ਜਾਂਦੀ ਹੈ। ਇਹੀ ਪੁਸਤਕ ਦਾ ਮੰਗਲਾਚਾਰ ਅਖਵਾਉਣ ਲਗਦਾ ਹੈ। ਇਸ ਉਪਰੰਤ ਤਾਂ ਉਕਤ ਕਿਤਾਬ ਆਪਣੀ ਬੋਲੀ ਦੇ ਲੇਖਕਾਂ, ਰੂਹਦਾਰ ਮਨੁੱਖਾਂ ਦੀ ਬਾਤ ਪਾਉਣ ਲਗਦੀ ਹੈ।

ਲਫ਼ਜ਼ਾਂ ਦੀ ਦੁਨੀਆਂ ਮਹਿਜ਼ ਸ਼ਬਦ ਨਗਰ ਦੀਆਂ ਗਲ਼ੀਆਂ ਦੀ ਯਾਤਰਾ ਹੀ ਨਹੀਂ ਸਗੋਂ ਸਵੈ ਤੋਂ ਜਾਣੂੰ ਹੋਣ ਦਾ ਆਹਰ ਵੀ ਹੈ ਤੇ ਜੁਰਅੱਤ ਵੀ। ਹਰ ਬੋਲ ਲਫ਼ਜ਼ ਦੀ ਹੋਂਦ ਦਾ ਮੁਥਾਜ ਹੈ, ਜਿਸ ਨੂੰ ਅਲਫ਼ਾਜ਼ ਪੂਰਨ ਕਰਨ ਹਿੱਤ ਵਾਕ ਦਾ

ਸਹਾਰਾ ਲੈਂਦੇ ਹਨ। ਪੰਜਾਬੀ ਸਾਹਿਤ ਜਗਤ ਵਿੱਚ ਪ੍ਰੀਤਮ ਸਿੰਘ ਸਫ਼ੀਰ, ਸੋਹਣ ਸਿੰਘ ਮੀਸ਼ਾ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਤੇ ਪ੍ਰੋਫ਼ੈਸਰ ਮੋਹਨ ਸਿੰਘ ਆਦਿ ਦਾ ਆਪਣਾ ਮੁਕਾਮ ਹੈ ਜਿਨ੍ਹਾਂ ਦਾ ਜ਼ਿਕਰ ਇਉਂ ਹੋਇਆ ਹੈ :

ਮੀਸ਼ੇ ਦੀ ਕੋਈ ਚੀਕ ਬੁਲਬਲੀ,
ਪਾਤਰ ਦੀ ਸੰਤਾਪ ਦੀ ਕਵਿਤਾ।
ਚੜ੍ਹਿਆ ਸੀ ਜੋ ਸ਼ਿਵ ਨੂੰ ਕਿਧਰੇ
ਮੱਠੇ ਮੱਠੇ ਤਾਪ ਦੀ ਕਵਿਤਾ।

ਇਸੇ ਸਰਜ਼ਮੀਨ ਦੇ ਜੰਮਪਲ ਨਾਥ ਜੋਗੀਆਂ ਦੀ ਗਾਥਾ, ਫ਼ਕੀਰਾਂ ਦੀ ਕਰਨੀ, ਹੰਸਾਂ ਦੀ ਚੋਗ ਤੇ ਸਫ਼ਰਾਂ ਦੇ ਆਸ਼ਿਕਾਂ ਦੇ ਬੋਲਾਂ ਦੀ ਵੀ ਵਾਹਕ ਹੈ 'ਨਜ਼ਮਗਾਹ ਨਜ਼ਮਾਂ ਦੀ ਮਜਲਿਸ'। ਇਸ ਵਿੱਚ ਚੇਤਿਆਂ ਦਾ ਸ਼ੋਰ ਹੈ ਜਥਾ 'ਇਹ ਜੋ ਰੁੱਤ ਹੈ ਓਹਦਿਆਂ ਚੇਤਿਆਂ ਦੀ, ਲੱਖ ਜ਼ੋਰ ਲਾਈਏ ਪਰ ਬਦਲੇ ਨਾ।' ਇਸ ਵਿੱਚ ਸਵਾਣੀਆਂ ਦੀ ਹੂਕ ਹੈ ਜਥਾ 'ਮੇਰਾ ਰੰਗ ਕਣਕ ਵੰਨਾ। ਸੂਹੀ ਰੁੱਤ ਆਈ ਚੰਨਾ। ਵੇ ਤੂੰ ਮੋੜ ਲੈ ਮੁਹਾਰਾਂ। ਸੰਨ ਵੀਹ ਉੱਤੇ 'ਠਾਰਾਂ।' ਇਸ ਵਿੱਚ ਮੁਰਸ਼ਦ ਪਿਆਰ ਦੀ ਜੋਤ ਜਗਦੀ ਹੈ ਜਥਾ 'ਮਾੜ੍ਹੀ ਦੀ ਮਿੱਟੀ ਲਿੱਪੇ, ਮੁਰਸ਼ਦ ਨੂੰ ਯਾਦ ਕਰਦਾ, ਚੇਲਾ ਮੈਂ ਨਾਥ ਦਾ।' ਇਸ ਵਿੱਚ ਜੀਵਨ ਰੌਂਅ ਹੈ ਜਥਾ 'ਓਸ ਨੂਰਾਨੀ ਚਿਹਰੇ ਅੰਦਰ ਵੇਖੇ ਰੰਗ ਹਜ਼ਾਰਾਂ। ਇੱਕ ਚੜ੍ਹਦੀ ਇੱਕ ਲਹਿੰਦੀ ਵੇਖੋ ਲੱਗੀਆਂ ਰਹਿਣ ਬਹਾਰਾਂ।' ਏਨਾ ਹੀ ਨਹੀਂ ਇਸ ਵਿੱਚ ਮਹੀਂਆਂ ਦਾ ਚਾਰਕ ਧੀਂਦੋ ਰਾਂਝਾ ਵੀ ਹੈ ਤੇ ਹੋਰ ਕਿੰਨੇ ...ਇਸ ਦਾ ਸਫ਼ਰ ਲੰਮੇਰਾ।

ਹਥਲੀ ਪੁਸਤਕ ਦਾ ਜ਼ਿਕਰ ਕਰਦਿਆਂ ਵਿਸ਼ਵ ਸਾਹਿਤ ਦੇ ਵਿਯੋਗ ਮਾਰੇ ਕਵੀ ਜੌਹਨ ਕੀਟਸ ਦਾ ਜ਼ਿਕਰ ਇਉਂ ਹੋਇਆ ਹੈ:

ਓਹਨੂੰ ਗ਼ਮ ਕਿਸੇ ਨਾ ਮਾਰਿਆ।
ਬਸ ਮੂੰਹੋਂ ਸੀ ਦੁਰਕਾਰਿਆ।
ਉਹ ਜੀਵਨ ਹੱਥੋਂ ਹਾਰਿਆ।
ਜਦ ਵੰਡਾਂ ਹੋਈਆਂ ਕਾਣੀਆਂ।

ਹਰ ਧਰਤ ਦੀ ਆਪਣੀ ਗਾਥਾ ਹੈ ਤੇ ਹਰ ਮਨੁੱਖ ਦੀ ਆਪਣੀ ਹੋਣੀ ਹੈ। ਜਿਸ ਦਾ ਪਰਤਵਾਂ ਰੂਪ ਸਦੀਆਂ ਬਾਅਦ ਜਿਉਂਦਾ ਹੈ ਕਿਸੇ ਹੋਰ ਧਰਤ 'ਤੇ, ਕਿਸੇ ਹੋਰ ਜਿਸਮ ਵਿੱਚ..! ਕਵਿਤਾ ਜਵਾਨ ਰਹਿੰਦੀ ਹੈ ਤੇ ਕਵੀ ਬੁੱਢਾ ਹੋ ਜਾਂਦਾ ਹੈ।"ਸਟੇਜ 'ਤੇ ਖੜੋਤਾ ਉਹ ਕੋਈ ਅਲੋਕਾਰ ਬੰਦਾ ਦਿਸ ਰਿਹਾ ਸੀ ਜਿਸ ਦੀ ਸ਼ਖ਼ਸੀਅਤ ਚਿੰਤਕ, ਸੰਨਿਆਸੀ ਤੇ ਕਵੀ ਦਾ ਰਲਵਾਂ ਪ੍ਰਭਾਵ ਪਾ ਰਹੀ ਸੀ। ਉਹ ਆਪਣੀ ਕਵਿਤਾ ਵਿੱਚ ਹਿੰਦੁਸਤਾਨ ਦੇ ਵੱਖ-ਵੱਖ ਇਲਾਕਿਆਂ ਦਾ ਜ਼ਿਕਰ ਇੰਜ ਸਹਿਜ- ਸੁਭਾਵਿਕ ਢੰਗ ਨਾਲ਼ ਕਰ ਰਿਹਾ ਸੀ ਕਿ ਸੁਣਨ ਵਾਲੇ ਆਪਣੇ ਆਪ ਨੂੰ ਉਹਨਾਂ ਇਲਾਕਿਆਂ ਵਿਚ ਸਾਹ ਲੈਂਦੇ ਮਹਿਸੂਸ ਕਰ ਰਹੇ ਸਨ। ਇਹ ਕਾਮਯਾਬ ਬਿਆਨ ਸਤਿਆਰਥੀ ਦੀ ਵਰ੍ਹਿਆਂ ਦੀ ਸਾਧਨਾ ਦਾ ਤੇ ਸਾਰਾ ਮੁਲਕ ਗਾਹੁਣ ਦਾ ਨਤੀਜਾ ਸੀ। ਮੈਨੂੰ ਲੱਗਾ ਕਿ ਹਿੰਦੋਸਤਾਨ ਦਾ ਕੋਈ ਕਵੀ, ਚਾਹੇ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਆਪਣੇ ਦੇਸ ਦੀ ਆਤਮਾ ਨੂੰ ਰੂਪਮਾਨ ਕਰਨ ਵਿੱਚ ਸਤਿਆਰਥੀ ਦੀ ਬਰਾਬਰੀ ਨਹੀਂ ਕਰ ਸਕਦਾ।" ਇਸੇ 'ਸਾਹਿਤ ਦੇ ਤਪੀਏ ਦੇਵਿੰਦਰ ਸਤਿਆਰਥੀ' ਬਾਬਤ ਨਜ਼ਮਗਾਹ: ਨਜ਼ਮਾਂ ਦੀ ਮਜਲਿਸ ਵਿੱਚ ਇਉਂ ਫ਼ਰਮਾਇਆ ਗਿਆ ਹੈ ਕਿ:

'ਚੇਪੀ ਉੱਤੇ ਚੇਪੀ ਲਾਈ
ਕਾ.ਗਜ਼ ਬਣਿਆ ਗੱਤਾ।'
ਜਿਸ ਦੀ ਆਪਣੀ ਦੁਨੀਆਂ ਹੋਵੇ
ਉਸਦੀ ਆਪਣੀ ਸੱਤਾ।
'ਗਿੱਧੇ' ਦੇ ਪਿੜ ਭੜਥੂ ਪਾ ਕੇ
ਬਹੁਤ ਉਚੇਰਾ ਹੋਇਆ।

ਇਨ੍ਹਾਂ ਨੁਕਤਿਆਂ ਨੂੰ ਉਭਾਰਦਿਆਂ ਸੈਆਂ ਖ਼ਿਆਲ ਜ਼ਿਹਨ ਵਿੱਚ ਆ ਰਹੇ ਹਨ ਜਿਨ੍ਹਾਂ ਵਿੱਚ ਕਵੀ, ਕਿਤਾਬ ਤੇ ਪਾਠਕ ਦਾ ਇੱਕੋ ਧਾਰਾ 'ਚ ਵਹਿਣਾ ਆਸਾਨ ਨਹੀਂ ਹੁੰਦਾ, ਵੀ ਸ਼ਾਮਲ ਹੈ ਪਰ ਖ਼ਿਆਲਾਂ ਦੀ ਲੜੀ ਤੋਂ ਅਗਾਂਹ ਵੀ ਸਫ਼ਰ ਹੈ ਜੋ ਆਪਣੀ ਥਾਵੇਂ ਕਾਰਜਸ਼ੀਲ ਹੈ।

ਇਸ ਕਿਤਾਬ ਵਿੱਚ ਮੈਂ ਤੋਂ ਤੂੰ ਭਾਵ ਨਿੱਜ ਤੋਂ ਪਰ ਹੀ ਨਹੀਂ ਸਗੋਂ ਮੈਂ ਵਿੱਚ ਸਭ ਤੇ ਸਭ ਵਿੱਚ ਆਪਾ ਧਰਾਉਣ ਦਾ ਨਿਮਾਣਾ ਜਿਹਾ ਯਤਨ ਕੀਤਾ ਗਿਆ। ਇਹ ਪੁਸਤਕ ਮੇਰੇ ਨਾਨਾ ਸਰਦਾਰ ਸੋਹਣ ਸਿੰਘ ਟਿੱਬੇ ਵਾਲੇ, ਨਾਨੀ ਬੀਬੀ ਸੁਰਜੀਤ ਕੌਰ, ਮਾਂ ਪਿਓ ਭੈਣ ਭਰਾ, ਪੇਕੇ ਸਾਹੁਰੇ, ਅਧਿਆਪਕ ਤੇ ਸਾਹਿਤਕ ਚੌਗਿਰਦੇ ਤੋਂ ਹੁੰਦਿਆਂ ਚਾਨਣ ਵਾਂਗ ਫੈਲਦੇ ਆਪਣੇ ਖਿੱਤੇ ਤੋਂ ਵਡੇਰੇ ਧਰਾਤਲ 'ਤੇ ਨਾਮਵਰ ਬਣੇ ਮਨੁੱਖਾ ਦੀ ਮਨੁੱਖਤਾ ਦਾ ਜ਼ਿਕਰ ਹੈ। ਇਹ ਕਵਿਤਾ ਧੜਕਦੀ ਹੈ ਕਿਸੇ ਧੜਕਦੇ ਦਿਲ ਵਾਲੇ ਪਾਠਕ ਦੀ ਉਡੀਕ ਵਿੱਚ ਤੇ ਧੜਕਦੇ ਦਿਲ ਵਾਲੇ ਮਹਾਨ ਲੋਕਾਂ ਦੀ ਗਾਥਾ ਬਣਦੀ ਹੈ। ਲੋਕ ਬੋਲਾਂ ਵਿੱਚ ਲੋਕ ਦਿਲਾਂ ਦੀ ਥਾਹ ਦਾ ਰਾਹ ਹੈ ਨਜ਼ਮਗਾਹ ਨਜ਼ਮਾਂ ਦੀ ਮਜਲਿਸ।

ਰਾਹਾਂ ਦੇ ਵਿੱਚ ਭਟਕ ਗਿਆ ਸਾਂ
ਸਫ਼ਰ ਲੰਮੇਰਾ ਹੋਇਆ।
ਤੇਰੇ ਬਿਨ ਇਹ ਧੜਕੇ ਕਾਹਨੂੰ
ਦਿਲ ਜੋ ਤੇਰਾ ਹੋਇਆ।

# ਤ੍ਰੈਲੋਚਨ ਲੋਚੀ ਦੀਆਂ ਦੋ ਗ਼ਜ਼ਲਾਂ



**ਤ੍ਰੈਲੋਚਨ ਲੋਚੀ**
ਮੋਬਾਈਲ 98142 53315

## ਗ਼ਜ਼ਲ

ਤੂੰ ਹਰ ਪਲ ਟਹਿਕਦਾ ਗੁਲਜ਼ਾਰ ਹੋ ਜਾ।
ਕਿਸੇ ਦਾ ਸੱਚਾ ਸੁੱਚਾ ਪਿਆਰ ਹੋ ਜਾ।

ਮੁਹੱਬਤ ਨਾਲ ਤੇਰੀ ਝੋਲ ਭਰਨੀ,
ਤੂੰ ਸਿਰ ਤੋਂ ਪੈਰਾਂ ਤਕ ਬਸ ਪਿਆਰ ਹੋ ਜਾ।

ਕਿਤੇ ਨਾ ਰਿਸ਼ਤਿਆਂ ਨੂੰ ਖੋਰ ਬੈਠੀਂ,
ਕਿਸੇ 'ਤੇ ਏਨਾ ਵੀ ਨਾ ਭਾਰ ਹੋ ਜਾ।

ਇਹ ਮਿੱਟੀ ਵੀ ਭਰੂ ਤੈਨੂੰ ਕਲਾਵੇ,
ਇਨ੍ਹਾਂ ਵਕਤਾਂ 'ਚ ਵੀ ਮਹਿਕਾਰ ਹੋ ਜਾ।

ਚੁਫੇਰੇ ਸੁੰਨ ਹੈ, ਚੁੱਪ ਚਾਂ ਹੈ ਪਸਰੀ,
ਤੂੰ ਭੋਰਾ ਛਣਕ ਤੇ ਛਣਕਾਰ ਹੋ ਜਾ।

ਖਿਲਾਰੇ ਕਿਸ ਨੂੰ ਆਏ ਰਾਸ ਲੋਚੀ?
ਤੂੰ ਕੋਸ਼ਿਸ਼ ਕਰ ਜ਼ਰਾ ਇੱਕਸਾਰ ਹੋ ਜਾ।

## ਗ਼ਜ਼ਲ

ਏਨਾ ਕਰ ਹੁਣ ਪਿਆਰ ਨਾ ਲਈਏ ?
ਤਪਦੇ ਸੀਨੇ ਠਾਰ ਨਾ ਲਈਏ ?

ਜਿੱਤ ਵੀ ਤਾਂ ਹੰਕਾਰ ਹੈ ਭਰਦੀ,
ਇੱਕ ਅੱਧ ਬਾਜ਼ੀ ਹਾਰ ਨਾ ਲਈਏ ?

ਉੱਠਦੇ ਬਹਿੰਦੇ ਚੰਗੇ ਲੱਗੀਏ,
ਖ਼ੁਦ ਨੂੰ ਜ਼ਰਾ ਸੰਵਾਰ ਨਾ ਲਈਏ ?

ਕੀ ਖੱਟਾਂਗੇ ਅੱਡ ਅੱਡ ਹੋ ਕੇ,
ਢਾਹ ਹੁਣ ਇਹ ਦੀਵਾਰ ਨਾ ਲਈਏ ?

ਐਵੇਂ ਨਾ ਇਹ ਬਣੇ ਤਮਾਸ਼ਾ,
ਮਸਲਾ ਰਤਾ ਵਿਚਾਰ ਨਾ ਲਈਏ ?

ਖ਼ਬਰਾਂ ਪੜ੍ਹ ਸੁਣ ਰੋਜ਼ ਹਾਂ ਮਰਦੇ,
ਅਪਣਾ ਹੀ ਮਨ ਮਾਰ ਨਾ ਲਈਏ ?

ਸੁਣਿਐਂ ! ਬੜਾ ਉਦਾਸ ਹੈ ਲੋਚੀ,
ਜਾ ਕੇ ਉਸਦੀ ਸਾਰ ਨਾ ਲਈਏ

# ਅਜਮੇਲ ਗਿੱਲ ਦੀ ਕਵਿਤਾ



ਜ਼ਿੰਦਗੀ ਦੇ ਕੁੱਝ ਪਲ ਸਾਂਝੇ ਨੇ,
ਉਹਦੇ ਵੀ ਤੇ ਮੇਰੇ ਵੀ ।
ਕੁੱਝ ਧੁੰਦਲ਼ਾ ਗਏ ਨਾਲ ਸਮੇਂ ਦੇ,
ਕੀਤੇ ਯਾਦ ਬਥੇਰੇ ਵੀ ।

ਉਹਦੇ ਆਉਣ ਦੀ ਖ਼ਬਰ ਮਿਲੀ ਤਾਂ ,
ਸਾਰੇ ਰਾਹ ਰੁਸ਼ਨਾ ਦਿੱਤੇ ।
ਵਸਲ ਦਾ ਦੀਵਾ ਸੀਨੇ ਧਰਿਆ,
ਭਰ ਤੇ ਕਈ ਬਨੇਰੇ ਵੀ ।

ਉਸਦੀ ਖ਼ਾਤਰ ਕੀ ਨਹੀਂ ਕੀਤਾ,
ਬੋਲੇ ਹੋਏ, ਬੁੱਲ੍ਹ ਸੀਤੇ ।
ਧੁੱਪਾਂ ਅੰਦਰ ਸਾੜਿਆ ਪਿੰਡਾ,
ਝੱਲੇ ਕਈ ਹਨੇਰੇ ਵੀ ।

ਦੀਵੇ ਦਾ ਕੀ ਫੂਕ ਮਾਰਕੇ ,
ਲੋਕੀ ਝੱਟ ਬੁਝਾ ਦਿੰਦੇ।
ਬੁੱਕਲ ਦੇ ਵਿੱਚ ਚੰਨ ਜੇ ਹੋਵੇ ,
ਲੁਕਦੇ ਫਿਰਨ ਲੁਟੇਰੇ ਵੀ।

ਉਹ ਸੀ ਨਾਲ ਤਾਂ ਮੱਸਿਆ ਵਾਲੀ ,
ਰਾਤ ਵੀ ਪੂਰਨਮਾਸ਼ੀ ਸੀ।
ਉਹਦੇ ਮਗਰੋਂ ਘੁੱਪ-ਹਨੇਰੇ ,
ਹੋ ਗਏ ਕਈ ਸਵੇਰੇ ਵੀ।

ਉਸਦੀਆਂ ਜ਼ੁਲਫ਼ਾਂ ਨਾਗ ਜ਼ਹਿਰੀਲੇ,
ਪਲ ਨਾ ਲਾਉਂਦੇ ਡੰਗਣ ਨੂੰ ।
'ਗਿੱਲ' ਵਰਗੇ ਦੀ ਗੱਲ ਕੀ ਕਰਨੀ ,
ਮਰ ਗਏ ਕਈ ਸਪੇਰੇ ਵੀ।

# ਡਾਕਟਰ ਵਰਿਆਮ ਸਿੰਘ ਸੰਧੂ :

# ਸ਼ਬਦਾਂ ਦੀ ਸਾਧਨਾ ਵਿੱਚ ਰਮਿਆ ਇਕ ਰੂਹਾਨੀ ਸਫ਼ਰ

- ਡਾ. ਅਮਰਜੀਤ ਟਾਂਡਾ



ਸਾਹਿਤ ਦੇ ਵਿਸ਼ਾਲ ਅਕਾਸ਼ ਵਿੱਚ ਕੁਝ ਨਾਂ ਉਹ ਵੀ ਹੁੰਦੇ ਹਨ ਜੋ ਸਿਰਫ਼ ਲਿਖਦੇ ਨਹੀਂ—ਉਹ ਇਕ ਅੰਦਰੂਨੀ ਅਵਾਜ਼ ਨੂੰ ਜਨਮ ਦਿੰਦੇ ਹਨ। ਉਹ ਚੁੱਪੀਆਂ ਨੂੰ ਬੋਲਣਾ ਸਿਖਾਉਂਦੇ ਹਨ, ਅਤੇ ਬੋਲੀਆਂ ਨੂੰ ਰੂਹ ਦੀ ਆਵਾਜ਼ ਬਣਾ ਦੇਂਦੇ ਹਨ ਉਹ ਲਫ਼ਜ਼ਾਂ ਨੂੰ ਕਾਗਜ਼ 'ਤੇ ਨਹੀਂ ਉਤਾਰਦੇ, ਸਗੋਂ ਰੂਹ ਦੇ ਅੰਦਰੋਂ ਉੱਭਰਦੀ ਅਗਨਿ ਨੂੰ ਸ਼ਬਦਾਂ ਦੀ ਰੂਪ-ਰੇਖਾ ਦਿੰਦੇ ਹਨ। ਡਾਕਟਰ ਵਰਿਆਮ ਸਿੰਘ ਸੰਧੂ ਵੀ ਉਹੀ ਰਚਨਾਕਾਰ ਹਨ ਜਿਨ੍ਹਾਂ ਲਈ ਲਿਖਣਾ ਕੋਈ ਪੇਸ਼ਾ ਨਹੀਂ, ਸਾਧਨਾ ਹੈ; ਕੋਈ ਪ੍ਰਗਟਾਵਾ ਨਹੀਂ, ਇਕ ਅੰਦਰੂਨੀ ਯਾਤਰਾ ਹੈ।

ਉਨ੍ਹਾਂ ਦੀ ਰਚਨਾ ਵਿੱਚ ਸਿਰਫ਼ ਵਿਚਾਰ ਨਹੀਂ, ਇਕ ਜਗਦੀ ਹੋਈ ਸੰਵੇਦਨਾ ਹੈ—ਜੋ ਸਮੇਂ ਦੀਆਂ ਖਾਮੋਸ਼ੀਆਂ ਨੂੰ ਭੇਦਦੀ ਹੈ। ਉਹ ਜਦੋਂ ਲਿਖਦੇ ਹਨ ਤਾਂ ਲੱਗਦਾ ਹੈ ਜਿਵੇਂ ਸ਼ਬਦ ਕਿਸੇ ਮੰਦਰ ਦੇ ਘੰਟੇ ਵਾਂਗ ਗੂੰਜ ਰਹੇ ਹੋਣ—ਹੌਲੀ, ਗੰਭੀਰ ਤੇ ਆਤਮਕ ਤਰੰਗਾਂ ਨਾਲ ਭਰੇ ਹੋਏ।



ਉਨ੍ਹਾਂ ਦੀ ਕਲਮ ਵਿਚੋਂ ਨਿਕਲਦੇ ਅੱਖਰ ਸਿਰਫ਼ ਕਹਾਣੀਆਂ ਨਹੀਂ ਸੁਣਾਉਂਦੇ, ਉਹ ਮਨੁੱਖੀ ਅਸਤੀਤਵ ਦੀਆਂ ਗਹਿਰਾਈਆਂ ਨੂੰ ਛੂੰਹਦੇ ਹਨ।

ਡਾਕਟਰ ਸੰਧੂ ਦੀ ਸਾਹਿਤਕ ਯਾਤਰਾ ਇਕ ਲਕੀਰ ਵਾਂਗ ਸਿਧੀ ਨਹੀਂ, ਸਗੋਂ ਦਰਿਆ ਵਾਂਗ ਹੈ—ਮੋੜਾਂ ਨਾਲ ਭਰੀ, ਕਦੇ ਸ਼ਾਂਤ, ਕਦੇ ਉਫਾਨੀ, ਪਰ ਹਮੇਸ਼ਾਂ ਜੀਵਨਦਾਇਨੀ। ਉਹ ਸਮਾਜ ਦੇ ਅੰਦਰ ਵਸਦੇ ਦਰਦ, ਵਿਸ਼ਮਤਾਵਾਂ ਅਤੇ ਅਸਮਾਨਤਾਵਾਂ ਨੂੰ ਸਿਰਫ਼ ਦਰਸਾਉਂਦੇ ਨਹੀਂ, ਸਗੋਂ ਉਨ੍ਹਾਂ ਨੂੰ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਲਫ਼ਜ਼ਾਂ ਵਿੱਚ ਇਕ ਅਜਿਹੀ ਤਾਕਤ ਹੈ ਜੋ ਪਾਠਕ ਨੂੰ ਅੰਦਰੋਂ ਹਿਲਾ ਦਿੰਦੀ ਹੈ—ਉਹ ਸਿਰਫ਼ ਪੜ੍ਹਨ ਲਈ ਨਹੀਂ, ਜਿਊਣ ਲਈ ਲਿਖਦੇ ਹਨ।

ਉਨ੍ਹਾਂ ਦੀ ਰਚਨਾ ਵਿੱਚ ਰੂਹਾਨੀਅਤ ਕੋਈ ਵੱਖਰੀ ਧਾਰਾ ਨਹੀਂ, ਸਗੋਂ ਹਰ ਅੱਖਰ ਵਿੱਚ ਵਗਦੀ ਇਕ ਲੁਕਵੀਂ ਨਦੀ ਹੈ। ਉਹ ਧਰਮ ਦੀ ਰੂਪ-ਰੇਖਾ ਤੋਂ ਉੱਪਰ ਉੱਠ ਕੇ ਮਨੁੱਖੀ ਅੰਦਰੂਨੀ ਸ਼ਾਂਤੀ ਅਤੇ ਸੱਚ ਦੀ ਖੋਜ ਨੂੰ ਪ੍ਰਗਟਾਉਂਦੇ ਹਨ। ਉਹਨਾਂ ਦੇ ਸ਼ਬਦਾਂ ਵਿੱਚ ਇਕ ਅਜਿਹਾ ਸੰਤੁਲਨ ਹੈ—ਜਿੱਥੇ ਵਿਚਾਰ ਤੇ ਭਾਵਨਾ ਇਕ-ਦੂਜੇ ਨਾਲ ਗੱਲ ਕਰਦੇ ਹਨ।

ਇਹ ਵੀ ਕਹਿਣਾ ਗਲਤ ਨਹੀਂ ਹੋਵੇਗਾ ਕਿ ਡਾਕਟਰ ਵਰਿਆਮ ਸਿੰਘ ਸੰਧੂ ਦੀ ਲਿਖਤ ਸਮੇਂ ਦੇ ਖਿਲਾਫ਼ ਇਕ ਸੁਚੇਤ ਅਵਾਜ਼ ਹੈ। ਉਹ ਆਪਣੇ ਲਫ਼ਜ਼ਾਂ ਰਾਹੀਂ ਸਵਾਲ ਪੁੱਛਦੇ ਹਨ—ਉਹ ਸਵਾਲ ਜੋ ਅਕਸਰ ਸਮਾਜ ਚੁੱਪੀ ਵਿੱਚ ਦੱਬ ਦਿੰਦਾ ਹੈ। ਉਹ ਸੱਚਾਈ ਨੂੰ ਸਿਰਫ਼ ਦਰਸਾਉਂਦੇ ਨਹੀਂ, ਉਸਨੂੰ ਇਕ ਆਤਮਕ ਦਰਪਣ ਵਾਂਗ ਸਾਡੇ ਸਾਹਮਣੇ ਰੱਖਦੇ ਹਨ।

ਉਨ੍ਹਾਂ ਦੀ ਕਲਮ ਦੀ ਖੂਬਸੂਰਤੀ ਇਹ ਹੈ ਕਿ ਉਹ ਕਦੇ ਵੀ ਅਡੰਬਰ ਨਹੀਂ ਬਣਦੀ। ਉਹ ਸਧਾਰਨਤਾ ਵਿੱਚ ਹੀ ਗਹਿਰਾਈ ਲੱਭਦੇ ਹਨ। ਉਹਨਾਂ ਦੇ ਲਫ਼ਜ਼ਾਂ ਵਿੱਚ ਕੋਈ ਬਨਾਵਟ ਨਹੀਂ, ਇਕ ਸਾਫ਼ਗੋਈ ਹੈ—ਜਿਵੇਂ ਕਿਸੇ ਦਰਦ ਭਰੇ ਦਿਲ ਦੀ ਸਿੱਧੀ ਪੁਕਾਰ ਹੋਵੇ। ਉਹ ਕਹਾਣੀ ਲਿਖਦੇ ਹੋਏ ਵੀ ਦਰਅਸਲ ਮਨੁੱਖ ਦੇ ਅੰਦਰ ਦੀ ਕਹਾਣੀ ਬਿਆਨ ਕਰਦੇ ਹਨ।

ਪੰਜਾਬੀ ਸਾਹਿਤ ਵਿੱਚ ਉਹਨਾਂ ਦਾ ਯੋਗਦਾਨ ਸਿਰਫ਼ ਰਚਨਾਵਾਂ ਦੀ ਗਿਣਤੀ ਨਾਲ ਨਹੀਂ ਤੋਲਿਆ ਜਾ ਸਕਦਾ। ਉਹਨਾਂ ਦੀ ਅਸਲੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਉਹਨਾਂ ਨੇ

ਲਿਖਤ ਨੂੰ ਇਕ ਨੈਤਿਕ ਅਤੇ ਰੂਹਾਨੀ ਜ਼ਿੰਮੇਵਾਰੀ ਵਾਂਗ ਜੀਆ ਹੈ। ਉਹਨਾਂ ਲਈ ਸ਼ਬਦ ਕੋਈ ਸਾਧਨ ਨਹੀਂ—ਇਕ ਅਮਾਨਤ ਹਨ, ਜਿਨ੍ਹਾਂ ਨੂੰ ਉਹ ਪੂਰੀ ਇਮਾਨਦਾਰੀ ਨਾਲ ਨਿਭਾਉਂਦੇ ਹਨ।

ਅੱਜ ਦੇ ਦੌਰ ਵਿੱਚ ਜਿੱਥੇ ਲਿਖਤ ਅਕਸਰ ਤੁਰੰਤ ਪ੍ਰਭਾਵ ਤੇ ਲੋਕਪ੍ਰਿਯਤਾ ਦੀ ਦੌੜ ਵਿੱਚ ਖੋ ਜਾਂਦੀ ਹੈ, ਉੱਥੇ ਡਾਕਟਰ ਸੰਧੂ ਦੀ ਰਚਨਾ ਇਕ ਠੰਢੀ ਛਾਂ ਵਾਂਗ ਲੱਗਦੀ ਹੈ—ਜਿੱਥੇ ਬੈਠ ਕੇ ਪਾਠਕ ਆਪਣੇ ਆਪ ਨਾਲ ਮੁਲਾਕਾਤ ਕਰ ਸਕਦਾ ਹੈ। ਉਹ ਸਾਨੂੰ ਸਿਰਫ਼ ਪੜ੍ਹਨ ਲਈ ਨਹੀਂ ਕਹਿੰਦੇ, ਸਗੋਂ ਸੋਚਣ, ਮਹਿਸੂਸ ਕਰਨ ਅਤੇ ਆਪਣੇ ਅੰਦਰ ਝਾਕਣ ਲਈ ਪ੍ਰੇਰਿਤ ਕਰਦੇ ਹਨ।

ਇਹ ਕਹਿਣਾ ਉਚਿਤ ਹੋਵੇਗਾ ਕਿ ਡਾਕਟਰ ਵਰਿਆਮ ਸਿੰਘ ਸੰਧੂ ਦਾ ਰੂਹਾਨੀ ਸਫ਼ਰ ਅਜੇ ਮੁਕੰਮਲ ਨਹੀਂ ਹੋਇਆ। ਉਹ ਇਕ ਅਜਿਹਾ ਯਾਤਰੀ ਹੈ ਜੋ ਹਰੇਕ ਨਵੇਂ ਸ਼ਬਦ ਨਾਲ ਇਕ ਨਵਾਂ ਰਸਤਾ ਤਲਾਸ਼ਦਾ ਹੈ। ਉਸ ਦੀ ਕਲਮ ਅਜੇ ਵੀ ਚੱਲ ਰਹੀ ਹੈ—ਸੱਚ ਦੀ ਖੋਜ ਵਿੱਚ, ਮਨੁੱਖਤਾ ਦੀ ਪਹਿਚਾਣ ਵਿੱਚ, ਅਤੇ ਰੂਹ ਦੀ ਸ਼ਾਂਤੀ ਲਈ।

ਉਹ ਸਿਰਫ਼ ਲੇਖਕ ਨਹੀਂ—ਇਕ ਸਾਧਕ ਹੈ। ਅਤੇ ਉਸਦੀ ਸਾਧਨਾ ਵਿੱਚੋਂ ਜਨਮ ਲੈਂਦੇ ਸ਼ਬਦ ਸਾਡੀ ਰੂਹ ਨੂੰ ਛੂਹ ਕੇ ਗੁਜ਼ਰ ਜਾਂਦੇ ਹਨ।

## ਗੀਤ



**ਬਿਕਰਮਜੀਤ ਸਿੰਘ**
**ਕਨੇਡਾ**

ਤੂੰ ਵੀ ਹੁਣ ਨਾਲ ਨਾਲ ਨਾਲ ਮੇਰੇ ਚੱਲ
ਕੱਲ ਦੀ ਫਿਕਰ ਆਪਾਂ ਕਰਾਂਗੇ ਨੀ ਕੱਲ
ਨੀ ਮੈਨੂੰ ਹੁਣ ਜੀ ਭਰ ਜੀ ਲੈਣ ਦੇ
ਮੁੜਕੇ ਨੀ ਆਉਣਾ ਫੇਰ ਕਦੇ ਇਹੋ ਪਲ

ਅੱਜ ਬੱਸ ਤੂੰ ਤੇ ਮੈਂ ਤੀਜਾ ਨਾ ਏ ਕੋਈ
ਤੇਰਾ ਭੋਲਾ ਜਿਹਾ ਚੇਹਰਾ ਜਾਂਦਾ ਮੈਨੂੰ ਮੋਈ
ਥੋੜੀ ਥੋੜੀ ਵੱਧ ਲੈਣ ਦੇ ਤੂੰ ਅੱਗੇ ਗੱਲ
ਤੂੰ ਵੀ ਹੁਣ ਨਾਲ ਨਾਲ ਨਾਲ ਮੇਰੇ ਚੱਲ

ਅੱਖਾਂ ਵਿੱਚ ਅੱਖਾਂ ਪਾ ਕੇ ਕਰ ਸ਼ੁਰੂਆਤ
ਕਰ ਫਿਰ ਪਿਆਰ ਨਾਲ ਪਿਆਰੀ ਗੱਲ-ਬਾਤ
ਦਿਲ ਤੇਰਾ ਚਾਹੁੰਦਾ ਕੀ ਸੁਨੇਹਾ ਮੈਨੂੰ ਘਲ੍ਹ
ਤੂੰ ਵੀ ਹੁਣ ਨਾਲ ਨਾਲ ਨਾਲ ਮੇਰੇ ਚੱਲ

ਡਰ ਡਰ ਕਰਨਾ ਕਿਉਂ ਦੱਸ ਆਪਾ ਪਿਆਰ
ਛੱਡ ਲੈਣੀ ਦੁਨੀਆਦਾਰੀ ਦੀ ਕੀ ਆ ਸਾਰ
ਲੋਕੀ ਹੁੰਦੇ ਕਦੇ ਇਹਦੇ ਕਦੇ ਓਹਦੇ ਵੱਲ
ਤੂੰ ਵੀ ਹੁਣ ਨਾਲ ਨਾਲ ਨਾਲ ਮੇਰੇ ਚੱਲ

***

# ਮਹਿੰਦਰ ਸਿੰਘ ਮਾਨ ਦੀਆਂ ਚਾਰ ਗ਼ਜ਼ਲਾਂ




**ਮਹਿੰਦਰ ਸਿੰਘ ਮਾਨ**
ਸਾਮ੍ਹਣੇ ਅੰਗਦ ਸਿੰਘ
ਐੱਮ. ਐੱਲ. ਏ. ਹਾਊਸ, ਕੈਨਾਲ ਰੋਡ
ਨਵਾਂ ਸ਼ਹਿਰ-144514
ਫੋਨ 9915803554


ਚੰਗੇ ਅਮਲਾਂ ਬਾਝੋਂ

ਦੇ ਕੇ ਸਾਨੂੰ ਛਾਪਾਂ-ਛੱਲੇ,
ਕੁਝ ਨਾ ਛੱਡਿਆ ਸਾਡੇ ਪੱਲੇ।
ਜੇ ਤੂੰ ਬੋਲਣਾ ਸਾਨੂੰ ਮਾੜਾ,
ਤਾਂ ਫਿਰ ਰਹਿਣ ਦੇ ਸਾਨੂੰ ਕੱਲੇ।
ਐਵੇਂ ਨ੍ਹੀ ਖਿੜ ਖਿੜ ਹੱਸੀਦਾ,
ਜ਼ਖਮ ਕਿਸੇ ਦੇ ਦੇਖ ਕੇ ਅੱਲੇ।
ਪੈਸੇ ਖਰਚ ਲਿਆ ਕਰ ਝੱਲਿਆ,
ਰੱਖੀ ਨਾ ਜਾ ਭਰ ਭਰ ਗੱਲੇ।
ਹਿੰਮਤ ਬਹੁਤ ਉਦੋਂ ਕੰਮ ਆਵੇ,
ਹੋਣ ਜਦੋਂ ਦੁੱਖਾਂ ਦੇ ਹੱਲੇ।
ਉਸ ਨੂੰ ਫੜ ਕੇ ਉਠਾ ਦੇ ਯਾਰਾ,
ਜਿਹੜਾ ਡਿਗਿਆ ਪਿਆ ਹੈ ਥੱਲੇ।
ਮਿਹਨਤ ਕਰਕੇ ਵਧੇ ਜੋ ਅੱਗੇ,
ਉਸ ਦੀ ਹੋਵੇ ਬੱਲੇ, ਬੱਲੇ।
ਉਸ ਨੂੰ ਵੀ ਚੇਤੇ ਰੱਖਿਆ ਕਰ,
ਜਿਸ ਦੇ ਹੁਕਮ 'ਚ ਦੁਨੀਆਂ ਚੱਲੇ।
ਜਿਸ ਨੂੰ ਮਰਜ਼ੀ ਹਾਕਾਂ ਮਾਰੀਂ,
ਜਾਣਾ ਪੈਣਾ ਕੱਲ-ਮ-ਕੱਲੇ।
ਚੰਗੇ ਅਮਲਾਂ ਬਾਝੋਂ 'ਮਾਨਾ',
ਹੋ ਜਾਏਂਗਾ ਸਭ ਤੋਂ ਥੱਲੇ।

*************

ਜੋ ਤੂੰ ਕੀਤਾ

ਜੋ ਤੂੰ ਕੀਤਾ ਮੇਰੇ ਨਾਲ,
ਕਰ ਨ੍ਹੀ ਸਕਦਾ ਤੇਰੇ ਨਾਲ।
ਇਹ ਮੈਨੂੰ ਹੀ ਖਾ ਜਾਵੇ ਨਾ,
ਤਾਂ ਹੀ ਲੜਦਾਂ ਨ੍ਹੇਰੇ ਨਾਲ।
ਪਹਿਲਾਂ ਤੁਰਨਾ ਪੈਂਦਾ ਕੱਲੇ,
ਫਿਰ ਰਲ ਜਾਣ ਬਥੇਰੇ ਨਾਲ।
ਯਾਰਾਂ ਛੱਡੀ ਕਸਰ ਕੋਈ ਨਾ,
ਸੱਟਾਂ ਜਰੀਆਂ ਜੇਰੇ ਨਾਲ।
ਬਾਬੇ ਨੇ ਅਕਲ ਆਪਣੀ ਨਾਲ,
ਲੋਕੀਂ ਜੋੜੇ ਡੇਰੇ ਨਾਲ।
ਰੌਣਕ ਆਈ ਮਾਂ ਦੇ ਮੂੰਹ ਤੇ,
ਪੁੱਤ ਦੇ ਇੱਕੋ ਫੇਰੇ ਨਾਲ।
ਦਿਲ ਮਿਲਦਾ ਹੁੰਦਾ ਇਕ ਨਾਲ,
ਬੰਦੇ ਤੁਰਨ ਬਥੇਰੇ ਨਾਲ।
ਤੇਰੇ ਦਰ ਤੇ ਆਇਆ 'ਮਾਨ',
ਛੱਡ ਕੇ ਰੋਸਾ ਤੇਰੇ ਨਾਲ।

************

ਫੇਰ ਉਨ੍ਹਾਂ ਨੇ ਮੁੜ ਨਾ ਆਣਾ

ਮੱਲੋ-ਮੱਲੀ ਜੇਬਾਂ ਦੇ ਵਿੱਚ ਪਾ ਕੇ ਨੋਟ,
ਲੀਡਰ ਕਹਿੰਦੇ, "ਸਾਨੂੰ ਸਾਰੇ ਪਾਇਉ ਵੋਟ।"
ਫੇਰ ਉਨ੍ਹਾਂ ਨੇ ਮੁੜ ਆਣਾ ਨ੍ਹੀ ਲੋਕਾਂ ਕੋਲ,
ਹੁਣ ਕੰਮ ਜਿਨ੍ਹਾਂ ਦਾ ਯਾਰੋ ਆ ਜਾਣਾ ਲੋਟ।
ਤਨ ਤੇ ਲੱਗੀ ਚੋਟ ਹੋ ਜਾਵੇ ਛੇਤੀ ਠੀਕ,
ਪਰ ਬਹੁਤ ਖਰਾਬ ਕਰੇ ਦਿਲ ਤੇ ਲੱਗੀ ਚੋਟ।
ਤੁਰਨਾ ਪੈਂਦਾ ਹੈ ਲੋਈ ਦੀ ਬੁੱਕਲ ਮਾਰ,
ਠੰਢ ਕਦੇ ਨਾ ਹੱਟਦੀ ਯਾਰੋ ਪਾ ਕੇ ਕੋਟ।
ਉਸ ਨੂੰ ਮਿਲ ਕੇ ਘਾਟਾ ਹੀ ਪੈਣਾ ਜੀਵਨ 'ਚ,
ਜਿਸ ਬੰਦੇ ਦੇ ਦਿਲ ਵਿੱਚ ਹੋਵੇ ਯਾਰੋ ਖੋਟ।
ਉਹਨਾਂ ਨੂੰ ਇਨਸਾਨੀਅਤ ਦੇ ਦੁਸ਼ਮਣ ਸਮਝੋ,
ਜੋ ਹਰ ਚੀਜ਼ ਦੇ ਵਿੱਚ ਰਲਾਈ ਜਾਵਣ ਖੋਟ।
ਸ਼ਾਇਰ ਦੇ ਲਿਖਣ ਦਾ ਲੋਕਾਂ ਨੂੰ ਤਾਂ ਹੈ ਲਾਭ,
ਜੇ ਉਦ?ਹੇ ਸ਼ਿਅਰ ਜੋਕਾਂ ਤੇ ਕਰਨ ਕਰਾਰੀ ਚੋਟ।

**************

ਹੰਕਾਰੀ ਹਾਕਮ

ਜਿਸ ਦਿਨ ਕੱਠੇ ਹੋ ਗਏ ਢਾਰੇ,
ਦਿੱਸਣੇ ਨਾ ਫਿਰ ਮਹਿਲ ਮੁਨਾਰੇ।
ਮਹਿੰਗਾ ਹੋਈ ਜਾਵੇ ਸਭ ਕੁਝ,
ਤੂੰ ਕਿਉਂ ਚੁੱਪ ਬੈਠੀ ਸਰਕਾਰੇ?
ਹੰਕਾਰੀ ਹਾਕਮ ਕੀ ਜਾਣੇ,
ਕਿੱਦਾਂ ਲੋਕੀਂ ਕਰਨ ਗੁਜ਼ਾਰੇ?
ਇਹਨਾਂ ਨੇਤਾਵਾਂ ਪਿੱਛੇ ਲੱਗ,
ਨਾ ਝਗੜੋ ਆਪਸ ਵਿੱਚ ਸਾਰੇ।
ਹੋਰਾਂ ਨੂੰ ਭੰਡਣ ਇਹ ਨੇਤਾ,
ਕੁੱਝ ਨਾ ਬੋਲਣ ਆਪਣੇ ਬਾਰੇ।
ਅੱਜ ਕੱਲ੍ਹ ਨੇਤਾ ਵੋਟਾਂ ਲੈਂਦੇ,
ਲਾ ਜਨਤਾ ਨੂੰ ਵੱਡੇ ਲਾਰੇ।
ਮੁੜ ਉਸ ਨੇ ਹਾਕਮ ਨ੍ਹੀ ਬਣਨਾ,
ਜਿਸ ਨੇ ਸੂਲੀ ਚਾੜ੍ਹੇ ਸਾਰੇ।
ਉਹ ਸਭ ਕੁਝ ਕਰ ਸਕਦੀ 'ਮਾਨਾ',
ਜੇ ਨਾ ਜਨਤਾ ਹਿੰਮਤ ਹਾਰੇ।

**********

# ਮਾਵਾਂ ਤੇ ਧੀਆਂ ਦੀ ਦੋਸਤੀ ਨੀਂ ਮਾਏਂ

**ਜਸਪ੍ਰੀਤ ਕੌਰ ਸੰਘਾ**
ਪਿੰਡ-ਤਨੂੰਲੀ (ਹੁਸ਼ਿਆਰਪੁਰ)
99150-33176



ਪ੍ਰਮਾਤਮਾਂ ਦੀ ਸਿਰਜੀ ਹੋਈ ਇਸ ਸ੍ਰਿਸ਼ਟੀ 'ਤੇ ਹਰ ਚੀਜ਼ ਪਰਿਵਰਤਨਸ਼ੀਲ ਹੈ। ਪਰਿਵਰਤਨ ਕੁਦਰਤ ਦਾ ਨਿਯਮ ਹੈ ਪਰ ਜੇਕਰ ਇਸ ਸ੍ਰਿਸ਼ਟੀ 'ਤੇ ਕੁਝ ਸਥਿਰ ਹੈ ਤਾਂ ਉਹ ਹੈ ਮਾਂ ਦੀ ਮਮਤਾ, ਜੋ ਕੱਲ੍ਹ ਵੀ ਉਹੀ ਸੀ, ਅੱਜ ਵੀ ਉਹੀ ਹੈ ਅਤੇ ਯੁੱਗਾਂ-ਯੁਗਾਂਤਰਾਂ ਤੱਕ ਉਵੇਂ ਹੀ ਰਹੇਗੀ। ਮਾਂ ਤਾਂ ਹੁੰਦੀ ਹੀ ਮੋਹ, ਮਮਤਾ ਦੀ ਮੂਰਤ ਹੈ। ਇੱਕ ਨਵੇਂ ਜੀਵਨ ਨੂੰ ਧਰਤੀ 'ਤੇ ਲਿਆਉਣ ਦਾ ਬਲ ਪ੍ਰਮਾਤਮਾਂ ਨੇ ਮਾਂ ਨੂੰ ਹੀ ਬਖਸ਼ਿਆ ਹੈ। ਮਾਂ ਹੀ ਹੈ ਜੋ ਖੁਦ ਤੱਤੀਆਂ ਹਵਾਵਾਂ, ਝੱਖੜ ਜਰ ਕੇ ਵੀ ਆਪਣੇ ਬੱਚਿਆਂ ਲਈ ਹਮੇਸ਼ਾ ਠੰਢੀਆਂ ਛਾਵਾਂ ਚਾਹੁੰਦੀ ਹੈ। ਆਪਣੇ ਬੱਚੇ ਲਈ ਹਰ ਤਰ੍ਹਾਂ ਦੀ ਕੁਰਬਾਨੀ ਇੱਕ ਮਾਂ ਹੀ ਕਰ ਸਕਦੀ ਹੈ। ਬੱਚੇ ਦੀ ਇੱਕ ਮੁਸਕਰਾਹਟ ਮਾਂ ਦਾ ਸਾਰਾ ਥਕੇਵਾਂ ਦੂਰ ਕਰ ਦਿੰਦੀ ਹੈ । ਇਹ ਅਟੱਲ ਸੱਚਾਈ ਹੈ ਕਿ ਮਾਂ ਦਾ ਦੇਣ ਅਸੀਂ ਕਦੇ ਨਹੀਂ ਦੇ ਸਕਦੇ। ਮਾਂ ਦੀ ਮਹੱਤਤਾ ਦਾ ਵਰਨਣ ਸਾਡੇ ਲੋਕ ਗੀਤਾਂ ਵਿੱਚ ਵੀ ਵੇਖਣ ਨੂੰ ਮਿਲਦਾ ਹੈ -

ਮੈਂ ਸੌ-ਸੌ ਰੁੱਖ ਪਈ ਲਾਵਾਂ
ਰੁੱਖ ਤਾਂ ਹਰੇ ਭਰੇ
ਮਾਵਾਂ ਠੰਢੀਆਂ ਛਾਵਾਂ
ਛਾਵਾਂ ਕੌਣ ਕਰੇ ।

ਮਾਂ ਆਪਣੇ ਬੱਚਿਆਂ ਲਈ ਮੋਹ ਮਮਤਾ ਦਾ ਇੱਕ ਅਜਿਹਾ ਝਰਨਾ ਹੈ ਜਿਸ ਵਿੱਚੋਂ ਸਦਾ ਅੰਮ੍ਰਿਤ ਹੀ ਵਹਿੰਦਾ ਹੈ। ਇੱਕ ਮਾਂ ਆਪਣੇ ਬੱਚੇ ਦੀ ਇੱਕ ਮੁਸਕਾਨ ਲਈ ਆਪਣੀਆਂ ਸਾਰੀਆਂ ਸੱਧਰਾਂ ਕੁਰਬਾਨ ਕਰ ਸਕਦੀ ਹੈ। ਮਾਂ ਦੀ ਆਪਣੇ ਬੱਚਿਆਂ ਨਾਲ ਸਾਂਝ ਅਟੁੱਟ ਹੁੰਦੀ ਹੈ ਫਿਰ ਜੇ ਰਿਸ਼ਤਾ ਮਾਂ ਤੇ ਧੀ ਦਾ ਹੋਵੇ ਤਾਂ ਇਹ ਸਾਂਝ ਹੋਰ ਵੀ ਗੂੜ੍ਹੀ ਹੋ ਜਾਂਦੀ ਹੈ। ਸਾਰਾ ਜੱਗ ਭਾਵੇਂ ਧੀਆਂ-ਪੁੱਤਾਂ ਵਿੱਚ ਅੰਤਰ ਕਰੇ, ਪਰ ਮਾਂ ਦੇ ਦਿਲੋਂ ਤਾਂ ਦੋਵਾਂ ਲਈ ਅਸੀਸਾਂ ਹੀ ਨਿਕਲਦੀਆਂ ਹਨ। ਮਾਂ ਤੇ ਧੀ ਦੀ ਦੋਸਤੀ ਤਾਂ ਜਗਤ ਪ੍ਰਸਿੱਧ ਹੈ। ਮਾਂ ਧੀ ਲਈ ਉਸ ਦੀ ਸਹੇਲੀ ਵੀ ਹੁੰਦੀ ਹੈ ਅਤੇ ਉਸਦੀ ਮਾਰਗਦਰਸ਼ਕ ਵੀ। ਜਿੰਨਾਂ ਮਾਂ ਆਪਣੀ ਧੀ ਨੂੰ ਸਮਝਦੀ ਹੈ, ਓਨਾ ਹੋਰ ਕੋਈ ਨਹੀਂ ਸਮਝ ਸਕਦਾ। ਮਾਂ ਤਾਂ ਧੀ ਦੇ ਬਿਨਾਂ ਦੱਸਿਆਂ ਵੀ ਉਸ ਦੇ ਦਰਦ ਨੂੰ ਮਹਿਸੂਸ ਕਰ ਲੈਂਦੀ ਹੈ। ਮਾਂ ਹੀ ਧੀ ਨੂੰ ਪੁੱਤਾਂ ਬਰਾਬਰ ਲਾਡ ਲਡਾਉਂਦੀ ਹੈ ਅਤੇ ਇਸ ਸਮਾਜ ਵਿੱਚ ਉਸ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਯੋਗ ਬਣਾਉਂਦੀ ਹੈ। ਮਾਂ-ਧੀ ਦੇ ਇਸ ਅਟੁੱਟ ਪਿਆਰ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਇਉਂ ਕੀਤਾ ਗਿਆ ਹੈ -

ਮਾਵਾਂ ਤੇ ਧੀਆਂ ਦੀ ਦੋਸਤੀ ਨੀਂ ਮਾਏਂ
ਕੋਈ ਟੁੱਟਦੀ ਏ ਕਹਿਰਾਂ ਨਾਲ ਨੀਂ
ਕਣਕਾਂ ਨਿਸਰੀਆਂ ਧੀਆਂ ਕਿਉਂ ਵਿਸਰੀਆਂ ਨੀਂ ਮਾਏ
...

ਇਹ ਇੱਕ ਅਟੱਲ ਸੱਚਾਈ ਹੈ ਕਿ ਚਾਵਾਂ-ਲਾਡਾਂ ਨਾਲ ਪਾਲੀ ਧੀ ਨੇ ਇੱਕ ਦਿਨ ਆਪਣੀ ਮਾਂ ਕੋਲੋਂ ਵਿਛੜਨਾ ਹੁੰਦਾ ਹੈ। ਧੀ ਦੇ ਦਿਲ ਦੇ ਦਰਦ ਅਤੇ ਉਸ ਦੀ ਖੁਸ਼ੀ ਨੂੰ ਮਾਂ ਤੋਂ ਵੱਧ ਹੋਰ ਕੋਈ ਨਹੀਂ ਸਮਝ ਸਕਦਾ ਕਿਉਂਕਿ ਧੀ ਤਾਂ ਹੂੰਦੀ ਹੀ ਆਪਣੀ ਮਾਂ ਦੀ ਪਰਛਾਈ ਹੈ। ਆਪਣੇ ਜਿਗਰ ਦਾ ਟੋਟਾ ਤੋਰਨ ਸਮੇਂ ਮਾਂ ਦੇ ਦਰਦ ਨੂੰ ਕੋਈ ਨਹੀਂ ਸਮਝ ਸਕਦਾ। ਧੀ ਵੀ ਰੋ-ਰੋ ਆਪਣੀ ਮਾਂ ਅੱਗੇ ਵਾਸਤੇ ਪਾਉਂਦੀ ਹੈ -

ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਂ
ਰਵਾਂ ਬਾਪ ਦੀ ਬਣ ਕੇ ਗੋਲੀ ਨੀਂ ਮਾਂ।

ਜੱਗ ਦੀ ਰੀਤ ਨੂੰ ਨਿਭਾਉਂਦਿਆਂ ਮਾਂ ਆਪਣੇ ਦਿਲ 'ਤੇ ਪੱਥਰ ਰੱਖ ਕੇ ਆਪਣੀ ਧੀ ਨੂੰ ਬੇਗਾਨੇ ਹੱਥੀਂ ਸੌਂਪ ਦਿੰਦੀ ਹੈ। ਵਿਆਹ ਤੋਂ ਬਾਅਦ ਵੀ ਧੀ ਸਹੁਰੇ ਘਰ ਬੈਠੀ ਪਲ-ਪਲ ਆਪਣੀ

ਮਾਂ ਨੂੰ ਉਡੀਕਦੀ ਹੈ ਤਾਂ ਕਿ ਉਸ ਨਾਲ ਬੈਠ ਕੇ ਉਹ ਆਪਣਾ ਦੁੱਖ-ਸੁੱਖ ਫਰੋਲ ਸਕੇ, ਪਰ ਸਾਡੇ ਸਮਾਜ ਵਿੱਚ ਧੀ ਦੇ ਘਰ ਪੇਕਿਆਂ ਦਾ ਵਾਰ-ਵਾਰ ਜਾਣਾ ਸਹੀ ਨਹੀਂ ਸਮਝਿਆ ਜਾਂਦਾ। ਇਸ ਕਾਰਨ ਜਦ ਮਾਂ, ਧੀ ਦੇ ਘਰ ਕਾਫੀ ਦੇਰ ਤੱਕ ਨਹੀਂ ਜਾਂਦੀ ਤਾਂ ਧੀ ਆਪ ਮੁਹਾਰੇ ਬੋਲ ਉੱਠਦੀ ਹੈ -

ਬਣ ਬਣ ਪੀਲ੍ਹਾਂ ਪੱਕੀਆਂ ਨੀਂ ਮੇਰੀਏ ਰਾਣੀਏ ਮਾਏ
ਪੱਕ ਪੱਕ ਹੋਈਆਂ ਲਾਲ ਨੀਂ ਭਲੀਏ
ਧੀਆਂ ਨੂੰ ਸਹੁਰੇ ਤੋਰ ਕੇ
ਤੇਰਾ ਕੇਹਾ ਕੁ ਲੱਗਦਾ ਜੀਅ ਨੀਂ ਭਲੀਏ ।

ਜਦੋਂ ਵਿਆਹ ਤੋਂ ਬਾਅਦ ਧੀ ਆਪਣੇ ਪੇਕੇ ਘਰ ਆਉਂਦੀ ਹੈ ਤਾਂ ਮਾਂ ਨੂੰ ਸਭ ਤੋਂ ਵੱਧ ਚਾਅ ਚੜ੍ਹਦਾ ਹੈ।ਮਾਂ ਹਮੇਸ਼ਾ ਆਪਣੀ ਪ੍ਰਦੇਸਣ ਧੀ ਦੀ ਰਾਹ ਤੱਕਦੀ ਹੈ ।ਅਸਲ ਵਿੱਚ ਪੇਕੇ ਹੁੰਦੇ ਹੀ ਮਾਂਵਾਂ ਨਾਲ ਹਨ। ਇਸ ਗੱਲ ਦਾ ਜ਼ਿਕਰ ਸਾਡੇ ਲੋਕ ਗੀਤ ਬਾਖੂਬੀ ਕਰਦੇ ਹਨ -

ਚੰਨਾ ਵੇ ਤੇਰੀ ਚਾਨਣੀ, ਪੇਕੇ ਮਾਵਾਂ ਨਾਲ
ਮਾਵਾਂ ਠੰਢੀਆਂ ਛਾਵਾਂ, ਮਾਣ ਭਰਾਵਾਂ ਨਾਲ ।

ਭਾਵੇਂ ਜਵਾਨ ਧੀ ਨੂੰ ਹੱਥੀਂ ਤੋਰ ਕੇ ਮਾਂ ਆਪਣੇ ਤੋਂ ਦੂਰ ਕਰ ਦਿੰਦੀ ਹੈ, ਪਰ ਇਹ ਦੂਰੀ ਮਾਂ-ਧੀ ਦੇ ਰਿਸ਼ਤੇ ਵਿਚਲੀ ਸਾਂਝ ਅਤੇ ਪਿਆਰ ਨੂੰ ਕਦੇ ਖਤਮ ਨਹੀਂ ਕਰ ਸਕਦੀ। ਮਾਂ-ਧੀ ਦੇ ਰਿਸ਼ਤੇ ਵਿਚਲੀ ਸਾਂਝ ਅਟੁੱਟ ਹੁੰਦੀ ਹੈ ਅਤੇ ਆਖਰੀ ਸਾਹਾਂ ਤੱਕ ਨਿੱਭਦੀ ਹੈ -

ਮੋਤੀ ਪਾਵਾਂ ਸੁੱਕਣੇ ਲੋਕ ਕਹਿਣ ਜਵਾਰ ਵੇ
ਲੋਕ ਭੋਲੇ ਕੀ ਜਾਨਣ ਮਾਵਾਂ ਧੀਆਂ ਦੀ ਸਾਰ ਵੇ।

## ਗ਼ਜ਼ਲ

**ਪਰਮਿੰਦਰ ਸਿੰਘ 'ਅਜੀਜ਼'**
ਅਸਿਸਟੈਂਟ ਪ੍ਰੋਫ਼ੈਸਰ
ਅੰਗ੍ਰੇਜ਼ੀ ਵਿਭਾਗ
ਦੇਵ ਸਮਾਜ ਕਾਲਜ ਫਾਰ ਵੀਮੈਨ, ਚੰਡੀਗੜ੍ਹ।

ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਫ਼ਊਲੁਨ

ਜਦੋਂ ਮੈਂ ਅਪਨਾ ਚਿਹਰਾ ਸ਼ੀਸ਼ੇ ਦੇ ਵਿੱਚ ਵੇਖਦਾ ਹਾਂ।
ਮੈਂ ਅਪਨੇ ਆਪ ਨਾਲੋਂ ਤੈਨੂੰ ਜ਼ਿਆਦਾ ਸੋਚਦਾ ਹਾਂ।

ਕਿਸੇ ਨੂੰ ਕੀ ਮੈਂ ਦੱਸਾਂ, ਤੇਰੇ ਕੋਲੋਂ ਕਿੰਝ ਲੁਕੋਵਾਂ?
ਮੈਂ ਤੇਰੇ ਬਾਝੋਂ ਨਿੱਕੇ ਬੱਚੇ ਵਾਂਗੂੰ ਵਿਲਕਦਾ ਹਾਂ।

ਜਿਵੇਂ ਕੋਈ ਪਪੀਹਾ ਮੀਂਹ ਦੇ ਪਾਣੀ ਨੂੰ ਤਰਸੇ,
ਉਵੇਂ ਹੀ ਤੇਰੇ ਹੱਥ ਦੀ ਛੋਹ ਨੂੰ ਮੈਂ ਤਰਸਦਾ ਹਾਂ।

ਉਮਰ ਭਰ ਸਾਥ ਦੇ ਕੇ ਮੈਨੂੰ ਹੁਣ 'ਕੱਲ੍ਹਿਆਂ ਨਾ ਛੱਡੋ,
ਮੇਰੇ ਦੁੱਖੋਂ, ਮੇਰੇ ਯਾਰੋ ! ਮੈਂ ਤੁਹਾਡੇ ਹਾਣ ਦਾ ਹਾਂ।

ਜਦੋਂ ਵੀ ਰਾਤ ਦੀ ਗੋਦੀ 'ਚ ਸੌਂ ਜਾਂਦਾ ਏ ਸੂਰਜ,
ਮੈਂ ਅਪਨੇ ਬਿਸਤਰੇ 'ਤੇ ਮੇਰੇ ਚੰਨਾ, ਤੜਫਦਾ ਹਾਂ।

ਮੇਰੇ ਸੁਪਨੇ 'ਚ ਆ ਕੇ ਇੱਕ ਪਰੀ ਨੇ ਇੰਞ ਦੱਸਿਆ,
ਮੈਂ ਪਹਿਲਾਂ ਵਾਂਗ ਤੇਰੇ ਸਾਹਾਂ ਦੇ ਵਿੱਚ ਮਹਿਕਦਾ ਹਾਂ।

ਇਹ ਦੁਨੀਆ ਜਿੱਥੇ ਨਾ ਹੁਣ ਜਜ਼ਬੇ ਦੀ ਕੋਈ ਵੀ ਕੀਮਤ,
ਤੇ ਇਤਰਾਂ ਨਾਲ ਮੈਂ ਲਫ਼ਜ਼ਾਂ ਨੂੰ ਧੋ ਕੇ ਵੇਚਦਾ ਹਾਂ।

ਮੇਰੇ ਤੋਂ ਹੋਈ ਤੇਰੀ ਸ਼ਾਨ ਦੇ ਵਿੱਚ ਕੀ ਗੁਸਤਾਖ਼ੀ?
ਅਜੇ ਤਕ ਵੀ ਮੈਂ ਅਪਨੇ ਆਪ ਨੂੰ ਇਹ ਪੁੱਛਦਾ ਹਾਂ।

ਭਲਾ ਕਿਉਂ ਸਮਝ ਨਹੀਂ ਸਕਦਾ ਤੂੰ ਮੇਰੇ ਦਿਲ ਦੀ ਹਾਲਤ,
'ਅਜ਼ੀਜ਼' ਇਹ ਤੇਰੀ ਮਜਬੂਰੀ ਯਕੀਨਨ ਸਮਝਦਾ ਹਾਂ।

# ਦੋਆਬਾ ਸਾਹਿਤ ਸਭਾ ਵਲੋਂ ਅਨੀਤਾ 'ਨਵ' ਵਸ਼ਿਸ਼ਟ ਦਾ ਪਲੇਠਾ ਕਾਵਿ ਸੰਗ੍ਰਹਿ "ਕਦੇ ਜਾਪੇ" ਲੋਕ ਅਰਪਣ




ਗੜ੍ਹਸ਼ੰਕਰ – ਇਲਾਕੇ ਦੀ ਨਾਮਵਰ ਸੰਸਥਾ ਦੋਆਬਾ ਸਾਹਿਤ ਸਭਾ (ਰਜਿ.) ਗੜ੍ਹਸ਼ੰਕਰ ਵਲੋਂ ਹੋਟਲ ਪਿੰਕ ਰੋਜ਼ ਗੜ੍ਹਸ਼ੰਕਰ ਵਿਖੇ ਇਕ ਸ਼ਾਨਦਾਰ ਸਾਹਿਤਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸਦੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ, ਉੱਘੇ ਸਿੱਖਿਆ ਸ਼ਾਸਤਰੀ ਅਤੇ ਨਾਮਵਰ ਲੇਖਿਕਾ ਡਾ. ਸੋਮਾ ਸਬਲੋਕ, ਪ੍ਰੋ.ਬਲਦੇਵ ਸਿੰਘ ਬੱਲੀ ਜ਼ਿਲਾ ਪ੍ਰਧਾਨ ਪ੍ਰਗਤੀਸ਼ੀਲ ਲੇਖਕ ਸੰਘ ਹੁਸ਼ਿਆਰਪੁਰ, ਪ੍ਰਿੰ.ਨਵਤੇਜ ਗੜ੍ਹਦੀਵਾਲਾ, ਨਾਮਵਰ ਲੋਕ ਸ਼ਾਇਰ ਜਗਦੀਸ਼ ਰਾਣਾ, ਕੇ. ਸਾਧੂ ਸਿੰਘ ਮੁੱਲਾਂਪੁਰ ਦਾਖਾਂ ਅਤੇ ਦੁਆਬਾ ਸਾਹਿਤ ਸਭਾ ਗੜ੍ਹਸ਼ੰਕਰ ਦੇ ਪ੍ਰਧਾਨ ਡਾ. ਬਿੱਕਰ ਸਿੰਘ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਧਾਨ ਪ੍ਰਿੰ. ਬਿੱਕਰ ਸਿੰਘ ਦੇ ਸੁਆਗਤੀ ਭਾਸ਼ਣ ਨਾਲ ਹੋਈ। ਉੱਭਰਦੇ ਲੇਖਕਾਂ ਨੂੰ ਸਾਹਿਤ ਸਿਰਜਣਾ ਲਈ ਉਤਸਾਹਿਤ ਕਰਨ ਅਤੇ ਪਾਠਕਾਂ ਨਾਲ ਜੋੜਨ ਦੇ ਯਤਨ ਵਜੋਂ ਸਮਾਗਮ ਵਿੱਚ ਸਭਾ ਦੀ ਮੈਂਬਰ ਕਵਿੱਤਰੀ ਅਨੀਤਾ 'ਨਵ' ਵਸ਼ਿਸ਼ਟ , ਜੋ ਕਿ ਸਰਕਾਰੀ ਹਾਈ ਬਸਿਆਲਾ ਵਿੱਚ ਅੰਗਰੇਜ਼ੀ ਵਿਸ਼ੇ ਦੇ ਅਧਿਆਪਕਾ ਹਨ, ਦਾ ਪਲੇਠਾ ਕਾਵਿ ਸੰਗ੍ਰਹਿ "ਕਦੇ ਜਾਪੇ" ਨੂੰ ਲੋਕ ਅਰਪਣ ਕਰਨ ਉਪਰੰਤ ਡਾ.ਸੋਮਾ ਸਬਲੋਕ, ਪ੍ਰੋ. ਸੰਧੂਵਰਿਆਣਵੀ, ਪ੍ਰੋ. ਬਲਦੇਵ ਸਿੰਘ ਬੱਲੀ, ਨਵਤੇਜ ਗੜ੍ਹਦੀਵਾਲਾ ਅਤੇ ਲੋਕ ਸ਼ਾਇਰ ਜਗਦੀਸ਼ ਰਾਣਾ ਵਲੋਂ ਕਵਿੱਤਰੀ ਅਨੀਤਾ 'ਨਵ' ਵਿਸ਼ਿਸ਼ਟ ਦੀ ਸਾਹਿਤ ਸਿਰਜਣਾ ਅਤੇ ਸ਼ਖ਼ਸ਼ੀਅਤ ਬਾਰੇ ਚਾਨਣਾ ਪਾਉਂਦਿਆਂ ਉਹਨਾਂ ਨੂੰ ਵਧਾਈ ਅਤੇ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

ਇਸ ਉਪਰੰਤ ਹੋਏ ਕਵੀ ਦਰਬਾਰ ਲਈ ਸਟੇਜ ਸਕੱਤਰ ਦੀ ਭੂਮਿਕਾ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਬਲਵੀਰ ਖਾਨਪੁਰੀ ਵੱਲੋਂ ਨਿਭਾਈ ਗਈ ਜਿਸ ਵਿੱਚ ਗੁਰਦੀਪ ਸੈਣੀ, ਦੀਪ ਜਗਤਪੁਰੀ,ਸਿਤਾਰਾ ਸਿੰਘ ਗਿੱਲ,ਗੁਰਦੀਪ ਗਿੱਲ, ਤਾਰਾ ਸਿੰਘ ਚੇੜਾ, ਜੋਗਾ ਸਿੰਘ ਭੰਮੀਆਂ, ਮਨੋਜ ਫਗਵਾੜਵੀ, ਸੁੱਚਾ ਰਾਮ ਜਾਡਲਾ ਸਾਬਕਾ ਬੀਪੀਈਓ, ਸੁਖਵਿੰਦਰ ਲੰਗੇਰੀ, ਹਰੀਸ਼ ਭੰਡਾਰੀ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਜ਼ਿਲਾ ਹੁਸ਼ਿਆਰਪੁਰ ਦੇ ਪ੍ਰਧਾਨ ਲੈਕਚਰਾਰ ਜਸਵਿੰਦਰ ਸਿੰਘ ਜੱਸੀ, ਦਰਪਣ ਸਾਹਿਤ ਸਭਾ ਤੋਂ ਰਣਜੀਤ ਪੋਸ਼ੀ, ਸ਼ਾਮ ਸੁੰਦਰ , ਸੋਹਣ ਸਿੰਘ ਸੂਨੀ , ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਅਤੇ ਪੰਜਾਬ ਸਾਹਿਤ















ਸਭਾ ਨਵਾਂਸ਼ਹਿਰ ਦੇ ਜਨਰਲ ਸਕੱਤਰ ਦੇਸਰਾਜ ਬਾਲੀ, ਨਵਤੇਜ ਗੜ੍ਹਦੀਵਾਲਾ, ਜਗਦੀਸ਼ ਰਾਣਾ, ਪ੍ਰੋ.ਬਲਦੇਵ ਸਿੰਘ ਬੱਲੀ, ਕੇ. ਸਾਧੂ ਸਿੰਘ, ਪਵਨ ਭੰਮੀਆਂ, ਅਮਰੀਕ ਹਮਰਾਜ, ਬਲਵੀਰ ਖਾਨਪੁਰੀ, ਸਰਵਣ ਸਿੱਧੂ, ਅਨੀਤਾ 'ਨਵ' ਵਸ਼ਿਸ਼ਟ ਅਤੇ ਕਾਮਰੇਡ ਦਰਸ਼ਨ ਸਿੰਘ ਮੱਟੂ ਆਦਿ ਨੇ ਆਪਣੀਆ ਰਚਨਾਵਾਂ ਤੇ ਵਿਚਾਰਾਂ ਰਾਹੀਂ ਹਾਜ਼ਰੀ ਲਗਵਾਈ। ਸਮਾਗਮ ਦੌਰਾਨ ਪ੍ਰਿੰਸੀਪਲ ਦਲਵਾਰਾ ਰਾਮ, ਅਧਿਆਪਕ ਆਗੂ ਮੁਕੇਸ਼ ਕੁਮਾਰ, ਹੰਸ ਰਾਜ ਗੜ੍ਹਸ਼ੰਕਰ, ਕਾਮਰੇਡ ਕੁਲਵਿੰਦਰ ਸੰਘਾ ਆਦਿ ਹਾਜ਼ਰ ਰਹੇ। ਕਵਿੱਤਰੀ ਅਨੀਤਾ 'ਨਵ' ਵਸ਼ਿਸ਼ਟ ਨੂੰ ਹੱਲਾਸ਼ੇਰੀ ਦੇਣ ਲਈ ਪਤੀ ਵਿਨੋਦ ਕੁਮਾਰ, ਮਾਤਾ ਤ੍ਰਿਪਤਾ ਰਾਣੀ ਸਮੇਤ ਪਰਿਵਾਰ ਦੇ ਮੈਂਬਰ ਅਤੇ ਸ਼ੁਭਚਿੰਤਕ ਕੁਲਭੂਸ਼ਣ ਸੋਰੀ ਉੱਘੇ ਸਮਾਜ ਸੇਵਕ, ਮਨੀਸ਼ ਕੁਮਾਰ ਜਲੰਧਰ, ਰਵਿੰਦਰ ਕੁਮਾਰ ਜ਼ੀਰਕਪੁਰ, ਸੋਨੂੰ ਕੁਮਾਰ ਜ਼ੀਰਕਪੁਰ, ਅਵੀਨਵ ਵਸ਼ਿਸ਼ਟ, ਪੁਸ਼ਕਰ ਸ਼ਰਮਾ, ਸੰਜੀਵ ਰਾਣੀ, ਪੂਨਮ, ਪਿੰਕੀ, ਰੀਮਾ, ਮੈਡਮ ਰੁਪਿੰਦਰ ਕੌਰ ਅਤੇ ਲੈਕਚਰਾਰ ਮਨੋਜ ਬੰਗਾ ਆਦਿ ਵੀ ਮੌਜੂਦ ਰਹੇ।

ਅਨੀਤਾ ਨਵ ਵਸ਼ਿਸ਼ਟ ਦੇ ਪਰਿਵਾਰ ਵਲੋਂ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸਖਸ਼ੀਅਤਾਂ ਦਾ ਤੋਹਫ਼ੇ ਦੇ ਕੇ ਸਨਮਾਨ ਕੀਤਾ ਗਿਆ।

ਸਮਾਗਮ ਦੇ ਅੰਤ ਵਿੱਚ ਦੁਆਬਾ ਸਾਹਿਤ ਸਭਾ ਗੜ੍ਹਸ਼ੰਕਰ ਦੇ ਮੀਤ ਪ੍ਰਧਾਨ ਅਮਰੀਕ ਹਮਰਾਜ ਵਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਪੰਚਾਇਤੀ ਰਾਜ ਪ੍ਰਣਾਲੀ : ਦਸ਼ਾ, ਦਿਸ਼ਾ ਅਤੇ ਸੁਧਾਰ ਦੀ ਲੋੜ

**ਰਾਜਵਿੰਦਰ ਸਿੰਘ ਢਿਲੋਂ (ਝਬਾਲ)**
ਮੋਬਾ: 81465 86128

ਪੰਚਾਇਤੀ ਰਾਜ ਪ੍ਰਣਾਲੀ ਭਾਰਤੀ ਲੋਕਤੰਤਰ ਦੀ ਉਹ ਮੁੱਢਲੀ ਅਤੇ ਅਹਿਮ ਇਕਾਈ ਹੈ, ਜਿਸ ਦੀ ਕਲਪਨਾ ਦੇਸ਼ ਦੇ ਵਿਕਾਸ ਨੂੰ ਸ਼ਹਿਰਾਂ ਦੀਆਂ ਚਕਾਚੌਂਧ ਵਾਲੀਆਂ ਸੜਕਾਂ ਤੋਂ ਕੱਢ ਕੇ ਪਿੰਡਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਲਈ ਕੀਤੀ ਗਈ ਸੀ। ਸਾਲ 1993 ਵਿੱਚ ਲਾਗੂ ਹੋਇਆ 73ਵੀਂ ਸੰਵਿਧਾਨਕ ਸੋਧ ਅਧੀਨ ਪੰਚਾਇਤੀ ਰਾਜ ਐਕਟ ਕੋਈ ਅਚਾਨਕ ਲਿਆ ਗਿਆ ਪ੍ਰਸ਼ਾਸਨਿਕ ਫੈਸਲਾ ਨਹੀਂ ਸੀ, ਸਗੋਂ ਇਹ 1957 ਦੀ ਬਲਵੰਤ ਰਾਇ ਮਹਿਤਾ ਕਮੇਟੀ ਤੋਂ ਲੈ ਕੇ ਅਸ਼ੋਕ ਮਹਿਤਾ ਅਤੇ ਐਲ.ਐਮ. ਸਿੰਘਵੀ ਕਮੇਟੀ ਤੱਕ ਦੀਆਂ ਦਹਾਕਿਆਂ ਬੱਧੀ ਚੱਲੀਆਂ ਕੋਸ਼ਿਸ਼ਾਂ ਅਤੇ ਸਿਫ਼ਾਰਸ਼ਾਂ ਦੀ ਇੱਕ ਅਨਮੋਲ ਦੇਣ ਸੀ। ਇਸ ਐਕਟ ਦਾ ਅਸਲ ਮਕਸਦ ਸੱਤਾ ਦਾ ਵਿਕੇਂਦਰੀਕਰਨ ਕਰਨਾ ਸੀ ਤਾਂ ਜੋ ਪਿੰਡਾਂ ਦਾ ਵਿਕਾਸ ਕੇਂਦਰ ਜਾਂ ਰਾਜਧਾਨੀਆਂ ਵਿੱਚ ਬੈਠੇ ਅਧਿਕਾਰੀਆਂ ਦੀ ਮਰਜ਼ੀ ਅਨੁਸਾਰ ਨਾ ਉਲੀਕਿਆ ਜਾਵੇ, ਸਗੋਂ ਪਿੰਡ ਦੇ ਲੋਕ ਖੁਦ ਆਪਣੀਆਂ ਜ਼ਰੂਰਤਾਂ ਨੂੰ ਸਮਝਦੇ ਹੋਏ ਆਪਣਾ ਸਰਪੰਚ ਚੁਣਨ ਅਤੇ ਵਿਧਾਨ ਸਭਾ ਤੇ ਕੇਂਦਰ ਸਰਕਾਰ ਨਾਲ ਸਿੱਧਾ ਤਾਲਮੇਲ ਬਣਾ ਕੇ ਆਪਣੇ ਇਲਾਕੇ ਦੀ ਨੁਹਾਰ ਬਦਲਣ। ਪਰ ਅਫ਼ਸੋਸ ਦੀ ਗੱਲ ਹੈ ਕਿ ਅੱਜ ਸਾਡਾ ਇਹ ਪੰਚਾਇਤੀ ਰਾਜ ਸਿਸਟਮ ਬੁਰੀ ਤਰ੍ਹਾਂ ਹਾਸ਼ੀਏ 'ਤੇ ਆ ਚੁੱਕਾ ਹੈ ਅਤੇ ਇਸ ਦੀ ਪਵਿੱਤਰਤਾ ਨੂੰ ਸਿਆਸੀ ਲਾਲਸਾ ਅਤੇ ਸਮਾਜਿਕ ਬੁਰਾਈਆਂ ਨੇ ਗ੍ਰਹਿਣ ਲਾ ਦਿੱਤਾ ਹੈ।

ਇਸ ਨਿਘਾਰ ਦਾ ਸਭ ਤੋਂ ਵੱਡਾ ਅਤੇ ਬੁਨਿਆਦੀ ਕਾਰਨ ਇਹ ਹੈ ਕਿ ਸਰਪੰਚ ਵਰਗਾ ਅਹਿਮ ਸੰਵਿਧਾਨਕ ਅਹੁਦਾ ਅੱਜ ਇੱਕ ਪੜ੍ਹੇ-ਲਿਖੇ, ਸੂਝਵਾਨ ਅਤੇ ਦੂਰਅੰਦੇਸ਼ੀ ਇਨਸਾਨ ਦੀ ਮੰਗ ਕਰਦਾ ਹੈ। ਅਜੋਕੇ ਡਿਜੀਟਲ ਯੁੱਗ ਵਿੱਚ ਜਿੱਥੇ ਪਿੰਡਾਂ ਦੀਆਂ ਗ੍ਰਾਂਟਾਂ ਸਿੱਧੀਆਂ ਬੈਂਕ ਖਾਤਿਆਂ ਵਿੱਚ ਆਉਂਦੀਆਂ ਹਨ ਅਤੇ ਵਿਕਾਸ ਕਾਰਜਾਂ ਦਾ ਸਾਰਾ ਲੇਖਾ-ਜੋਖਾ ਆਨਲਾਈਨ ਪੋਰਟਲਸ 'ਤੇ ਹੁੰਦਾ ਹੈ, ਉੱਥੇ ਪਿੰਡ ਦਾ ਸਰਵਪੱਖੀ ਵਿਕਾਸ ਉਦੋਂ ਤੱਕ ਸੰਭਵ ਹੀ ਨਹੀਂ ਜਦੋਂ ਤੱਕ ਚੁਣੇ ਹੋਏ ਨੁਮਾਇੰਦੇ ਨੂੰ ਸਰਕਾਰੀ ਕਾਗਜ਼ੀ ਪੱਤਰੀ, ਐਸਟੀਮੇਟਾਂ ਦੀ ਬਾਰੀਕੀ ਅਤੇ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਦੀ ਡੂੰਘੀ ਜਾਣਕਾਰੀ ਨਾ ਹੋਵੇ। ਜਦੋਂ ਕਿਸੇ ਅਨਪੜ੍ਹ ਜਾਂ ਬਿਨਾਂ ਪ੍ਰਸ਼ਾਸਨਿਕ ਸਮਝ ਵਾਲੇ ਵਿਅਕਤੀ ਨੂੰ ਸਿਰਫ਼ ਵੋਟਾਂ ਦੇ ਗਣਿਤ ਕਾਰਨ ਸਰਪੰਚੀ ਦੀ ਕੁਰਸੀ 'ਤੇ ਬਿਠਾ ਦਿੱਤਾ ਜਾਂਦਾ ਹੈ, ਤਾਂ ਉਹ ਪਿੰਡ ਦੀ ਤਰੱਕੀ ਦੀਆਂ ਨੀਤੀਆਂ ਬਣਾਉਣ ਦੀ ਬਜਾਏ ਪੰਚਾਇਤ ਸੈਕਟਰੀ ਜਾਂ ਹੋਰ ਹੇਠਲੇ ਅਧਿਕਾਰੀਆਂ ਦੇ ਰਹਿਮੋ-ਕਰਮ 'ਤੇ ਰਹਿੰਦਾ ਹੈ। ਅਜਿਹੀ ਸਥਿਤੀ ਵਿੱਚ ਪਿੰਡ ਦੇ ਹੱਕਾਂ ਦੀ ਰਾਖੀ ਕਰਨ ਦੀ ਬਜਾਏ, ਸਰਪੰਚ ਮਹਿਜ਼ ਇੱਕ 'ਮੋਹਰ' ਬਣ ਕੇ ਰਹਿ ਜਾਂਦਾ ਹੈ।

ਦੂਜਾ ਗੰਭੀਰ ਮੁੱਦਾ ਸਿਆਸੀ ਪਾਰਟੀਆਂ ਅਤੇ ਸਥਾਨਕ ਵਿਧਾਇਕਾਂ ਦੀ ਬੇਲੋੜੀ ਅਤੇ ਘਾਤਕ ਦਖਲਅੰਦਾਜ਼ੀ ਹੈ। ਪੰਚਾਇਤੀ ਚੋਣਾਂ ਨੂੰ ਪਾਰਟੀ ਪੱਧਰ ਤੋਂ ਉੱਪਰ ਰੱਖਣ ਦੀਆਂ ਗੱਲਾਂ ਤਾਂ ਬਹੁਤ ਹੁੰਦੀਆਂ ਹਨ, ਪਰ ਅਸਲੀਅਤ ਵਿੱਚ ਸੂਬਾ ਸਰਕਾਰਾਂ ਦੇ ਨੁਮਾਇੰਦੇ ਆਪਣੀ ਸਿਆਸੀ ਪੈਂਠ ਜਮਾਉਣ ਲਈ ਧੱਕੇਸ਼ਾਹੀ ਨਾਲ ਬਿਨਾਂ ਚੋਣਾਂ ਦੇ 'ਸਰਬਸੰਮਤੀ' ਦਾ ਡਰਾਮਾ ਰਚ ਕੇ ਜਾਂ ਵਿਰੋਧੀ ਉਮੀਦਵਾਰਾਂ ਦੇ ਕਾਗਜ਼ ਰੱਦ ਕਰਵਾ ਕੇ ਆਪਣੇ ਚਹੇਤਿਆਂ ਨੂੰ ਸਰਪੰਚ ਬਣਾਉਂਦੇ ਹਨ। ਜਦੋਂ ਵੋਟਿੰਗ ਦੀ ਲੋਕਤੰਤਰਿਕ ਪ੍ਰਕਿਰਿਆ ਨੂੰ ਦਬਾਇਆ ਜਾਂਦਾ ਹੈ, ਤਾਂ ਲੋਕਾਂ ਦਾ ਆਪਣੇ ਨੁਮਾਇੰਦੇ ਤੋਂ ਭਰੋਸਾ ਉੱਠ ਜਾਂਦਾ ਹੈ। ਸਿਆਸੀ ਆਕਾਵਾਂ ਰਾਹੀਂ ਥੋਪੇ ਗਏ ਇਹ ਸਰਪੰਚ ਅਕਸਰ ਉਹ ਲੋਕ ਹੁੰਦੇ ਹਨ ਜੋ ਕਿਸੇ ਵਾਰਡ ਦੇ ਮੈਂਬਰ ਬਣਨ ਦੇ ਲਾਇਕ ਵੀ ਨਹੀਂ ਹੁੰਦੇ, ਪਰ ਸੱਤਾ ਦੀ ਹੱਥਠੋਕੀ ਬਣ ਕੇ ਉਹ ਪਿੰਡ ਦੇ ਸਾਂਝੇ ਫੰਡਾਂ ਦੀ ਦੁਰਵਰਤੋਂ ਕਰਦੇ ਹਨ।

ਇਸ ਤੋਂ ਵੀ ਵੱਧ ਚਿੰਤਾਜਨਕ ਪਹਿਲੂ ਚੋਣਾਂ ਦੌਰਾਨ

ਨੈਤਿਕਤਾ ਦਾ ਪੂਰੀ ਤਰ੍ਹਾਂ ਖ਼ਤਮ ਹੋ ਜਾਣਾ ਹੈ। ਸਾਡੇ ਪਿੰਡਾਂ ਵਿੱਚ ਵੱਸਦੇ ਗਰੀਬ ਭਾਈਚਾਰੇ ਦੀ ਆਰਥਿਕ ਲਾਚਾਰੀ ਦਾ ਨਜਾਇਜ਼ ਫਾਇਦਾ ਉਠਾਉਣਾ ਇੱਕ ਰਿਵਾਜ ਬਣ ਗਿਆ ਹੈ। ਵੋਟਾਂ ਤੋਂ ਕੁਝ ਦਿਨ ਪਹਿਲਾਂ ਸ਼ਰਾਬ ਦੀਆਂ ਬੋਤਲਾਂ ਵੰਡਣੀਆਂ, ਨਸ਼ਿਆਂ ਦਾ ਦਰਿਆ ਵਗਾਉਣਾ ਜਾਂ ਮਹਿਜ਼ ਹਫ਼ਤੇ-ਦਸ ਦਿਨ ਦਾ ਰਾਸ਼ਨ ਦੇ ਕੇ ਕਿਸੇ ਦਾ ਭਵਿੱਖ ਖਰੀਦਣਾ ਲੋਕਤੰਤਰ ਦੇ ਮੂੰਹ ’ਤੇ ਚਪੇੜ ਹੈ। ਜਦੋਂ ਇੱਕ ਵੋਟਰ ਆਪਣੀ ਵੋਟ ਮਹਿਜ਼ ਇੱਕ ਰਾਤ ਦੇ ਲਾਲਚ ਵਿੱਚ ਵੇਚ ਦਿੰਦਾ ਹੈ, ਤਾਂ ਉਹ ਅਗਲੇ ਪੰਜ ਸਾਲ ਸਰਪੰਚ ਤੋਂ ਸਵਾਲ ਪੁੱਛਣ ਦਾ ਹੱਕ ਵੀ ਗੁਆ ਲੈਂਦਾ ਹੈ। ਪੰਜਾਬ ਦੇ 12,581 ਪਿੰਡਾਂ ਵਿੱਚੋਂ ਅੱਜ ਉਂਗਲਾਂ ’ਤੇ ਗਿਣਨ ਜੋਗੇ ਪਿੰਡ ਹੀ ਅਜਿਹੇ ਬਚੇ ਹਨ ਜਿੱਥੇ ਪੜ੍ਹੇ-ਲਿਖੇ ਅਤੇ ਨਿਰਪੱਖ ਨੁਮਾਇੰਦੇ ਪਿੰਡ ਦੀ ਨੁਹਾਰ ਬਦਲ ਰਹੇ ਹਨ।

ਅਖੀਰ ਵਿੱਚ, ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਕੀ ਇਹ ਸਥਿਤੀ ਸਾਡੀ ਪਵਿੱਤਰ ਗ੍ਰਾਮ ਪੰਚਾਇਤ ਦੀ ਤੌਹੀਨ ਨਹੀਂ? ਕੀ ਇਹ ਸਾਡੇ ਉਨ੍ਹਾਂ ਬਜ਼ੁਰਗਾਂ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਨਿਰਾਦਰ ਨਹੀਂ ਜਿਨ੍ਹਾਂ ਨੇ ਪੰਚਾਇਤ ਨੂੰ ‘ਪਰਮੇਸ਼ਵਰ’ ਦਾ ਰੂਪ ਮੰਨਿਆ ਸੀ? ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਨਸ਼ਾ-ਮੁਕਤ, ਪੜ੍ਹਿਆ-ਲਿਖਿਆ ਅਤੇ ਵਿਕਸਿਤ ਮਾਹੌਲ ਮਿਲੇ, ਤਾਂ ਸਾਨੂੰ ਲਾਲਚ ਅਤੇ ਸਿਆਸੀ ਦਬਾਅ ਦੀਆਂ ਜੰਜੀਰਾਂ ਤੋੜ ਕੇ ਪੰਚਾਇਤੀ ਰਾਜ ਵਿੱਚ ‘ਸਿਆਣਪ’ ਅਤੇ ‘ਸੂਝਵਾਨਤਾ’ ਨੂੰ ਮੁੜ ਸਥਾਪਿਤ ਕਰਨਾ ਪਵੇਗਾ। ਕੇਵਲ ਜਾਗਰੂਕ ਵੋਟਰ ਹੀ ਇੱਕ ਜਾਗਰੂਕ ਪਿੰਡ ਅਤੇ ਇੱਕ ਮਜ਼ਬੂਤ ਦੇਸ਼ ਦੀ ਨੀਂਹ ਰੱਖ ਸਕਦਾ ਹੈ।

## ਐਲਾਨ ਕਰਦਾ ਹਾਂ

**ਗੁਰਦਿਆਲ ਰੌਸ਼ਨ**

### ਗ਼ਜ਼ਲ

ਇਬਾਦਤਖਾਨਿਆਂ ਵਿਚ ਜੋ ਵੀ ਮਿਲਿਐ, ਦਾਨ ਕਰਦਾ ਹਾਂ।
ਮੈਂ ਕਾਫ਼ਿਰ ਹੋਣ ਦਾ, ਮਸਜਿਦ ਦੇ ਦੇ ਵਿਚ ਐਲਾਨ ਕਰਦਾ ਹਾਂ।
ਕਿਸੇ ਮੰਦਰ ’ਚ ਹੁੰਦੇ ਪਾਪ ਦਾ ਜਦ ਜ਼ਿਕਰ ਕੀਤਾ ਹੈ,
ਤਾਂ ਮਚਦੈ ਸ਼ੋਰ, ਮੈਂ ਭਗਵਾਨ ਦਾ ਅਪਮਾਨ ਕਰਦਾ ਹਾਂ।
ਚੜ੍ਹਾ ਦਿੱਤੇ ਗਏ ਨੇ ਵਰਕ ਹਰ ਇਕ ਚੀਜ਼ ਦੇ ਉੱਤੇ,
ਮੈਂ ਅਸਲੀ ਦੀ ਤੇ ਨਕਲੀ ਦੀ ਮਸਾਂ ਪਹਿਚਾਨ ਕਰਦਾ ਹਾਂ।
ਤਣੇਂ, ਹਰ ਸ਼ਾਖ਼ ਤੇ ਪੱਤੇ ਮੇਰੇ ਆਦਰ ਦੇ ਪਾਤਰ ਨੇ,
ਮੈਂ ਫੁੱਲਾਂ ਨਾਲ ਹਰ ਕੰਡੇ ਦਾ ਵੀ ਸਨਮਾਨ ਕਰਦਾ ਹਾਂ।
ਮੈਂ ਹਲ਼ ਵਾਹੁੰਨਾਂ ਖ਼ਿਆਲਾਂ ਦਾ ਤੇ ਕਰਦਾਂ ਸ਼ਬਦ ਦੀ ਖੇਤੀ,
ਮੈਂ ਸੌਂਦਾਂ ਕੰਡਿਆਂ ’ਤੇ ਧੁੱਪ ਵਿਚ ਇਸ਼ਨਾਨ ਕਰਦਾ ਹਾਂ।
ਮੈਂ ਉਹ ਦੀਪਕ ਹਾਂ ਜੋ ਜਗਦੈ, ਉਠਾ ਕੇ ਸਿਰ ਹਨ੍ਹੇਰੀ ਵਿਚ,
ਚੁਣੌਤੀ ਰੋਜ਼, ਇਕ ਤੂਫ਼ਾਨ ਦੀ ਪਰਵਾਨ ਕਰਦਾ ਹਾਂ।
ਮਨਾਇਆ ਜਸ਼ਨ ਜਾਂਦਾ ਹੈ ਹਮੇਸ਼ਾਂ ਮਾਰ ਕੇ ਮੈਨੂੰ,
ਮੈਂ ਜਿਉ ਕੇ ਫੇਰ ਕਾਤਿਲ ਆਪਣੇ ਹੈਰਾਨ ਕਰਦਾ ਹਾਂ।
ਜੇ ਜਾਂਦਾ ਹੈ ਤਾਂ ਸਿਰ ਜਾਵੇ ਨਿਆਂ ਲਈ ਜੰਗ ਜਾਰੀ ਹੈ,
ਮੈਂ ਇਕ ਕੀ, ਇਸ ਲਈ ਲੱਖਾਂ ਜਨਮ ਕੁਰਬਾਨ ਕਰਦਾ ਹਾਂ।

# ਹਰਜਿੰਦਰ ਸਿੰਘ ਜਿੰਦੀ ਦੀਆਂ ਤਿੰਨ ਕਵਿਤਾਵਾਂ


ਹਰਜਿੰਦਰ ਸਿੰਘ ਜਿੰਦੀ

## ਵਾਤਾਵਰਨ ਬਚਾਓ

ਸ਼ੁੱਧ ਹਵਾ ਜੇ ਲੈਣੀ ਚਾਹੁੰਦੇ ਇੱਕ ਇੱਕ ਰੁੱਖ ਲਗਾਓ
ਵਾਤਾਵਰਨ ਬਚਾਓ ਆਪਣਾ ਵਾਤਾਵਰਨ ਬਚਾਓ
ਵਾਤਾਵਰਨ ਖਰਾਬ ਹੋ ਗਿਆ ਪਾਣੀ ਵੀ ਮੁੱਕ ਚੱਲਿਆ
ਇੱਕ ਇੱਕ ਰੁਖ ਲਗਾਈਏ ਸਾਰੇ ਸੁਖ ਮਾਣਾਗੇ ਬੱਲਿਆ
ਪਾਣੀ ਬਚਾਓ ਰੁੱਖ ਲਗਾਵਹੁ ਹਵਾ ਨੂੰ ਸਾਫ ਬਣਾਓ
ਵਾਤਾਵਰਨ ਬਚਾਓ ਆਪਣਾ ਵਾਤਾਵਰਨ ਬਚਾਓ
ਦਰਖਤਾਂ ਨੂੰ ਨਾ ਵਡੋ ਯਾਰੋ ਇਹ ਤੁਹਾਨੂੰ ਕੀ ਕਹਿੰਦੇ
ਆਲਣੇ ਪਾ ਕੇ ਰੁਖਾਂ ਉਪਰ ਪੰਛੀ ਵੀ ਖੁਸ਼ ਰਹਿੰਦੇ
ਵਧ ਗਿਆ ਗਰਮੀ ਦਾ ਪਾਰਾ ਵੱਧ ਤੋਂ ਵੱਧ ਰੁਖ ਲਾਉ
ਵਾਤਾਵਰਨ ਬਚਾਓ ਆਪਣਾ ਵਾਤਾਵਰਨ ਬਚਾਓ
ਰੁੱਖਾਂ ਦਾ ਬੜਾ ਫਾਇਦਾ ਹੁੰਦਾ ਹੋ ਜਾਂਦੀ ਛਾਂ ਵਧੇਰੇ
ਹਰਿਆਲੀ ਹੀ ਹਰਿਆਲੀ ਕਰ ਦੋ ਚਾਰ ਚੁਫੇਰੇ
ਪੰਛੀ ਵੀ ਸਭ ਖੁਸ਼ ਹੋ ਜਾਵਣਗੇ ਵਧ ਕੇ ਹਿੱਸਾ ਪਾਓ
ਵਾਤਾਵਰਨ ਬਚਾਉ ਆਪਣਾ ਵਾਤਾਵਰਨ ਬਚਾਉ
ਹਵਾ ਦੇ ਵਿੱਚ ਵੀ ਪ੍ਰਦੂਸ਼ਣ ਹੈ ਪਾਣੀ ਹੋਇਆ ਜਰੀਲਾ
ਮੁੱਕ ਗਿਆ ਜਦ ਪਾਣੀ ਸਾਰਾ ਚੱਲਣਾ ਨਹੀਂ ਕੋਈ ਹੀਲਾ
ਰੁੱਖ ਲਗਾਈਏ ਮਿਲਕੇ ਵਾਤਾਵਰਨ ਨੂੰ ਸ਼ੁੱਧ ਬਣਾਊ
ਵਾਤਾਵਰਨ ਬਚਾਉ ਆਪਣਾ ਵਾਤਾਵਰਨ ਬਚਾਉ
ਪਿੱਪਲ ਬੋੜ੍ਹ ਲਗਾਉ ਇਹਨਾਂ ਦੀ ਠੰਡੀ ਛਾਵੇਂ ਬਹੀਏ
ਏ ਸੀ ਤੋਂ ਵੱਧ ਫਾਇਦਾ ਦਿੰਦੇ ਗਰਮੀ ਵਿੱਚ ਨਾ ਰਹੀਏ
ਜਿੰਦੀ ਮਠੋਲੇ ਵਾਲਿਆ ਆਪਣਾ ਜੀਵਨ ਸਫਲ ਬਣਾਈਏ
ਵਾਤਾਵਰਨ ਬਚਾਈਏ ਆਪਣਾ ਵਾਤਾਵਰਨ ਬਚਾਉ

***

## ਜ਼ਿੰਦਗੀ ਜਿਉਣੀ

ਦੱਸਾਂ ਇੱਕ ਗੱਲ ਤੁਹਾਨੂੰ ਲੱਗਣੀ ਅਨੋਖੀ ਏ
ਬੁੱਢੇਵਾਰੇ ਜ਼ਿੰਦਗੀ ਜਿਉਂਣੀ ਡਾਡੀ ਔਖੀ ਏ
ਪਹਿਲਾਂ ਵਾਲਾ ਸਮਾਂ ਬੁੱਢਾ ਫਿਰਦਾ ਏ ਟੋਲਦਾ
ਲੱਭਦਾ ਨਹੀਂ ਸਮਾਂ ਪਹਿਲਾਂ ਵਿਸ ਫਿਰੇ ਘੋਲ ਦਾ
ਆਖਦੇ ਸਿਆਣੇ ਪਰ ਸਮਝਣ ਦੋਖੀ ਏ
ਬੁੱਢੇ ਵਾਰੇ ਜਿੰਦਗੀ ਜਿਉਣੀ ਬੜੀ ਔਖੀ ਏ
ਲੰਘ ਗਿਆ ਸਾਰਾ ਦਿਨ ਢਲ ਗਈ ਦੁਪਹਿਰ ਏ
ਨੌਕਰੀ ਤੋਂ ਬੁੱਢਾ ਹੁਣ ਹੋ ਗਿਆ ਰਿਟਾਇਰ ਏ
ਟਿਕਦਾ ਨਹੀਂ ਮਨ ਭਾਵੇਂ ਪੜ੍ਹਦਾ ਉਹ ਪੋਥੀ ਏ
ਬੁੱਢੇ ਵਾਰੇ ਜਿੰਦਗੀ ਜੀਉਂਣੀ ਬੜੀ ਔਖੀ ਏ
ਮੰਗਿਆ ਵੀ ਹੁਣ ਭਾਈ ਮਿਲਦਾ ਨਾ ਪਾਣੀ ਏ
ਕੰਮਾਂ ਵਿੱਚ ਵਿੱਚ ਰੁਝੇ ਸਾਰੇ ਲੱਭਦਾ ਨਾ ਹਾਣੀ ਏ
ਹਰ ਗੱਲ ਕਰ ਦਿੰਦੇ ਅੱਖਾਂ ਤੋਂ ਪਰੋਖੀ ਏ
ਬੁੱਢੇ ਵਾਰੇ ਜਿੰਦਗੀ ਜਿਉਂਣੀ ਬੜੀ ਔਖੀ ਏ
ਕੰਮੀ ਧੰਦੀ ਚਲੇ ਗਏ ਰਹਿ ਗਿਆ ਹਾਂ ਕੱਲਾ ਮੈਂ
ਪੋਤੇ ਪੋਤੀਆਂ ਲਾਗੇ ਹੈ ਨੀ ਕਿਸ ਨਾਲ ਕਰਾਂ ਗੱਲਾਂ ਮੈਂ
ਜਬਲੀਆਂ ਨੀ ਮਾਰਦਾ ਇਹ ਗੱਲ ਮੇਰੀ ਘੋਖੀ ਏ
ਬੁੱਢੇ ਵਾਰੇ ਜਿੰਦਗੀ ਜਿਉਂਣੀ ਬੜੀ ਔਖੀ ਏ
ਸਮਾਂ ਜਦੋਂ ਆਉਂਦਾ ਜਿੰਦੀ ਸਮਝ ਨਾ ਪਾਉਂਦਾ ਏ
ਆਉਂਦੀ ਏ ਸਮਝ ਜਦੋਂ ਸਮਾਂ ਲੰਘ ਜਾਂਦਾ ਏ
ਅ ਜਿੰਦਗੀ ਜਿਉਣੀ ਹੁਣ ਲੱਗਦੀ ਨਾ ਸੌਖੀ ਏ
ਬੁੱਢੇ ਵਾਰੇ ਜਿੰਦਗੀ ਜਿਉਂਣੀ ਬੜੀ ਔਖੀ ਏ

***

## ਕਰ ਲੈ ਰੱਬ ਦੀ ਬੰਦਗੀ ਬੰਦਿਆ

ਇੱਕ ਦਿਨ ਸਭ ਨੂੰ ਛੱਡਣਾ ਪੈਣਾ ਸੱਜਣੋ ਏਸ ਸਰੀਰ ਨੂੰ
ਕਰ ਲੈ ਰੱਬ ਦੀ ਬੰਦਗੀ ਬੰਦਿਆ ਆਉ ਕੰਮ ਅਖੀਰ ਨੂੰ
ਜਿੰਨਾ ਚਿਰ ਦੀਵੇ ਵਿੱਚ ਤੇਲ, ਰੋਸ਼ਨੀ ਨਾਲ ਉਨਾ ਚਿਰ ਮੇਲ
ਮੁੜ ਕੇ ਮੁੱਕ ਜਾਣਾ ਹੈ ਖੇਲ, ਛੱਡਣਾ ਪਊ ਜ਼ਗੀਰ ਨੂੰ
ਕਰ ਲੈ ਰੱਬ ਦੀ ਬੰਦਗੀ ਬੰਦਿਆ
ਕਿਉਂ ਕਰਦਾ ਤੂੰ ਮੇਰੀ ਮੇਰੀ, ਇੱਥੇ ਕੋਈ ਚੀਜ਼ ਨਹੀਂ ਤੇਰੀ
ਆਖਰ ਹੋਣਾ ਖਾਕ ਦੀ ਢੇਰੀ, ਕਿਉਂ ਭੁੱਲਿਆ ਤਕਦੀਰ ਨੂੰ
ਕਰ ਲੈ ਰੱਬ ਦੀ ਬੰਦਗੀ ਬੰਦਿਆ
ਕਰਦਾ ਫਿਰਦਾ ਮਾਇਆ ਮਾਇਆ, ਇਸਦੀ ਹੈ ਦੋ ਪਲ ਦੀ ਛਾਇਆ
ਇਹਨੇ ਤੈਨੂੰ ਇਸਨੇ ਮਗਰ ਹੈ ਲਾਇਆ, ਛੱਡ ਚਲਾਉਣਾ ਤੀਰ ਨੂੰ
ਕਰ ਲੈ ਰੱਬ ਦੀ ਬੰਦਗੀ ਬੰਦਿਆ,–
ਜਦੋਂ ਹੈ ਹੋਣੀ ਜਾਣ ਦੀ ਤਿਆਰੀ, ਨਹੀਂ ਬਣਨੀ ਤੇਰੇ ਰਿਸ਼ਤੇਦਾਰੀ
ਛੱਡ ਕੇ ਜਿੰਦੀ ਦੁਨੀਆ ਸਾਰੀ, ਧਿਆਲੈ ਉਚਦੇ ਪੀਰ ਨੂੰ
ਕਰ ਲੈ ਰੱਬ ਦੀ ਬੰਦਗੀ ਬੰਦਿਆ ਆਉ ਕੰਮ ਅਖੀਰ ਨੂੰ

***

# ਮੁਸ਼ਾਇਰੇ ਦੇ ਆਯੋਜਨ ਮੌਕੇ ਮੇਰੇ ਵਿਚਾਰ

**19 ਅਪ੍ਰੈਲ 2026 ਦਿਨ ਐਤਵਾਰ ਨੂੰ ਡਾ. ਅੰਬੇਡਕਰ ਭਵਨ ਜਲੰਧਰ ਵਿਖੇ, ਅਦਬੀ ਦੁਨੀਆ ਜਲੰਧਰ ਤੇ ਅੰਬੇਡਕਰ ਮਿਸ਼ਨ ਸੁਸਾਇਟੀ ਜਲੰਧਰ ਵੱਲੋਂ ਇੱਕ ਮੁਸ਼ਾਇਰਾ ਆਯੋਜਿਤ ਕੀਤਾ ਗਿਆ। ਜਿਸ ਵਿੱਚ ਪ੍ਰੋ. ਅਰਿੰਦਰ ਸਿੰਘ ਜੀ ਦੀ ਲਿਖੀ ਪੁਸਤਕ 'ਸੁਰ ਸਰਗਮ ਦਾ ਸੁਲਤਾਨ ਨੁਸਰਤ ਫਤਿਹ ਅਲੀ ਖ਼ਾਨ' ਲੋਕ ਅਰਪਣ ਹੋਈ।**

ਸਾਹਿਤਕ ਸਭਾਵਾਂ ਦੀ ਸਮੀਖਿਆ ਬਿਲਕੁਲ ਵਿਆਹ ਤੋਂ ਬਾਅਦ ਭਾਂਡੇ ਟੀਂਡੇ ਸੰਭਾਲਦੇ ਹੋਏ ਜਦੋਂ ਘਰ ਦਿਆਂ ਨੂੰ ਮਾੜਾ ਜਿਹਾ ਸਾਹ ਆਉਂਦਾ ਹੈ ਤਦ ਪਤਾ ਲੱਗਦਾ ਹੈ ਕਿ ਵਿਆਹ ਵਿੱਚ ਕਿਸ ਕਿਸ ਫੁੱਫੜ ਨੇ ਘਰਦਿਆਂ ਦਾ ਰਿਸ਼ਤੇਦਾਰਾਂ ਵਿੱਚ ਜਲੂਸ ਕੱਢਿਆ ਹੈ, ਦੇ ਵਾਂਗ ਹੁੰਦੀ ਹੈ।

ਅਜਿਹੇ ਲੋਕ ਖਿਲਾਰਾ ਪਾ ਕੇ ਦੂਜਿਆਂ ਦਾ ਧਿਆਨ ਆਪਣੀ ਵੱਲ ਖਿੱਚਣ ਦੀ ਕੋਸ਼ਿਸ਼ ਕਰਦੇ ਹਨ । ਵਧੀਆ ਕਵੀ, ਵਧੀਆ ਲਿਖਾਰੀ ਜਾਂ ਵਧੀਆ ਸਮੀਖਿਅਕ ਹੋਣ ਨਾਲੋਂ ਵਧੀਆ ਇਨਸਾਨ ਹੋਣਾ ਜਿਆਦਾ ਜ਼ਰੂਰੀ ਹੈ, ਪਰ ਸਾਰਥਿਕ ਤੇ ਸੱਚੀ ਸਮੀਖਿਆ ਕੌੜੀ ਦਵਾਈ ਵਾਂਗ ਹੁੰਦੀ ਜੋ ਹਲਕ ਵਿੱਚੋਂ ਔਖੀ ਲੰਘਦੀ ਹੈ। ਪਰ ਮਰਜ ਨੂੰ ਦੇਖਦੇ ਹੋਏ ਕੌੜੀ ਦਵਾਈ ਦੇਣੀ ਬਹੁਤ ਜ਼ਰੂਰੀ ਵੀ ਹੁੰਦੀ ਹੈ।

ਅਸੀਂ ਕਿਤਾਬਾਂ ਦੇ ਲਿਖ ਲਿਖ ਕੇ ਜਿੰਨੇ ਮਰਜ਼ੀ ਢੇਰ ਲਾਈ ਜਾਈਏ, ਦੇਖਣਾ ਇਹ ਹੁੰਦਾ ਹੈ ਕਿ ਆਪਣੇ ਅੰਦਰ ਨਿਮਰਤਾ, ਪਿਆਰ ਤੇ ਫਿਰਾਖਦਿੱਲੀ ਵਾਲੇ ਗੁਣ ਕਿੰਨੇ ਕੁ ਪੈਦਾ ਕੀਤੇ ਹਨ। ਅਸੀਂ ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਦੀ ਫਿਰਾਕ ਵਿੱਚ ਰਹਿੰਦੇ ਹਾਂ, ਮਾਈਕ ਫੜ ਕੇ ਆਪਣੀ ਸਿਫ਼ਤ ਵਿੱਚ ਆਪਣੇ ਵਿਗਿਆਪਨ ਪੜ੍ਹਨ ਲੱਗ ਪੈਂਦੇ ਹਾਂ, ਮੈਂ ਇਹ ਕੀਤਾ, ਮੈਂ ਉਹ ਕੀਤਾ। ਗੁਰਦਾਸ ਰਾਮ ਆਲਮ, ਉਲਫ਼ਤ ਬਾਜਵਾ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਤੇ ਵਿਦੇਸ਼ੀ ਲੇਖਕ ਮੈਕਸਿਮ ਗੋਰਕੀ, ਰਸੂਲ ਹਮਜਾਤੋਜ, ਕਾਰਲ ਮਾਰਕਸ ਆਦਿ ਹਜ਼ਾਰਾਂ ਦੇਸੀ ਤੇ ਵਿਦੇਸ਼ੀ ਲੇਖਕ ਹਨ ਜਿਹਨਾਂ ਨੂੰ ਸਾਰੀ ਦੁਨੀਆਂ ਪੜ੍ਹਦੀ ਹੈ। ਜਿਹਨਾਂ ਦੀਆਂ ਕਿਤਾਬਾਂ ਦੇ ਤਰਜਮੇ ਦੂਸਰੀਆਂ ਭਾਸ਼ਾਵਾਂ ਵਿੱਚ ਵੀ ਹੋਏ ਤੇ ਹੋ ਰਹੇ ਹਨ। ਦੋ ਦੋ ਸੋ ਕਿਤਾਬ ਲਿਖਣ ਵਾਲਿਆਂ ਨੂੰ ਪੜ੍ਹਦਾ ਕੌਣ ਹੈ? ਕਿਸੇ ਪਦ ਤੇ ਬੈਠ ਕੇ ਜਿੱਥੇ ਤੁਹਾਡਾ ਕਿੱਤਾ ਕਿਤਾਬਾਂ ਲਿਖਣਾ ਹੋਵੇ ਤਾਂ ਇਹ ਤੁਹਾਡੀਆਂ ਪ੍ਰਾਪਤੀਆਂ ਨਹੀਂ ਹੁੰਦੀਆਂ, ਸਗੋਂ ਤੁਹਾਡਾ ਰੋਜ਼ਗਾਰ ਹੁੰਦਾ ਹੈ। ਆਪਣੀਆਂ ਗਲਤੀਆਂ ਜਾਂ ਅਸਫਲਤਾਵਾਂ ਨੂੰ ਦੂਸਰਿਆਂ ਤੇ ਸੁੱਟ ਕੇ ਅਸੀਂ ਇਹ ਨਹੀਂ ਕਹਿ ਸਕਦੇ ਮੈਂ ਬਹੁਤ ਮਹਾਨ ਹਾਂ।

**ਸਾਹਿਤਕ ਸਭਾਵਾਂ ਵਪਾਰਕ ਵਿਗਿਆਪਨ ਨਸ਼ਰ ਕਰਨ ਦਾ ਸਾਧਨ ਨਹੀਂ ਹੁੰਦੀਆਂ।**

ਇਹਨਾਂ ਦਾ ਮਨੋਰਥ ਸਰੋਤਿਆਂ ਤੇ ਨਵੇਂ ਉਭਰਦੇ ਸਾਹਿਤਕਾਰਾਂ ਨੂੰ ਮੰਚ ਹਾਸਿਲ ਕਰਵਾਉਣਾ ਹੁੰਦਾ ਹੈ ਤਾਂ ਕਿ ਉਹ ਆਪਣੀ ਗੱਲ ਰੱਖ ਸਕਣ ਤੇ ਸਥਾਪਿਤ ਤੇ ਹੰਢੇ ਹੋਏ ਸਿਆਣੇ ਸਾਹਿਤਕਾਰਾਂ ਤੋਂ ਕੁਝ ਸਿੱਖ ਕੇ ਆਪਣੀਆਂ ਰਚਨਾਵਾਂ ਵਿਚ ਸੁਧਾਰ ਕਰ ਸਕਣ। ਜਿਹੜੇ ਕਵੀ ਦਰਬਾਰ ਕਿਸੇ ਸ਼ਖ਼ਸੀਅਤ ਨੂੰ ਸਮਰਪਿਤ ਹੁੰਦੇ ਹਨ, ਉਹ ਮੰਗ ਕਰਦੇ ਹਨ ਕਿ ਉਹਨਾਂ ਦੀ ਵਿਚਾਰਧਾਰਾ ਨਾਲ ਸੰਬੰਧਿਤ ਹੋਣ ਤਾਂ ਕਿ ਵਿਚਾਰਾਧਾਰਾ ਦੇ ਉਹ ਪਹਿਲੂ ਜਿਹਨਾਂ ਤੋਂ ਸਰੋਤੇ ਵਾਕਫ ਨਹੀਂ ਹਨ, ਉੱਤੇ ਰੋਸ਼ਨੀ ਪਾਈ ਜਾ ਸਕੇ। ਉਹ ਵੀ ਸਟੇਜ ਸਕੱਤਰ ਵਲੋਂ ਦਿੱਤੇ ਨਿਰਧਾਰਿਤ ਸਮੇਂ ਵਿਚ। ਇਹ ਠੀਕ ਹੈ ਹਰ ਇੱਕ ਵਿੱਚ ਸੁਣਾਉਣ ਦਾ ਕੀੜਾ ਹੁੰਦਾ ਹੈ, ਪਰ ਸਮੇਂ ਦਾ ਪਾਬੰਦ ਹੋਣ ਨਾਲ ਸ਼ੋਭਦਾ ਵੀ ਹੈ ਕਿਉਂਕਿ ਸਕੱਤਰ ਨੇ ਜਿੱਥੇ ਸਾਰੇ ਬੁਲਾਰਿਆਂ ਨੂੰ ਸਮਾਂ ਦੇਣਾ ਹੁੰਦਾ ਹੈ ਉੱਥੇ ਉਸ ਦੀ ਜ਼ਿੰਮੇਵਾਰੀ ਵੀ ਹੁੰਦੀ ਹੈ ਪ੍ਰੋਗਰਾਮ ਨੂੰ ਸਮੇਂ ਸਿਰ ਖਤਮ ਵੀ ਕੀਤਾ ਜਾਵੇ। ਜਿੰਨਾ ਮਰਜ਼ੀ ਪ੍ਰਭਾਵਸ਼ਾਲੀ ਪ੍ਰੋਗਰਾਮ ਚੱਲਦੇ ਹੋਣ, ਪ੍ਰੋਗਰਾਮਾਂ ਦੀ ਸਫਲਤਾ ਉਨ੍ਹਾਂ ਦੇ ਨਿਰਧਾਰਤ ਸਮੇਂ ਵਿੱਚ ਖਤਮ ਹੋਣ ਵਿੱਚ ਵੀ ਹੁੰਦੀ ਹੈ। ਲਟਕਾਉਣ ਤੇ ਲੰਮਕਾਉਣ ਨਾਲ ਵਧੀਆ ਪ੍ਰੋਗਰਾਮ ਵੀ ਨੀਰਸ ਤੇ ਉਬਾਊ ਹੋ ਨਿਬੜਦੇ ਹਨ।

ਅਜਿਹੇ ਲੰਬੇ ਭਾਸ਼ਣ ਸਿਰਫ ਸੈਮੀਨਾਰਾਂ ਵਿਚ ਹੀ ਸ਼ੋਭਦੇ ਹਨ ਜਿਨ੍ਹਾਂ ਵਿੱਚ ਗਿਣਤੀ ਮਿਣਤੀ ਦੇ ਦੋ ਚਾਰ ਬੁਲਾਰੇ ਹੁੰਦੇ ਹਨ। ਮੁਸ਼ਹਿਰੇ ਰਾਗੀਆਂ ਦੇ ਕੀਰਤਨ ਜਾਂ ਜਗਰਾਤੇ ਨਹੀਂ ਹੁੰਦੇ ਜਿੱਥੇ ਇੱਕ ਵਿਅਕਤੀ ਘੰਟਿਆਂ ਬੱਧੀ ਵਕਤ ਟਪਾਈ ਜਾਵੇ। ਕਵਿਤਾ ਤਾਂ ਗਾਗਰ ਵਿੱਚ ਸਾਗਰ ਪਰੋਣਾ ਹੁੰਦੀ ਹੈ।

ਬਹੁਤ ਸਾਰੇ ਕਵੀਆਂ ਨੇ ਦੂਜਿਆਂ ਦੀਆਂ ਗਲਤੀਆਂ ਤੋਂ ਸਿੱਖਿਆ ਤੇ ਮਹਿਸੂਸ ਕੀਤਾ ਦਿਸ ਕਰਕੇ ਆਪਣੀ ਗੱਲ ਸਮੇਂ ਵਿਚ ਰਹਿ ਕੇ ਕੀਤੀ।

ਇਸ ਸਾਹਿਤਕ ਸਮਾਗਮ ਵਿਚ ਸਮੱਗਰੀ ਤੱਥ ਭਰਪੂਰ ਤੇ ਗੁਣਵੱਤਾ ਪੱਖੋਂ ਨਿੱਗਰ ਸੀ। ਸਰੋਤੇ ਬਹੁਤ ਕੁਝ ਨਵਾਂ ਸਿੱਖ ਕੇ ਗਏ ਹੋਣਗੇ। ਇਹੀ ਇਸ ਪ੍ਰੋਗਰਾਮ ਦਾ ਉਦੇਸ਼ ਸੀ।

**-ਮਿੱਤਰ' ਮਨਜੀਤ**

# ਬੰਦ ਕਮਰੇ

ਮਨੀਸ਼ ਤਾਲਿਬ

ਤਰਲੋਚਨ ਸਿੰਘ ਘਈ ਤੇ ਉਸ ਦੀ ਘਰਵਾਲੀ ਵੀਨਾ ਘਈ ਦੋਵੇਂ ਸਰਕਾਰੀ ਨੌਕਰ ਹਨ। ਤਰਲੋਚਨ ਮਿਉਂਸਪਲ ਕਾਰਪੋਰੇਸ਼ਨ ਹੁਸ਼ਿਆਰਪੁਰ ਮਹਿਕਮੇ ਵਿੱਚ ਇੱਕ ਚੰਗੇ ਉਹਦੇ ਤੇ ਅਤੇ ਉਸ ਦੀ ਘਰਵਾਲੀ ਵੀਨਾ ਸਿਹਤ ਵਿਭਾਗ ਵਿੱਚ ਨੌਕਰੀ ਕਰਦੀ ਹੈ। ਦੋਵੇਂ ਜਾਣੇ ਆਪਣੇ ਬੱਚਿਆਂ ਦੀ ਪੜ੍ਹਾਈ ਕਰਉਣ ਲਈ ਬਹੁਤ ਜ਼ਿਆਦਾ ਤਰਜੀਹ ਦਿੰਦੇ ਹਨ ਦੋਵਾਂ ਦੇ ਦੋ ਬੱਚੇ ਹਨ, ਬੇਟਾ ਰਵੀਦੰਰ ਬੇਟੀ ਕਿਰਨ ਜਿਸ ਨੇ ਬੀ.ਸੀ.ਏ. ਕਰ ਲਈ ਹੈ ਅਤੇ ਹੁਣ ਅਗਲੀ ਪੜ੍ਹਾਈ ਲਈ ਵਿਦੇਸ਼ ਦਾ ਅਪਲਾਈ ਕੀਤਾ ਹੈ ਬੇਟਾ ਰਵੀਦੰਰ ਵੱਡਾ ਹੈ ਤੇ ਉਹ ਕਨੈਡਾ ਵਿੱਚ ਇਸ ਸਾਲ ਹੀ ਗਿਆ ਹੈ।

ਤਰਲੋਚਨ ਸਿੰਘ ਘਈ ਨੇ ਹਜੇ ਪਿਛਲੇ ਸਾਲ ਹੀ ਆਪਣੀ ਭਾਰਾਵਾਂ ਨਾਲ ਸਾਂਝੀ ਜ਼ਮੀਨ ਦਾ ਸੌਦਾ ਕੀਤਾ ਹੈ ਉਸ ਦੇ ਹਿੱਸੇ ਇੱਕ ਕਰੋੜ ਚਾਲ਼ੀ ਲੱਖ ਦੇ ਕਰੀਬ ਰੁਪਏ ਆਏ ਸਨ ਉਸ ਨੇ ਨਵੀਂ ਗੱਡੀ ਨਵੀਂ ਕੋਠੀ ਪਾਈ ਨਵੀਂ ਕੋਠੀ ਕੋਈ ਤਿੰਨ ਮੰਜ਼ਿਲਾ ਇਮਾਰਤ ਹੈ। ਉਸ ਦਾ ਕੰਮ ਹਜੇ ਵੀ ਥੋੜ੍ਹਾ ਬਹੁਤਾ ਚੱਲ ਰਿਹਾ ਹੈ ਤੀਜ਼ੀ ਇਮਾਰਤ ਦੀ ਉਸਾਰੀ ਦਾ ਕੰਮ ਉਹਨਾਂ ਪੰਡਤਾਂ ਦੇ ਆਖਣ ਅਨੁਸਾਰ ਰੋਕ ਲਿਆ ਹੈ ਕਿ ਹਜੇ ਤਾਰਾਂ ਡੁੱਬ ਗਿਆ ਹੈ। ਪਰ ਨਿਚਲੀਆ ਮੰਜ਼ਿਲਾਂ ਵਿੱਚ ਹਰ ਇੱਕ ਕਮਰਾ ਆਧੁਨਿਕਤਾ ਨਾਲ? ਭਰਪੂਰ ਤਰੀਕੇ ਨਾਲ ਬਣਾਇਆ ਗਿਆ ਬੱਚਿਆਂ ਲਈ ਵੱਖੋ- ਵੱਖਰੇ ਕਮਰੇ ਅਲਗ ਅਲਗ ਐਲ ਈ ਡੀਸ, ਸਟੱਡੀ ਰੂਮ, ਅਲਿਸ਼ਾਨ ਬਾਥਰੂਮ, ਸ਼ਾਨਦਾਰ ਰਸੋਈ, ਗੈਸਟ ਰੂਮ, ਵੱਡਾ ਦਸਤਰਖਾਨ (ਰੋਟੀ ਖਾਣ ਵਾਲਾਂ ਟੇਬਲ) ਅਤੇ ਅੱਲਗ ਕਮਰਾ, ਬਾਹਰ ਬਗੀਚੇ ਵਿੱਚ ਫੁੱਲ ਤੇ ਇੱਕ ਪਾਲਤੂ ਅਮਰੀਕੀ ਨਸਲ ਦਾ ਕੁੱਤਾ।

ਕੁੱਲ ਮਿਲਾ ਕੇ 10- ਕਮਰੇ ਤੇ ਵੱਡਾ ਹਾਲ ਸ਼ਾਨਦਾਰ ਝੂੰਮਰ ਤੇ ਨਿੱਚੇ ਸੋਫੇ ਤੇ ਆਰਾਮ ਕੁਰਸੀ। ਤਰਲੋਚਨ ਸਿੰਘ ਵਾਸਤੇ ਪਿਛਲੇ ਕੁਝ ਸਾਲਾਂ ਤੋਂ ਸਭ ਕੁਝ ਠੀਕ ਤੇ ਚੜ੍ਹਦੀ ਕਲਾ ਵਿੱਚ ਰਹੇ। ਪਹਿਲਾਂ ਅਫ਼ਸਰੀ ਵਿੱਚ ਤਰੱਕੀ, ਲੜਕਾ ਕਨੈਡਾ ਵਿੱਚ ਸਟੱਡੀ ਲਈ ਚਲਾ ਗਿਆ, ਜ਼ਮੀਨੀ ਸੌਦੇ ਵਿੱਚ ਕਰੋੜ ਤੋਂ ਵੱਧ ਫਾਇਦਾ ਘਰਵਾਲੀ ਦੀ ਤਰੱਕੀ ਵੀ ਹੋ ਗਈ ਪੁਰਾਣੇ ਮਕਾਨ ਦਾ ਵੀ ਤੀਹ ਲੱਖ ਮਿਲ ਗਿਆ ਤੇ ਨਵੀਂ ਕੋਠੀ ਜੋਂ ਕਿ ਤਕਰੀਬਨ 70-75 ਲੱਖ ਦੀ ਲਾਗਤ ਨਾਲ ਤਿਆਰ ਕੀਤੀ ਜਾ ਰਹੀ ਸੀ। ਸਭਵਧੀਆ ਸੀ। ਅੱਜ ਸਵੇਰੇ ਸਵੇਰੇ ਉਸ ਦੇ ਫੋਨ ਤੇ ਘੰਟੀ ਵੱਜਦੀ ਹੈ ਤੇ ਵੀਜ਼ਾ ਕੰਸਰਟ ਕੰਪਨੀ ਤੋਂ ਇੱਕ ਲੜਕੀ ਦਾ ਫੋਨ ਆਉਂਦਾ ਹੈ ਕਿ "ਤੁਸੀਂ ਕਿਰਨ ਦੇ ਪਿਤਾ ਤਰਲੋਚਨ ਸਿੰਘ ਘਈ ਗੱਲ ਕਰ ਰਹੇ ਹੋ ਤੁਹਾਡੀ ਬੇਟੀ ਦੀ ਫਾਈਲ ਲਗਾਈ ਹੈ ਆਸਟਰੇਲੀਆ ਦੀ ਉਸ ਬਾਰੇ ਤਹਾਨੂੰ ਪਤਾ ਅੱਜ ਰਾਤ ਤੱਕ ਚੱਲੇਗਾ ਕਿਰਪਾ ਕਰਕੇ ਆਪਣੇ ਫ਼ੋਨ ਨੂੰ ਆਪਣੇ ਕੋਲ ਰੱਖਣਾ ਕਿਸੇ ਸਮੇਂ ਵੀ ਫੋਨ ਆ ਸਕਦਾ ਹੈ; । ਤਰਲੋਚਨ ਸਿੰਘ ਆਖਦਾ ਹੈ" ਠੀਕ ਹੈ ਜੀ;।

ਤਰਲੋਚਨ ਸਿੰਘ ਅਤੇ ਉਸ ਦੀ ਘਰਵਾਲੀ ਵੀਨਾ ਦੋਵੇਂ ਜਾਣੇ ਗੱਡੀ ਵਿੱਚ ਆਪਣੇ ਦਫ਼ਤਰ ਜਾਂਦੇ ਹਨ ਰਾਹ ਵਿੱਚ ਦੋਵੇਂ ਸਲਾਹ ਕਰਦੇ ਹਨ ਕੀ ਦਫ਼ਤਰ ਤੋਂ ਬਾਅਦ ਆਪਾਂ ਦੋਵੇਂ ਕਾਲੀ ਮਾਤਾ ਮੰਦਿਰ ਵਾਲੇ ਪੰਡਿਤ ਜੀ ਕੋਲੋਂ ਪੁੱਛਗਿੱਛ ਕਰ ਕੇ ਮੱਥਾ ਟੇਕ ਕੇ ਕਿਰਨ ਦੇ ਵੀਜ਼ੇ ਬਾਰੇ ਗੱਲ ਕਰ ਕੇ ਆਵਾਂਗੇ ਤਾਂ ਕਿ ਜਲਦੀ ਕੰਮ ਤੇ ਨਿਰਵਿਘਨ ਹੋ ਜਾਵੇ ਕਿਉਂਕਿ ਉਹ ਉਹਨਾਂ ਦੀ ਸਲਾਹ ਬਗੈਰ ਇੱਕ ਇੱਟ ਵੀ ਨਹੀਂ ਲਾਉਂਦੇ। ਰਾਹ ਵਿੱਚ ਵੀਨਾਂ ਨੂੰ ਲਾਉਣ ਤੋਂ ਬਾਅਦ ਤਰਲੋਚਨ ਆਪਣੇ ਦਫਤਰ ਚੱਲਾ ਜਾਂਦਾ ਹੈ। ਉਥੇ ਉਹ 5 ਵਜੇ ਛੁੱਟੀ ਕਰਦਾ ਹੈ ਅਤੇ ਵੀਨਾ ਜੋ ਕਿ ਉਸਦੇ ਦੱਸੇ ਅਨੁਸਾਰ ਮੰਦਰ ਪਹਿਲਾਂ ਹੀ ਪਹੁੰਚ ਜਾਂਦੀ ਹੈ ਦੋਵੇਂ ਜਾਣੇ ਮੰਦਰ ਦੇ ਅੰਦਰ ਜਾਂਦੇ ਹਨ ਅਤੇ ਪੰਡਿਤ ਜੀ ਨੂੰ ਮਿਲਦੇ ਹਨ ਪੰਡਿਤ ਜੀ ਉਹਨਾਂ ਨੂੰ ਆਸ਼ਵਾਸਨ ਦਿੰਦੇ ਹਨ ਇਸ ਤੋਂ ਬਾਅਦ ਦੋਵੇਂ ਜਾਣੇ ਉਥੋਂ ਨਿਕਲ ਜਾਂਦੇ ਹਨ। ਵੀਨਾ ਰਸਤੇ ਵਿੱਚ ਕਹਿੰਦੀ ਹੈ ਕਿ ਆਪਾਂ ਛੇਵੀਂ ਪਾਤਸ਼ਾਹੀ ਗੁਰਦੁਆਰੇ ਵੀ ਮੱਥਾ ਟੇਕ ਚੱਲੀਏ ਮਹਾਰਾਜ ਮੇਰੀ ਬੱਚੀ ਤੇ ਮਿਹਰ ਕਰਨ ਤੇ ਉਸਦਾ ਜਲਦੀ ਕੰਮ ਬਣ ਜਾਵੇ ਤਲੋਚਨ ਆਪਣੀ ਗੱਡੀ ਨੂੰ ਗੁਰਦੁਆਰਾ ਸਾਹਿਬ ਦੀ ਹਦੂੱਦ ਦੇ ਅੰਦਰ ਲੈ ਆਂਦਾ ਹੈ। ਦੋਵੇਂ ਜਾਣੇ ਅੰਦਰ ਵੜ ਜਾਂਦੇ ਹਨ ਦਰਬਾਰ ਸਾਹਿਬ ਦੇ ਵਿੱਚ ਮੱਥਾ ਟੇਕ ਕੇ ਕੁਝ ਦੇਰ ਗੁਰਬਾਣੀ

ਸੁਣਨ ਤੋਂ ਬਾਅਦ ਉਹ ਦੋਵੇਂ ਬਾਹਰ ਨਿਕਲਦੇ ਹਨ ਵੀਨਾ ਆਪਣਾ ਜੋੜੇ ਪਾ ਕੇ ਗੱਡੀ ਦੇ ਕੋਲ ਖੜੀ ਹੋ ਜਾਂਦੀ ਹੈ ਅਤੇ ਤਰਲੋਚਨ ਨੂੰ ਉਡੀਕਦੀ ਹੈ ਤਰਲੋਚਨ ਜਦੋਂ ਉਥੋਂ ਨਿਕਲਣ ਲੱਗਦਾ ਹੈ ਤਾਂ ਉਸਦੀ ਨਜ਼ਰ ਇੱਕ ਬਜ਼ੁਰਗ ਤੇ ਪੈਂਦੀ ਹੈ ਉਸ ਤੇ ਸਿਰ ਤੇ ਇੱਕ ਛੋਟੀ ਜਿਹੀ ਪਗੜੀ ਚਿੱਟੇ ਰੰਗ ਦੀ ਬੰਨੀ ਹੁੰਦੀ ਹੈ ਤੇ ਗੋਲ ਐਨਕ ਮੋਟੇ ਸ਼ੀਸ਼ਿਆਂ ਵਾਲੀ ਲੱਗੀ ਹੈ ਅਤੇ ਉਸਦੇ ਕੱਪੜੇ ਸਫੇਦ ਹੁੰਦੇ ਹਨ ਤੇ ਹੱਥ ਵਿੱਚ ਉਸਦੇ ਸੋਟੀ ਫੜੀ ਹੁੰਦੀ ਹੈ ਉਹ ਕਾਫੀ ਦੇਰ ਤੋਂ ਕਿਸੇ ਨੂੰ ਉਡੀਕ ਰਿਹਾ ਸੀ ਤਰਲੋਚਨ ਉਸਦੇ ਕੋਲ ਖੜਾ ਹੋ ਗਿਆ ਅਤੇ ਉਸ ਨੂੰ ਜਾ ਕੇ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ ਤੇ ਪੁੱਛਦਾ ਹੈ ਸਰਦਾਰ ਜੀ ਮੈਨੂੰ ਸਿਆਣਿਆ ਕੇ ਨਹੀਂ ਉਹ ਬੁਜ਼ਰਗ ਸਰਦਾਰ ਉੱਪਰ ਨੂੰ ਚਿਹਰਾ ਕਰਕੇ ਦੇਖਦਾ ਹੈ ਤਾਂ ਹਲਕਾ ਜਿਹਾ ਸਿਰ ਮਾਰਦਾ ਹੈ ਕੀ ਮੈਨੂੰ ਯਾਦ ਹੈ ਤੂੰ ਤਰਲੋਚਨ ਸਿੰਘ ਏ ਟਾਊਨ ਪਲੈਨਰ। ਤਰਲੋਚਨ ਉਸਦੇ ਗੋਡਿਆਂ ਨੂੰ ਹੱਥ ਲਾਉਂਦਾ ਹੈ ਅਤੇ ਆਖਦਾ ਹੈ "ਇੰਜੀਨੀਅਰ ਸਤਲੁਜ ਸਿੰਘ ਜੀ ਅੱਜ 10-12 ਸਾਲ ਬਾਅਦ ਤੁਹਾਡੇ ਦਰਸ਼ਨ ਹੋਏ ਹਨ ਸਾਨੂੰ ਤੁਸੀਂ ਭੁੱਲ ਹੀ ਗਏ ਸਾਨੂੰ, ਅੱਗੇ ਤਾਂ ਦਫਤਰ ਵਿੱਚ ਦੋ ਦੋ ਵਾਰ ਰੋਜ਼ ਚਾਹ ਪੀਂਦੇ, ਰੋਟੀ ਵੀ ਇਕਠੇ ਖਾਂਦੇ ਸੀ। ਹੁਣ ਤਾਂ ਰਿਟਾਇਰਮੈਂਟ ਤੋਂ ਬਾਅਦ ਤੁਹਾਡੇ ਦੂਰਸ਼ਨ ਹੀ ਦੁਰਲਭ ਹੋ ਗਏ; ਸਤਲੁਜ ਸਿੰਘ ਆਖਦਾ ਹੈ ਬਸ ਦਫਤਰ ਤੋਂ ਬਾਹਰ ਵੀ ਕੋਈ ਦੁਨੀਆ ਹੈ ਇਹ ਰਿਟਾਇਰਮੈਂਟ ਤੋਂ ਬਾਅਦ ਪਤਾ ਚੱਲਿਆ ਤ੍ਰਲੋਚਨ ਸਿਆਂ; । ਉਹਨਾਂ ਨੂੰ ਉਥੇ ਖੜੇ ਹੋਣ ਦਾ ਕਾਰਨ ਪੁੱਛਦਾ ਹੈ ਤੇ ਉਹ ਦੱਸਦਾ ਹੈ ਕੀ ਉਸ ਦੀ ਗੱਡੀ ਅੱਜ ਇੱਥੇ ਆ ਕੇ ਬੰਦ ਹੋ ਗਈ ਹੈ ਡਰਾਈਵਰ ਹਜੇ ਤੱਕ ਮਕੈਨਿਕ ਲੈ ਕੇ ਨਹੀਂ ਆਇਆ ਨਹੀਂ ਹੈ। ਉਹ ਮੈਨੂੰ ਛੱਡ ਕੇ ਕਹਿੰਦਾ ਜੀ ਮੈਂ ਬਸ ਸਰਦਾਰ ਜੀ ਦਸ ਮਿੰਟਾਂ ਚ ਆਉਂਦਾ ਹਾਂ, ਸੋਚ ਰਿਹਾ ਹਾਂ ਵੀ ਭਲਾ ਹੋਵੇ ਕਿਉਂ ਨਹੀਂ ਆਇਆਂ, ਕਹਿੰਦੇ ਨੂੰ ਤਰਲੋਚਨ ਸਿੰਘ ਉੱਥੇ ਪਈ ਕੁਰਸੀ ਦੇ ਉੱਪਰ ਬੈਠ ਜਾਂਦਾ ਹੈ ਉਧਰ ਵੀਨਾ ਵੀ ਹੋਲੀ ਹੋਲੀ ਉਥੇ ਆ ਪਹੁੰਚਦੀ ਹੈ ਤੇ ਪੁੱਛਦੀ ਹੈ ਕੀ ਗੱਲ ਹੋਈ ਤਲੋਚਨ ਦੱਸਦਾ ਹੈ ਵੀਨਾ ਜੀ ਪਹਿਚਾਣਿਆ ਇਹ ਕੌਣ ਹਨ। ਵੀਨਾ ਨੇ ਗੌਰ ਨਾਲ ਦੇਖਣ ਤੋਂ ਬਾਅਦ ਤੌਰਲੋਚਨ ਵੱਲ ਦੇਖਿਆ ਤੇ ਸਿਰ ਮਾਰ ਦਿੱਤਾਂ। ਉਸਨੇ ਦੱਸਿਆ "ਭਲੀਏ ਲੋਕੇ ਇਹ ਸਾਡੇ ਸੀਨੀਅਰ ਇੰਜੀਨੀਅਰ ਸਤਲੁਜ ਸਿੰਘ ਜੀ ਹਨ ਯਾਦ ਨਹੀਂ ਜਦੋਂ ਆਪਾਂ ਜਦੋਂ ਪਲਾਂਟ ਦਾ ਬਿਆਨਾ ਕਰਾਉਣਾ ਸੀ ਤਾਂ ਮੇਰੀ ਇੱਕੋ ਆਵਾਜ਼ ਕਾਰਨ ਇਹਨਾਂ ਨੇ ਇਕ ਲੱਖ ਰੁਪਿਆ ਆਪਾਂ ਨੂੰ ਮੌਕੇ ਤੇ ਦੇ ਦਿੱਤਾ ਸੀ ਤੇ ਕਿਹਾ ਸੀ ਜਦੋਂ ਹੋਣਗੇ ਮੋੜ ਦੇਵੀਂ ਤੇ ਕਈ ਵਾਰ ਦਫਤਰ ਦੇ ਵਿੱਚ ਮੇਰੇ ਵਾਸਤੇ ਕਈ ਅਧਿਕਾਰੀਆਂ ਦੇ ਨਾਲ ਕਈ ਵਾਰ ਸਿੱਧਾ ਹੋ ਜਾਂਦੇ ਸਨ; ਵੀਨਾ ਨੇ ਜੀ ਕਹਿ ਕੇ ਉਹਨਾਂ ਦੇ ਗੋਡੀ ਹੱਥ ਲਾਇਆ ਆਖਿਆ "ਮਾਫ ਕਰਨਾ ਸਰਦਾਰ ਜੀ ਉਦੋਂ ਤਾਂ ਤੁਹਾਡੀ ਦਾੜ੍ਹੀ ਕਾਲੀ ਕੀਤੀ ਹੁੰਦੀ ਸੀ, ਪਰ ਹੁਣ ਸਫੇਦ ਹੋਣ ਕਰਕੇ ਤੇ ਅੱਖਾਂ ਤੇ ਚਸ਼ਮਾ ਹੋਣ ਕਰਕੇ ਮੈਂ ਪਹਿਚਾਣ ਨਹੀਂ ਸਕੀ," ਹੋਰ ਸੁਣਾਓ ਘਰ ਦਾ ਕੀ ਹਾਲ ਹੈ?; ਸਤਲੁਜ ਸਿੰਘ ਬਹੁਤ ਘੱਟ ਬੋਲਦਾ ਹੋਇਆ "ਆਖਦਾ ਹੈ ਸਭ ਠੀਕ ਹੈ ਬੇਟਾ, ਬਸ ਮੈਨੂੰ ਤੁਸੀਂ ਇਦਾਂ ਕਰੋ ਇਥੋਂ ਇੱਕ ਆਟੋ ਰਿਕਸ਼ਾ ਕਰ ਦਿਓ ਤੇ ਮੈਂ ਘਰ ਚਲਾ ਜਾਵਾਂ," ਕਿਉਂਕਿ ਡਰਾਈਵਰ ਦਾ ਹਾਲੇ ਕੁਝ ਪਤਾ ਨਹੀਂ ਚਲਦਾ ਪਿਆ ਕਦੋਂ ਆਵੇ ਕਿ ਨਾ ਆਵੇ ਮੈਂ ਆਪਣਾ ਮੋਬਾਈਲ ਵੀ ਘਰ ਛੱਡ ਕੇ ਆ ਗਿਆ, ਇੰਨੇ ਨੂੰ ਵੀਨਾ ਨੇ ਕਿਹਾ "ਸਰਦਾਰ ਜੀ ਕੀ ਅਸੀਂ ਤੁਹਾਡੇ ਬੱਚਿਆਂ ਵਰਗੇ ਨਹੀਂ ਚਲੋ ਅਸੀਂ ਤੁਹਾਨੂੰ ਘਰ ਛੱਡ ਆਉਦੇ ਆ ਗੱਡੀ ਕੱਲ ਡਰਾਈਵਰ ਆ ਕੇ ਆਪੇ ਲੈ ਜਾਏਂਗਾ। ਇਨਾ ਕਹਿੰਦੇ ਹੋਏ ਸਤਲੁਜ ਸਿੰਘ ਨੂੰ ਤਰਲੋਚਨ ਨੇ ਗੱਡੀ ਵਿੱਚ ਬਿਠਾ ਲਿਆ ਤੇ ਗੱਡੀ ਲੈ ਕੇ ਹੌਲੀ ਹੌਲੀ ਗੁਰਦੁਆਰਾ ਸਾਹਿਬ ਤੋਂ ਨਿਕਲ ਗਿਆ ਜਾਣ ਲੱਗੇ ਉਥੇ ਦੀ ਸੇਵਾਦਾਰਾਂ ਨੂੰ ਆਂਖ ਦਿੱਤਾ ਕਿ ਇਹ ਗੱਡੀ ਇਥੇ ਖੜੀ ਹੈ ਤੇ ਡਰਾਈਵਰ ਗੱਡੀ ਇਥੋਂ ਲੈ ਜਾਵੇਗਾ।

ਰਸਤੇ ਦੇ ਵਿੱਚ ਤਰਲੋਚਨ ਨੇ ਕਈ ਸਵਾਲ ਕੀਤੇ ਤੇ ਸਤਲੁਜ ਨੇ ਕੋਈ ਵੀ ਉਤੱਰ ਨੂੰ ਠੀਕ ਤਰੀਕੇ ਨਾਲ ਨਹੀਂ ਦਿੱਤਾ ਉਹ ਖਾਮੋਸ਼ ਸੀ ਉਸ ਦੇ ਅੰਦਰ ਇੱਕ ਗਹਿਰਾਈ ਸੀ ਸੰਨਾਟਾ ਸੀ ਕਿਸੇ ਚੀਜ਼ ਦਾ ਖਲਾਅ ਸੀ। ਤਰਲੋਚਨ ਸਿੰਘ ਯਾਦ ਕਰਦਾਂ ਹੈ ਕਿ ਆਪਣੇ ਸਮੇਂ ਵਿੱਚ ਸਤਲੁਜ ਸਿੰਘ ਦੀ ਦਫ਼ਤਰ ਵਿੱਚ ਹਾਜ਼ਰ ਜਵਾਬੀ ਦਾ ਹਰ ਕੋਈ ਕਾਇਲ ਸੀ ਉਹ ਲਾਜਵਾਬ ਸੀ, ਉਸ ਨੂੰ ਹਰ ਗੱਲ ਦਾ ਪਤਾ ਹੁੰਦਾ ਸੀ ਇਥੋਂ ਤੱਕ ਕਿ ਉਸ ਦੇ ਥੱਲੇ ਵਾਲੇ ਸਟਾਫ ਨੇ ਕਦੇ ਵੀ ਉਸ ਦੇ ਹੁੰਦਿਆਂ ਆਪਣੇ ਆਪ ਵਿੱਚ ਅਸਹਿਜ ਮਹਿਸੂਸ ਨਹੀਂ ਕੀਤਾ ਸੀ, ਅਤੇ ਪਿਛਲੇ ਪਾਸੇ ਬੈਠੇ ਅੱਜ

ਦੇ ਸਤਲੁਜ ਸਿੰਘ ਨੂੰ ਬਾਰ ਬਾਰ ਸ਼ੀਸ਼ੇ ਵਿੱਚ ਦੇਖ ਕੇ ਅੱਜ ਤਰਲੋਚਨ ਨੂੰ ਹੈਰਾਨੀ ਘੱਟ ਪਰੇਸ਼ਾਨੀ ਜ਼ਿਆਦਾ ਹੋ ਰਹੀ ਸੀ।ਉਸ ਦਾ ਧਿਆਨ ਉਸ ਵੇਲੇ ਟੁੱਟ ਗਿਆ ਜਦੋਂ ਇਕਦਮ ਲਾਈਟਾਂ ਵਾਲਾ ਚੌਂਕ ਆਇਆ ਤਾਂ ਯੱਕਾਯਕ ਇਕ ਪ੍ਰਵਾਸੀ ਮਜ਼ਦੂਰ ਆਪਣਾ ਰਿਕਸ਼ਾ ਲੈ ਕੇ ਅੱਗਿਓਂ ਲੰਘਿਆ ਤੇ ਗਾਲ ਕੱਢਦਾ ਨਿਕਲ ਜਾਂਦਾ ਹੈ। ਤਰਲੋਚਨ ਗੁੱਸੇ ਵਿੱਚ ਅਜੇ ਕੁਝ ਬੋਲਦਾ ਵੀਨਾ ਨੇ ਬੋਲਿਆ" ਜੀ ਛੱਡੋ ਜਾਣ ਦਿਓ ਐਵੇਂ ਨਾ ਮੂੰਹ ਲੱਗੋ ਉਹਦੀ ਪੀਤੀ ਹੋਣੀ; ਤਰਲੋਚਨ ਆਖਦਾ ਹੈ "ਮੇਰਾ ਵੱਸ ਚੱਲੇ ਤੇ ਮੈਂ ਇਹ ਭਈਏ ਪੰਜਾਬ ਤੋ ਬਾਹਰ ਕੱਢ ਕੇ ਆਵਾਂ ਗੰਦ ਪਾਇਆ ਇਹਨਾਂ ਨੇ ਇਥੇ; ਪਿੱਛੇ ਬੈਠਾ ਸਤਲੁਜ ਸਿੰਘ ਮੱਧਮ ਆਵਾਜ਼ ਵਿੱਚ ਕਹਿੰਦਾ ਹੈ "ਜੀ ਇਹਨਾਂ ਨੂੰ ਕੱਢ ਦਿੱਤਾ ਤੇ ਇਥੇ ਕੰਮ ਕੋਣ ਕਰੂਗਾ; ਦੋਵੇਂ ਮੀਆਂ ਬੀਬੀ ਉਸਦੀ ਗੱਲ ਨੂੰ ਸੁਣ ਕੇ ਸ਼ਾਂਤ ਹੋ ਜਾਂਦੇ ਹਨ। ਕੋਈ 15 ਮਿੰਟ ਦੇ ਰਸਤੇ ਤੋਂ ਬਾਅਦ ਘਰ ਪਹੁੰਚਣ ਵਾਲੇ ਹੁੰਦੇ ਹਨ ਤੇ ਵੀਨਾ ਗੱਲ ਦੀ ਖਾਮੋਸ਼ੀ ਨੂੰ ਤੋੜਦੀ ਹੋਈ ਬੋਲਦੀ ਹੈ ÷ਸਰਦਾਰ ਜੀ ਹਰ ਕੋਈ ਇਨਸਾਨ ਪ੍ਰਮਾਤਮਾਂ ਕੋਲੋਂ ਕੁਝ ਨਾ ਕੁਝ ਮੰਗਦਾ ਹੀ ਹੈ, ਅਸੀਂ ਵੀ ਬੇਟੀ ਵਾਸਤੇ ਵੀਜ਼ਾ ਮੰਗ ਕੇ ਆਏ ਹਾਂ ਵੀ ਸਾਡੀ ਬੱਚੀ ਦਾ ਕੱਲ ਆਸਟਰੇਲੀਆ ਦਾ ਵੀਜ਼ਾ ਲੱਗ ਜਾਵੇ, ਵੈਸੇ ਵਾਹਿਗੁਰੂ ਜੀ ਨੇ ਸਾਡੀ ਬੁਹੱਤ ਸੁਣੀਂ ਹੈ ਪਹਿਲਾਂ ਬੇਟੇ ਨੂੰ ਕਨੈਡਾ ਭੇਜਿਆ ਤੇ ਹੁਣ ਬੇਟੀ ਨੂੰ ਆਸਟਰੇਲੀਆ ਭੇਜਣਾ ਹੈ;।ਸੱਤਲੁਜ ਸਿੰਘ ਪਿੱਛੇ ਬੈਠਾ ਸਹਿਜ ਸੁਭਾਅ ਨਾਲ ਬੋਲਦਾ ਹੈ" ਬੇਟਾ ਦਰੁੱਸਤ ਹੈ;। ਫਿਰ ਠੰਡਾ ਹਾਉਕੇ ਨਾਲ ਕੁੱਝ ਰੁੱਕ ਕੇ ਆਪਣੇ ਆਪ ਵਿੱਚ ਆਖਦਾ ਹੈ ਮੈਂ ਤਾਂ ਸਿਰਫ ਉਹਦੇ ਕੋਲੋਂ ਮੌਤ ਮੰਗਣ ਜਾਂਦਾ ਮੈਨੂੰ ਤਾਂ ਉਹ ਵੀ ਨਹੀਂ ਮਿਲਦੀ। ਦੋਵੇਂ ਪਤੀ ਪਤਨੀ ਸਤਲੁੱਜ ਸਿੰਘ ਦੀ ਇਹ ਗੱਲ ਸੁਣ ਕੇ ਦੰਗ ਰਹਿ ਜਾਂਦੇ ਹਨ। ਹਜੇ ਕੋਈ ਨਵਾਂ ਸਵਾਲ ਪੈਦਾ ਹੁੰਦਾ ਤਦ ਤੱਕ ਘਰ ਪਹੁੰਚ ਗਏ।

ਸਤਲੁਜ ਸਿੰਘ ਗੱਡੀ ਵਿੱਚੋਂ ਲੰਬੇ ਸਾਹ ਭਰਦਾ ਹੋਇਆ ਅੰਦਰ ਦਾਖਲ ਹੁੰਦਾ ਹੈ। ਦੋਵਾਂ ਨੇ ਸੋਚਿਆ ਕਿਉਂ ਨਾ ਉਸ ਦੀ ਘਰਵਾਲੀ ਨੂੰ ਵੀ ਮਿਲ ਕੇ ਜਾਈਏ ਤੇ ਪੁਛਿਆਂ ਜਾਵੇ ਅੰਕਲ ਜੀ ਕਿਉਂ ਪਰੇਸ਼ਾਨ ਹਨ ਵੀਨਾ ਨੇ ਪੁੱਛਿਆ ਸਰਦਾਰ ਜੀ ਆਂਟੀ ਜੀ ਇਥੇ ਹਨ ਕੇ ਬਾਹਰ ਬੱਚਿਆਂ ਦੇ ਕੋਲ ਸਤਲੁਜ ਸਿੰਘ ਨੇ ਹੋਲੀ ਖਿਝੇ ਅੰਦਾਜ਼ ਵਿੱਚ ਕਿਹਾ ਉਹਦੀ ਤਾਂ ਨਾਂ ਹੀ ਪੁੱਛ ਉਹ ਤਾਂ ਮੋਹ ਦੀ ਬੱਝੀ ਆ ਪੁੱਤਰ ਜੀ ਇਥੇ ਕੀ ਤੇ ਉਥੇ ਕੀ;।ਸਤਲੁਜ ਸਿੰਘ ਨੇ ਸੋਚਿਆ ਸ਼ਾਇਦ ਮੈਂ ਕੁੱਝ ਜ਼ਿਆਦਾ ਹੀ ਬੇਰੁਖ਼ੀ ਕਰ ਰਿਹਾ ਹਾਂ ਵੇਚਾਰੀਆ ਨਾਲ ਅਤੇ ਜੇਕਰ ਮੈਂ ਉਹਨਾਂ ਨੂੰ ਅੰਦਰ ਆਉਣ ਦਾ ਨਾਂ ਪੁੱਛਿਆ ਤਾਂ ਉਨ੍ਹਾਂ ਨੂੰ ਹੱਤਕ ਮਹਿਸੂਸ ਹੋਵੇਗੀ।ਉਸ ਨੇ ਹੱਥ ਦੇ ਇਸ਼ਾਰੇ ਨਾਲ ਕਿਹਾ ਆ ਜਾਉ ਅੰਦਰ ਪਾਣੀ ਧਾਣੀ ਪੀ ਕੇ ਜਾਣਾ।

ਸਤਲੁਜ ਸਿੰਘ ਦਰਵਾਜ਼ੇ ਦੀ ਘੰਟੀ ਖੜਕਾਈ ਤੇ ਇੱਕ 18-19 ਸਾਲਾਂ ਦੀ ਉਮਰ ਦੀ ਪ੍ਰਵਾਸੀ ਲੜਕੀ ਰਾਧਾ ਨੇ ਦਰਵਾਜ਼ਾ ਖੋਲ੍ਹਿਆ। ਸਤਲੁਜ ਸਿੰਘ ਨੇ ਉਸ ਨੂੰ ਚਾਹ ਪਾਣੀ ਦਾ ਇੰਤਜ਼ਾਮ ਕਰਨ ਨੂੰ ਕਿਹਾ ਅੰਦਰ ਦੇ ਦ੍ਰਿਸ਼ ਨੇ ਦੋਵਾਂ ਜੀਆਂ ਨੂੰ ਬਹੁਤ ਆਕਰਸ਼ਿਤ ਕੀਤਾ ਇੱਕ ਆਦਮ ਕੱਦ ਤਸਵੀਰ ਸਤਲੁਜ ਸਿੰਘ ਅਤੇ ਉਸ ਦੀ ਘਰਵਾਲੀ ਦੀ ਬਹੁਤ ਖੂਬਸੂਰਤ ਲੱਗੀ ਸੀ ਅਤੇ ਦੋ ਤਿੰਨ ਗਰੁੱਪ ਫੋਟੋ ਉਨਾਂ ਦੇ ਪਰਿਵਾਰ ਦੋਵਾਂ ਨੋਹਾਂ ਪੁਤਰਾਂ ਪੋਤਰੇ ਪੋਤਰੀਆਂ ਦੀਆਂ । ਇਹ ਪਰਿਵਾਰ ਇਵੇਂ ਲਗਦਾ ਸੀ ਜਿਵੇਂ ਕੋਈ ਚੰਗਾ ਸ਼ਾਹੀ ਘਰਾਣਿਆਂ ਦੇ ਵੰਸ਼ਜ ਹੋਣ। ਇਹ ਸ਼ਾਇਦ ਕਿਸੇ ਵਿਆਹ ਦੀਆਂ ਹੋਣਗੀਆਂ।

ਤਰਲੋਚਨ ਸਿੰਘ ਕਹਿੰਦਾ ਹੈ ਇੰਜੀਨੀਅਰ ਸਾਹਿਬ ਮੈਂ ਵੀ ਮਕਾਨ ਦਾ ਕੰਮ ਕਰਵਾ ਰਿਹਾ ਹਾਂ ਮੈਂ ਤੁਹਾਡੇ ਇਥੇ ਦਰਵਾਜ਼ੇ ਵੇਖੇ ਸਨ ਦਿਆਰ ਦੀ ਲੱਕੜੀ ਬੁਹਤ ਖੂਬਸੂਰਤ ਮੀਨਾਕਾਰੀ ਦੇ ਸਨ ਕਿ ਮੈਂ ਦੁਬਾਰਾ ਵੇਖ ਸਕਦਾ ਹਾਂ। "ਸਤਲੁਜ ਸਿੰਘ ਨੇ ਠਰਮੇ ਨਾਲ ਕਿਹਾ ਬੇਟਾ ਜੀ ਪਾਣੀ ਪੀ ਲਓ, ਪੀਣ ਤੋਂ ਬਾਅਦ ਸਤਲੁਜ ਸਿੰਘ ਉਹਨਾਂ ਦੋਵਾਂ ਨੂੰ ਵਾਰੀ ਵਾਰੀ ਘਰ ਦੇ ਅੰਦਰ ਘਮਾਉਣ ਲੱਗ ਪਿਆ ਉਸ ਨੇ ਉਹਨਾਂ ਨੂੰ ਆਪਣੇ ਉੱਪਰ ਵਾਲੇ ਸ਼ਾਨਦਾਰ ਕਮਰੇ ਵਿਖਾਏ ਦਸੀਆਂ ਕਿ ਇਹ ਵੱਡੇ ਕਾਕੇ ਵਿੱਕੀ ਦਾ ਉਹ ਅੱਜਕੱਲ੍ਹ ਅਮਰੀਕਾ ਵਿੱਚ ਹੈ ਉਸ ਦਾ ਸਾਰਾ ਪਰਿਵਾਰ ਉਥੇ ਹੀ ਹੈ। ਇਹ ਦੂਜਾ ਕਮਰਾ ਰੌਕੀ ਛੋਟੇ ਦਾਂ ਹੈ ਇਹ ਕਨੈਡਾ ਵਿੱਚ ਹੈ ਇਸ ਦਾ ਪਰਿਵਾਰ ਵੀ ਉੱਥੇ ਹੀ ਹੈ। ਸਭ ਕਮਰੀਆ ਵਿੱਚ ਸਲਾਭ ਦੀ ਸੋਧੀ ਸੋਧੀ ਸੁਗੰਧ ਆਉਂਦੀ ਸੀ ਸ਼ਾਇਦ ਇਹਨਾਂ ਨੂੰ ਖੋਲ੍ਹੇ ਨੂੰ ਕਈ ਦਿਨ ਹੋ ਗਏ ਹੋਣ। ਅੰਦਰ ਲੱਗੀਆਂ ਬੱਚਿਆਂ ਦੀਆਂ ਪੁਰਾਣੀਆਂ ਫੋਟੋਆਂ ਨੂੰ ਫੰਗਸ ਲੱਗਣ ਲੱਗ ਪਈ ਸੀ। ਪਰ ਕਮਰੇ ਸਾਫ਼ ਤਾਂ ਸਨ ਪਰ ਉਨੇ ਨਹੀਂ। ਇਸ ਤੋਂ ਇਲਾਵਾ ਸਤਲੁਜ ਸਿੰਘ

ਉਹਨਾਂ ਨੂੰ ਹੋਰ ਬੰਦ ਕਮਰੇ ਵੀ ਖੋਲ੍ਹ ਕੇ ਵਿਖਾਉਂਦਾ ਹੈ ਅੱਜ ਕਾਫ਼ੀ ਦਿਨਾਂ ਬਾਅਦ ਉਹ ਉਪਰ ਵਾਲੀ ਮੰਜ਼ਿਲ ਤੇ ਹਿੰਮਤ ਕਰਕੇ ਆਈਆਂ ਸੀ। ਉਸ ਨੇ ਅੱਜ ਕਈ ਦਿਨਾਂ ਬਾਅਦ ਉਪਰ ਵਾਲੀਆਂ ਲਾਈਟਾਂ ਜਗਾਈਆਂ ਸਨ।

ਥੱਲੇ ਰਾਧਾ ਆਵਾਜ਼ ਦੇਂਦੀ ਹੈ "ਭਾਪਾ ਜੀ ਚਾਹ ਬਣ ਗਈ ਹੈਂ; ਉਹ ਹੋਲੀ ਹੋਲੀ ਤਰਲੋਚਨ ਤੇ ਵੀਨਾ ਨੂੰ ਥੱਲੇ ਲੈ ਆਉਂਦਾ ਹੈ ਤਿੰਨੇ ਜਾਣੇ ਚਾਹ ਪੀਂਦੇ ਹਨ ਪਰ ਹਜੇ ਵੀ ਵੀਨਾ ਤੇ ਤਰਲੋਚਨ ਦੇ ਮਨ ਵਿੱਚੋ ਸਤਲੁਜ ਸਿੰਘ ਦੇ ਉਦਾਸ ਵਤੀਰੇ ਦੀ ਕੁੰਡੀ ਨਾ ਨਿਕਲੀ। ਚਾਹ ਪਾਣੀ ਪੀਣ ਤੋਂ ਬਾਅਦ ਤਰਲੋਚਨ ਨੇ ਪੁੱਛਿਆ ਕਿ "ਆਂਟੀ ਜੀ ਨੇ ਬੱਚਿਆਂ ਤੋਂ ਵਾਪਸ ਕਦੋਂ ਆਉਣਾ ਹੈ ਅਸੀਂ ਫੇਰ ਆਵਾਂਗੇ ਨਾਲ ਪਾਠ ਦਾ ਸੱਦਾ ਦੇ ਕੇ ਜਾਵਾਂਗੇ ਬੇਟੀ ਦੇ ਬਾਹਰ ਜਾਣ ਦੀ ਖੁਸ਼ੀ ਵਿੱਚ ਕਰਾਉਣਾ ਹੈ।

ਸਤਲੁਜ ਸਿੰਘ ਬੜੇ ਧੀਰਜ ਨਾਲ ਚਾਹ ਦੇ ਘੁੱਟ ਨੂੰ ਪੀ ਕੇ ਆਖਦਾ ਹੈ ਕਿ "ਬੇਟਾ ਜੀ ਕੋਈ ਨਹੀਂ ਆ ਜਾਣਾ, ਅਚਾਨਕ ਨਾਲ ਦੇ ਕਮਰੇ ਵਿੱਚ ਪਲੇਟ ਦੇ ਜ਼ੋਰ ਨਾਲ ਥੱਲੇ ਡਿੱਗਣ ਦੀ ਆਵਾਜ਼ ਨਾਲ ਉਹਨਾਂ ਦੀ ਗੱਲਬਾਤ ਵਿੱਚ ਖਲਲ ਪੈਦਾ ਹੋ ਗਿਆ। ਰਾਧਾ ਭੱਜ ਕੇ ਉਸ ਕਮਰੇ ਵੱਲ ਗਈ ਸਤਲੁਜ ਸਿੰਘ ਵੀ ਸੋਟੀ ਚੁੱਕੀ ਉੱਧਰ ਤੁਰ ਪਿਆ ਵੀਨਾ ਤੇ ਤਰਲੋਚਨ ਸਿੰਘ ਵੀ ਉਸ ਕਮਰੇ ਵੱਲ ਤੁਰ ਪਏ ਉਥੇ ਦਾ ਦ੍ਰਿਸ਼ ਵੇਖ ਕੇ ਉਹ ਦਹਲ ਗਏ।

ਉਥੇ ਇੱਕ ਬੈੱਡ 'ਤੇ ਇੱਕ ਵਿਰੁੱਧ ਔਰਤ ਪਾਸਾ ਵੱਟ ਕੇ ਲੇਟੀ ਹੋਈ ਸੀ ਉਹ ਕੰਬ ਰਹੀ ਸੀ, ਰਾਧਾ ਨੇ ਉਸ ਦੇ ਕਮਰੇ ਦਾ ਏ ਸੀ ਬੰਦ ਕਰ ਦਿੱਤਾ ਤੇ ਉਸ ਨੂੰ ਸਹੀ ਢੰਗ ਨਾਲ ਲੇਟਾ ਦਿੱਤਾ। ਉਸ ਦੇ ਪਿਸ਼ਾਬ ਦੀ ਪਾਈਪ ਲੱਗੀ ਹੋਈ ਸੀ ਅਤੇ ਉਸ ਦੀ ਸਿਹਤ ਬਹੁਤ ਕਮਜ਼ੋਰ ਹੋਈ ਸੀ। ਸਤਲੁਜ ਸਿੰਘ ਆਵਾਜ਼ ਦੇ ਕੇ ਆਖਦਾ ਹੈ "ਕਰਤਾਰ ਕੌਰੇ ਵੇਖ ਕੋਣ ਆਇਆਂ ਤਾਂ ਉਹ ਆਪਣੀ ਲੜਖੜਾਉਂਦੀ ਜ਼ੁਬਾਨ ਨਾਲ ਕੁਝ ਬੋਲਦੀ ਹੈ ਤਾਂ ਸਤਲੁਜ ਸਿੰਘ ਆਖਦਾ ਵਿੱਕੀ- ਰੌਕੀ ਨਹੀਂ ਆ ਵੇਖ ਤਰਲੋਚਨ ਤੇ ਵੀਨਾ ਆਏ ਨੇ, ਪਹਿਚਾਣਿਆ ਕੇ ਨਹੀਂ; ਵੀਨਾ ਤੇ ਤਰਲੋਚਨ ਨੇ ਉਸ ਨੂੰ ਦੇਖਿਆਂ ਤੇ ਸਤ ਸ੍ਰੀ ਆਕਾਲ ਬੁਲਾਈ ਪਰ ਕਰਤਾਰ ਕੌਰ ਨੇ ਕੋਈ ਹੁੰਗਾਰਾ ਨਾ ਭਰਿਆ ਕੁਝ ਦੇਰ ਖੜ੍ਹੇ ਹੋਣ ਤੋਂ ਬਾਅਦ ਬਾਹਰ ਆ ਕੇ ਬੈਠ ਗਏ ਬਾਹਰ ਵੱਡੇ ਹਾਲ ਵਿੱਚ ਲੱਗੀ ਸਤਲੁਜ ਸਿੰਘ ਦੀ ਅਤੇ ਕਰਤਾਰ ਕੌਰ ਦੀ 15 ਸਾਲ ਪੁਰਾਣੀ ਫੋਟੋ ਦੇਖੀ ਤਾਂ ਦੋਹਾਂ ਦੀਆਂ ਸ਼ਕਲਾਂ ਤੇ ਰੋਹਬ ਤੇ ਰੋਣਕ ਸੀ। ਫੋਟੋਆਂ ਦੇ ਵਿੱਚ ਸਾਫ ਦਿਖਦਾ ਹੈ ਕਿ ਕਰਤਾਰ ਕੌਰ ਦੀ ਸਤਲੁਜ ਸਿੰਘ ਦੀ ਰਿਟਾਇਰਮੈਂਟ ਦੇ ਸਮੇਂ ਕੀ ਟੌਹਰ ਸੀ ਉਸ ਦੇ ਉਸ ਸਮੇਂ ਕਿੰਨਾ ਸੋਨਾ ਪਾਈਆਂ ਸੀ ਚਿਹਰੇ ਤੇ ਰੌਣਕ ਜਲਾਲੀ ਸੀ ਸੋਨਾ ਗਹਿਣਾ, ਪੈਸੇ ਕਿਸੇ ਚੀਜ਼ ਦੀ ਕਮੀ ਨਹੀਂ ਸੀ ਅੱਜ ਉਹੀ ਕਰਤਾਰ ਕੌਰ ਜਿੰਦਗੀ ਦੇ ਮੌਤ ਦੇ ਵਿੱਚ ਜੂਝ ਰਹੀ ਹੈ। ਵੀਨਾ ਨੇ ਪੁੱਛਿਆ ਸਰਦਾਰ ਸਾਹਿਬ ਆਂਟੀ ਜੀ ਦੀ ਇਹ ਹਾਲਤ ਕਿਵੇਂ ਹੋ ਗਈ।

ਸਤਲੁਜ ਸਿੰਘ ਨੇ ਗੱਲ ਸ਼ੁਰੂ ਕਰ ਦਿੱਤੀ ਕਿ ਉਸਨੇ ਦੱਸਿਆ ਕਿ ਇਸ ਦੇ ਵੱਡੇ ਪੁੱਤਰ ਦੇ ਅਮਰੀਕਾ ਦੇ ਵਿੱਚ ਦੋ ਪੈਟਰੋਲ ਪੰਪ ਹਨ ਅਤੇ ਛੋਟੇ ਦੇ ਕਨੈਡਾ ਵਿਚ ਟਰਾਲੇ ਹਨ ਉਹਨਾਂ ਦੋਵਾਂ ਭਰਾਵਾਂ ਦਾ ਚੰਗਾ ਕੰਮ ਕਾਰ ਹੈ ਇਹ ਹਰ ਸਾਲ ਕਦੇ ਛੋਟੇ ਮੁੰਡੇ ਕੋਲ ਕਦੇ ਵੱਡੇ ਕੋਲ ਕਈ ਕਈ ਵਾਰ ਜਾਂ ਕੇ ਦੋ-ਦੋ ਮਹੀਨੇ ਕੱਟ ਆਉਂਦੀ ਸੀ। ਬੱਚਿਆਂ ਦੇ ਜਣੇਪੇ ਤੋਂ ਲੈ ਕੇ ਉਹਨਾਂ ਦੇ ਕੰਮ ਵਿੱਚ ਇਸ ਨੇ ਆਪਣੀ ਸਿਹਤ ਦਾ ਵੀ ਖਿਆਲ ਨਹੀਂ ਰੱਖਿਆ। ਇਹ ਕਨੈਡਾ ਵਿਚ ਸੀ ਮੈਂ ਇੰਡੀਆ ਤੋਂ ਕਦੇ ਕਦੇ ਹੀ ਉਥੇ ਜਾਂਦਾ ਸੀ ਮੈਨੂੰ ਇੱਕ ਦਿਨ ਰੌਕੀ ਦਾ ਫੋਨ ਆਉਂਦਾ ਹੈ ਤੇ ਮੈਨੂੰ ਆਖਦਾ ਹੈ ਕਿ "ਮਾਂ ਦੇ ਗਿੱਟੇ ਵਿੱਚ ਫਰੈਕਚਰ ਹੋ ਗਿਆ ਹੈ ਉਹ ਸ਼ਾਮ ਕੁੱਤੇ ਨੂੰ ਬਾਹਰ ਲੈ ਕੇ ਨਿਕਲੀ ਸੀ ਪਰ ਸਾਡਾ ਕੁੱਤਾ ਤੱਕੜਾ ਹੈਂ ਕਿਸੇ ਦੁਸਰੇ ਕੁੱਤੇ ਪਿੱਛੇ ਦੋੜੀਆ ਤਾਂ ਉਹ ਇਸ ਨੂੰ ਕਾਫ਼ੀ ਦੂਰ ਤੱਕ ਨਾਲ ਹੀ ਖਿੱਚ ਕੇ ਲੈ ਗਿਆ। ਮੈਂ ਮੋਮ ਨੂੰ ਹੋਸਪਿਟਲ ਲੈ ਕੇ ਆਇਆ ਹਾਂ ਉਸ ਦੀ ਡਰੈਸਿੰਗ ਹੋ ਰਹੀ ਹੈ,। ਮੈਂ ਗੁੱਸੇ ਵਿੱਚ ਆ ਗਿਆ ਤੇ ਬੁਹਤ ਬੋਲੀਆਂ ਤੇ ਕੁੱਤੇ ਨੂੰ ਘਰੋਂ ਕੱਢਣ ਦਾ ਕਿਹਾ।

ਇੱਕ ਮਹੀਨੇ ਬਾਅਦ ਕੁਝ ਠੀਕ ਹੋ ਕੇ ਇਹ ਵਾਪਸ ਇੰਡੀਆ ਆ ਗਈ। ਹੁਣ ਹਜੇ ਵੀ ਹੋਲੀ ਹੋਲੀ ਸੋਟੀ ਨਾਲ ਚੱਲਦੀ ਸੀ। ਪਰ ਇਸ ਦੀ ਸੁਤਾ ਆਪਣੇ ਪੁੱਤਰਾ ਪੋਤਰੇ ਪੋਤਰੀਆਂ ਵੱਲ ਹੀ ਰਹੀ ਇਸ ਨੇ ਮੈਨੂੰ ਕਈ ਵਾਰ ਆਖਿਆ ਕਿ ਮੈਂ ਦੁਬਾਰਾ ਵਾਪਸ ਜਾਣਾ ਪਰ ਮੈਂ ਦੱਬਕਾ ਮਾਰ ਕੇ ਇਸ ਨੂੰ ਬੋਲਣਾ" ਤੈਨੂੰ ਉਨ੍ਹਾਂ ਨੇ ਮਹੀਨਾਂ ਵੀ ਨਾਂ ਰੱਖਿਆ ਵਾਪਸ ਬੀਮਾਰ ਨੂੰ ਹੀ ਤੋਰ ਦਿੱਤਾ ਬੈਠ ਜਾ ਟਿੱਕ ਕੇ ਠੀਕ ਹੋ ਜਾਂ; ਪਰ ਮਾਂ ਦਾ ਦਿਲ, ਮੋਹ ਤਾਂ ਮੋਹ ਹੀ ਹੈ। ਗੰਧਾਰੀ ਨੇ ਵੀ ਤਾਂ ਆਪਣੇ ਪੁੱਤਰ

ਦੁਰਯੋਧਨ ਦੇ ਮੋਹ ਵਿਚ ਆਪਣੀ ਸਾਰੀ ਜ਼ਿੰਦਗੀ ਦੀ ਭਗਤੀ ਰੋੜ ਦਿੱਤੀ ਸੀ ਫਿਰ ਇਹ ਤਾਂ ਵਿਚਾਰੀ ਚੀਜ਼ ਹੀ ਕੀ ਹੈ।ਇਸ ਨੇ ਹੌਲੀ ਹੌਲੀ ਸੋਟੀ ਫੜਨੀ ਤੇ ਉਪਰ ਉਹਨਾਂ ਦੇ ਬੰਦ ਕਮਰੀਆ ਵਿੱਚ ਦਿਨ ਵਿੱਚ ਦੋ ਤਿੰਨ ਵਾਰ ਸਫ਼ਾਈ ਦੇ ਬਹਾਨੇ ਚਲੀ ਜਾਣਾਂ ਤੇ ਕਈ ਕਈ ਘੰਟੇ ਉਥੇ ਬੈਠੇ ਰਹਿਣਾ। ਮੈਂ ਇੱਕ ਦਿਨ ਬਾਹਰੋਂ ਆਇਆ ਤਾਂ ਮੈਂ ਇਸ ਨੂੰ ਵੇਖਦਾ ਉਪਰ ਚਲਾ ਗਿਆ ਇਹ ਰੌਕੀ ਦੇ ਕਮਰੇ ਵਿੱਚ ਸੀ ਤੇ ਉਸ ਦੇ ਕਪੜਿਆਂ ਨੂੰ ਤਹਿ ਲਾ ਰਹੀ ਸੀ ਮੈਂ ਕੋਲ? ਬੈਠ ਗਿਆ ਤੇ ਆਖਿਆ'' ਕਰਤਾਰ ਕੌਰੇ ਤੂੰ ਇਹ ਕੀ ਕਰਦੀ ਪਈ ਏਂ ਰੋਜ਼ ਇਥੇ ਹੀ ਬੈਠੀ ਰਹਿੰਦੀ ਏ, ਤੇ ਮੈਨੂੰ ਅੱਖਾਂ ਭਰ ਕੇ ਆਖਦੀ ਏ ''ਸਰਦਾਰ ਜੀ ਇਹਨਾਂ ਕਮਰੀਆ ਵਿੱਚ ਇਹਨਾਂ ਕਪੜਿਆਂ ਵਿੱਚ ਮੇਰੇ ਬੱਚਿਆਂ ਦੀ ਖੁਸ਼ਬੂ ਏ ਉਹਨਾਂ ਦੀਆਂ ਯਾਦਾਂ ਹਨ ਉਨ੍ਹਾਂ ਦੀਆਂ ਉਂਗਲਾਂ ਇਨ੍ਹਾਂ ਸਵਿੱਚ ਬੋਰਡ ਤੇ ਕਈ ਵਾਰ ਲਗਿਆ ਹੋਣੀਆਂ ਉਹਨਾਂ ਦੇ ਸਰਹਾਣੇ ਵੇਖੋ ਜਿਵੇਂ ਅੱਜ ਵੀ ਉਨ੍ਹਾਂ ਦੀ ਉਡੀਕ ਵਿੱਚ ਬੈਠੇ ਹਨ ਤੁਸੀਂ ਸੁੰਘੋ ਤਾਂ ਸਹੀ ਇਹਨਾਂ ਨੂੰ ਵੇਖੋ ਵਿੱਕੀ ਤੇ ਰੌਕੀ ਦੀ ਖੁਸ਼ਬੂ ਆਵੇਗੀ ਇਹਨਾਂ ਵਿੱਚੋਂ ਉਹਨਾਂ ਦੇ ਸਕੂਲ ਕਾਲਜ ਦੀਆਂ ਕਿਤਾਬਾਂ ਖੇਡਣ ਦਾ ਸਮਾਨ ਸਭ ਤਾਂ ਇਥੇ ਹੀ ਪਿਆ ਹੈ ਜਿਵੇਂ ਹੁਣੇ ਉਹਨਾਂ ਆ ਕੇ ਦੁਬਾਰਾ ਚੁੱਕ ਕੇ ਤੁਰ ਪੈਣਾ, ਇਸੇ ਲਈ ਮੈਂ ਕੰਮਵਾਲੀ ਨੂੰ ਇਹਨਾਂ ਦੋਵਾਂ ਕਮਰੀਆ ਵਿੱਚ ਕਿਸੇ ਵੀ ਚੀਜ਼ ਨੂੰ ਹੱਥ ਨਹੀਂ ਲਾਉਣ ਦਿੰਦੀ; ਇਨ੍ਹਾਂ ਆਂਖ ਕੇ ਉਹ ਮੇਰੇ ਮੋਢੇ ਤੇ ਸਿਰ ਰੱਖ ਕੇ ਰੋਣ ਲੱਗ ਪਈ ਮੈਂ ਵੀ ਉਸ ਨੂੰ ਥਾਪੜਾ ਦੇ ਕੇ ਆਖਿਆ'' ਭਲੀਏ ਲੋਕੇ ਉਹ ਵੀ ਮਜਬੂਰੀ ਕਾਰਨ ਫ਼ਸੇ ਆ ਐਵੇਂ ਨਾ ਕਰ ਚਲ ਤਿਆਰੀ ਕਰ ਚੱਲਦੇ ਆ ਦੋਵੇਂ ਗੇੜਾ ਕੱਢ ਆਉਂਦੇ ਆ ਮੈਂ ਟਿਕਟਾਂ ਦੀ ਬੁਕਿੰਗ ਕਰਵਾ ਕੇ ਆਉਣਾ ਸ਼ਾਮ ਨੂੰ, ਕਰਤਾਰ ਕੌਰ ਖੁਸ਼ੀ ਵਿੱਚ ਖੀਵਾ ਹੋ ਗਈ ਤੇ ਆਖਦੀ ਏ ਵਿੱਕੀ ਤੇ ਰੌਕੀ ਦੋਵਾਂ ਕੋਲ ਜਾਵਾਂਗੇ, ਮੈਂ ਹੱਸ ਕੇ ਅੱਛਾ ਆਂਖ ਦਿੱਤਾ।

ਅਗਲੇ ਦਿਨ ਸਵੇਰੇ ਸਾਡੀਆਂ ਟਿਕਟਾਂ ਬੁੱਕ ਹੋ ਗਈਆਂ ਸਾਡੀ ਫਲਾਈਟ ਤਿੰਨ ਦਿਨਾਂ ਬਾਅਦ ਦੀ ਸੀ। ਮੈਂ ਆਪਣੇ ਭਤੀਜੇ ਨੂੰ ਆਂਖ ਦਿੱਤਾ ਕਾਕਾ ਦੋ ਮਹੀਨੇ ਬਾਅਦ ਅਸੀਂ ਆਉਣਾ ਹੈ ਤੂੰ ਪਿਛੇ ਖ਼ਿਆਲ ਰੱਖੀਂ। ਜਿਸ ਦਿਨ ਸਾਡੀ ਫਲਾਈਟ ਸੀ ਉਸ ਸਵੇਰੇ ਇਹ ਉੱਪਰ ਵਾਲੇ ਕਮਰਿਆਂ ਨੂੰ ਤਾਲੇ ਲਗਾਉਣ ਖੁਦ ਗਈ ਤੇ ਮੈਂ ਇਸ ਨੂੰ ਵੇਖ ਕੇ ਖੁਸ਼ ਹੋ ਰਿਹਾ ਹਾਂ ਅੱਜ ਇਸ ਦੇ ਹੱਥ ਵਿੱਚ ਸੋਟੀ ਵੀ ਨਹੀਂ ਸੀ ਸ਼ਾਇਦ ਮੇਰੀ ਹੀ ਨਜ਼ਰ ਲੱਗ ਗਈ ਇਹ ਕਾਹਲੀ ਕਾਹਲੀ ਪੋੜੀਆਂ ਉਤਰਦੀ ਗਿੱਲੇ ਪੋਚੇ ਤੋਂ ਫਿਸਲ ਕੇ ਡਿੱਗ ਪਈ ਚੂਲਾ ਟੁੱਟ ਗਿਆ ਪਸਲੀਆਂ ਫਿਸ ਗਈਆਂ। ਤਿੰਨ ਮਹੀਨੇ ਹਸਪਤਾਲ ਵਿੱਚ ਦਾਖਲ ਰਹੀ ਦਰਦ ਦੀਆਂ ਦਵਾਈਆਂ ਤੇਜ਼ ਹੋਣ ਕਾਰਨ ਜਾਨਸਿਕ ਤੌਰ ਤੇ ਬਿਮਾਰ ਹੋ ਗਈਂ ਸਾਲ ਪਹਿਲਾਂ ਪਤਾਂ ਲਗਾਂ ਕੇ ਟੀ ਬੀ ਦੀ ਸ਼ਿਕਾਇਤ ਵੀ ਹੈ ਇਸਨੂੰ। ਇਹਨਾਂ ਆਂਖ ਕੇ ਸਤਲੁਜ ਸਿੰਘ ਚੁੱਪ ਹੋ ਗਿਆ।

ਹਾਲ ਵਿੱਚ ਜਾਨਲੇਵਾ ਖਾਮੋਸ਼ੀ ਨੂੰ ਤੋੜਦਿਆਂ ਹੋਇਆਂ ਵੀਨਾ ਨੇ ਪੁੱਛਿਆ ਸਰਦਾਰ ਸਾਹਿਬ ਬੱਚਿਆਂ ਨੇ ਕਦੋਂ ਗੇੜਾ ਕੱਢੀਆਂ ਸੀ।'' ਬੇਟਾ ਜੀ ਆਉਂਦੇ ਹਨ ਜ਼ਰੂਰ ਆਉਂਦੇ ਹਨ ਪਰ ਜਦੋਂ ਉਹਨਾ ਦੇ ਆਪਣੇ ਕੰਮ ਹੋਣ ਵੱਡਾ ਮੁੰਡਾ ਤੇ ਨੂੰਹ ਆਪਣੀ ਸਾਲੀ ਦੇ ਵਿਆਹ ਤੇ ਆਏਂ ਸਨ ਇੱਕ ਹਫ਼ਤੇ ਲਈ ਆਏ ਮਾਂ ਕੋਲ ਇੱਕ ਘੰਟਾ ਵੀ ਨਾਂ ਬੈਠੇ। ਜਾਂਦੇ ਜਾਂਦੇ ਸਲਾਹ ਦੇ ਗਏ ਕੀ ਮਾਂ ਦਾ ਇਲਾਜ ਚੰਗੇ ਡਾਕਟਰ ਕੋਲੋਂ ਕਰਾਉ ਤੇ ਪੈਸੇ ਦੀ ਲੋੜ ਹੋਵੇ ਤਾਂ ਦੱਸਣਾ। ਛੋਟੇ ਨੂੰ ਇਮੀਗ੍ਰੇਸ਼ਨ ਦੇ ਕੰਮ ਕਰਕੇ ਆਪਣੇ ਬੱਚਿਆਂ ਨੂੰ ਲੈ ਕੇ ਆਉਣਾ ਪਿਆ ਉਹ ਦੋ ਹਫ਼ਤੇ ਦਾ ਆਂਖ ਕੇ ਆਇਆ ਸੀ।

ਮਾਂ ਨੂੰ ਕਹਿੰਦਾ ਸੀ ਮਾਂ ਤੂੰ ਚਿੰਤਾ ਨਾ ਕਰ ਮੈਂ ਆ ਕੇ ਚੰਗੇ ਡਾਕਟਰ ਕੋਲੋਂ ਵਿਖਾਉਣਾ ਉਹ ਵੀ ਬਸ ਇਕੋ ਦਿਨ ਸਾਡੇ ਨਾਲ ਗਿਆ ਤੇ ਜਾਣ ਲੱਗਾ ਪੈਸੇ ਤੇ ਫਰੂਟ ਦੇ ਗਿਆ, ਮੈਂ ਉਸ ਨੂੰ ਗੱਲਾਂ ਗੱਲਾਂ ਵਿੱਚ ਕੁੱਤੇ ਦਾਂ ਪੁਛਿਆ ਤਾਂ ਕਿਹੰਦਾ ਪਾਪਾ ਉਹ ਮੇਰੇ ਬੱਚਿਆਂ ਦਾਂ ਦੋਸਤ ਆ ਤੁਸੀਂ ਐਵੇ ਕਰੀਂ ਜਾਣੇਂ, ਮੈਂ ਉਸ ਦਿਨ ਤੋਂ ਆਪਣੇ ਆਪ ਨੂੰ ਚੁੱਪ ਕਰਾਂ ਦਿੱਤਾ।ਮੈਂ ਰੋਜ਼ ਉਸ ਦੀ ਇਸ ਨਾਲ ਵਿਡੀਉ ਕਾਲ ਤੇ ਗੱਲ ਕਰਵਾਉਣ ਦੀ ਕੋਸ਼ਿਸ਼ ਕਰਦਾ ਪਹਿਲਾਂ ਤਾਂ ਇਹ ਹੁੰਗਾਰਾ ਭਰਦੀ ਸੀ ਪਰ ਜਦੋਂ ਤੋਂ ਉਹ ਐਤਵਾਰ ਸਿਰਫ਼ ਕਾਲ ਕਰਕੇ ਹਾਲ ਪੁੱਛਣ ਲਗੇ ਇਹ ਵੀ ਹੁਣ ਹੁੰਗਾਰਾ ਭਰਦੀ ਨਹੀਂ।

ਸਤਲੁਜ ਸਿੰਘ ਨੇ ਤਰਲੋਚਨ ਸਿੰਘ ਦੇ ਗੋਡੇ ਤੇ ਹੱਥ ਰੱਖ ਕੇ ਕਿਹਾ, ''ਤਰਲੋਚਨ ਸਿਆਂ ਬਹੁਤ ਦੁਖੀ ਆ ਮੈਂ ਕੀ ਦਸਾਂ ਪਹਿਲਾਂ ਭਰੇ ਘਰ ਕਰਕੇ ਕਿਤੇ ਬਾਹਰ ਨਹੀਂ ਸਾ ਜਾਂਦਾ ਕੇ ਨੌਕਰ

ਲੁੱਟ ਲੈ ਜਾਣਗੇ। ਪਰ ਹੁਣ ਸੋਚਦਾ ਹਾਂ ਉਹਨਾਂ ਦੇ ਲੁਟਣ ਤੋਂ ਪਹਿਲਾਂ ਹੀ ਤਾਂ ਮੈਂ ਲੁੱਟ ਚੁੱਕਾ ਆ;।" ਹੁਣ ਦੋ ਮਹੀਨਿਆਂ ਤੋਂ ਰੋਜ਼ ਸ਼ਾਮ ਨੂੰ ਗੁਰਦੁਆਰਾ ਸਾਹਿਬ ਜਾਣਾ ਤੇ ਉਸ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਕੀ ਇਹਦੇ ਤੇ ਮੇਰੇ ਤੋਂ ਪਹਿਲਾਂ ਪਰਦਾ ਪਾ ਦੇ ਮੇਰੇ ਕੋਲੋਂ ਇਹਦੀ ਹਾਲਾਤ ਨਹੀਂ ਵੇਖੀ ਜਾਂਦੀ ਕਿਉਂਕਿ ਮੈਨੂੰ ਪਤਾ ਮੇਰੇ ਜਾਣ ਤੋਂ ਬਾਅਦ ਕਿਸੇ ਨੇ ਇਸਨੂੰ ਨਹੀਂ ਵੇਖਣਾਂ, ਪੈਸੇ ਕੀ ਕਰਨਗੇ ਜਿਥੇ ਜੀ ਨਾਂ ਹੋਣ, ਕੰਮਵਾਲੀਆ ਮਾਵਾਂ ਧੀਆਂ ਨੇ ਸਵੇਰ ਰਾਤ ਵਾਰੋ ਵਾਰੀ ਟਾਈਮ ਕੱਢੀ ਜਾਂਦੀਆ ਨਰਸ ਆ ਉਹ ਦਿਨ ਵਿੱਚ ਦੋ ਵਾਰ ਗੇੜਾ ਮਾਰਦੀ ਆ। ਪਹਿਲਾਂ ਪਹਿਲਾਂ ਰਿਸ਼ਤੇਦਾਰਾਂ ਨੇ ਪੁੱਛਿਆ ਪਰ ਜਦ ਤੋਂ ਇਸ ਨੂੰ ਟੀ.ਬੀ. ਦੀ ਸ਼ਿਕਾਇਤ ਹੋਈ ਹੁਣ ਨਹੀਂ ਵੜਦਾ ਕੋਈ। ਇਹਨਾਂ ਆਂਖ ਕੇ ਸਤਲੁਜ ਸਿੰਘ ਨੇ ਆਪਣੀ ਐਨਕਾਂ ਉਤਾਰ ਕੇ ਆਪਣੀਆਂ ਅੱਖਾਂ ਬੰਦ ਕਰ ਕੇ ਸਿਰ ਪਿੱਛੇ ਨੂੰ ਕਰ ਲਿਆ ਉਸ ਦਾ ਗਲਾ ਸੁੱਕ ਗਿਆ ਤੇ ਅੱਖਾਂ ਵਿਚੋਂ ਪਾਣੀ ਨਿਕਲਣ ਲੱਗਾ।

ਤਰਲੋਚਨ ਸਿੰਘ ਨੇ ਆਖਿਆ ਕਿ ਸਰਦਾਰ ਸਾਹਿਬ ਤੁਸੀਂ ਸਾਨੂੰ ਪਹਿਲਾਂ ਕਿਉਂ ਨਹੀਂ ਦਸਿਆ ਆ ਸਭ ਕੁੱਝ। ਤਰਲੋਚਨ ਸਿਆਂ ਦਿਲ ਤਾਂ ਕਰਦਾ ਸੀ ਦਿਲ ਦੇ ਫੌੜੀਆ ਨੂੰ ਫੋਲਣ ਨੂੰ, ਪਰ ਤੁਸਾਂ ਦੇ ਖਿੜੇ ਫੁੱਲਾਂ ਵਰਗੇ ਚਿਹਰਿਆਂ ਤੇ ਬੱਚੀ ਦੇ ਵੀਜ਼ੇ ਦੀ ਖੁਸ਼ੀ ਵੇਖ ਕੇ ਸੋਚਿਆ ਤੁਸਾਂ ਦਾਂ ਮੂੰਹ ਦਾ ਸੁਆਦ ਖਾਰਾਂ ਹੋ ਜਾਣਾ, ਇਹਨਾਂ ਵਿਚਾਰਿਆਂ ਨੂੰ ਕਿਉਂ ਪਰੇਸ਼ਾਨ ਕਰਨਾ।

ਇਨ੍ਹਾਂ ਨੂੰ ਦਰਵਾਜ਼ੇ ਦੀ ਘੰਟੀ ਖੜਕੀ ਤੇ ਕੰਮਵਾਲੀ ਰਾਧਾ ਨੇ ਦਰਵਾਜ਼ਾ ਖੋਲ੍ਹਿਆ ਤਾਂ ਇੱਕ ਪ੍ਰਵਾਸੀ ਬੰਦਾ ਅੰਦਰ ਦਾਖਲ ਹੋ ਗਿਆ ਉਸ ਨੇ ਸਤਲੁਜ ਸਿੰਘ ਨੂੰ ਕਾਰ ਦੀ ਚਾਬੀ ਦੇ ਦਿੱਤੀ ਤੇ ਆਖੀਆਂ "ਸਰਦਾਰ ਜੀ ਬੈਟਰੀ ਨਵਾਂ ਪੈਨਾ ਇਸਦੀ ਕੱਲ ਪਵਾ ਲਵਾਂਗਾਂ ਹੁਣ ਲੈ ਆਇਆਂ ਮੈਂ ਗੱਡੀ ਨੂੰ ਸਵੇਰੇ ਮਿਲਦਾ ਹੈਗਾ ਤਹਾਨੂੰ" ਸਤਲੁਜ ਸਿੰਘ ਨੇ ਚਾਬੀਆਂ ਨੂੰ ਇੱਕ ਪਾਸੇ ਰੱਖ ਦਿੱਤਾ।

ਤਰਲੋਚਨ ਸਿੰਘ ਨੇ ਵੀਨਾ ਵੱਲ ਤੱਕਿਆ ਤੇ ਘੜੀ ਦਾ ਇਸ਼ਾਰਾ ਕੀਤਾ ਵੀਨਾ ਭਾਵੁਕ ਸੀ ਉਸ ਦਾ ਇਥੋਂ ਜਾਣ ਦਾ ਮਨ ਨਹੀਂ ਸੀ ਪਰ ਉਹਨਾਂ ਨੇ ਖੜ੍ਹੇ ਹੋ ਕੇ ਸੂਤਲੁਜ ਸਿੰਘ ਨੂੰ ਹੌਂਸਲਾ ਰੱਖਣ ਨੂੰ ਕਿਹਾ ਅਤੇ ਕਿਸੇ ਵੀ ਲੋੜ ਵੇਲੇ ਫੋਨ ਕਰਨ ਦਾ ਕਿਹਾ। ਵੀਨਾ ਜਾਂਦੇ ਜਾਂਦੇ ਉਹਨਾਂ ਬੰਦ ਕਮਰੀਆ ਵੱਲ ਵੇਖ ਰਹੀ ਸੀ ਜੋ ਆਪਣੀਆਂ ਦੀ ਉਡੀਕ ਵਿੱਚ ਇਹ ਆਂਖ ਰਹੇ ਸਨ ਕੀ

ਇੱਕ ਰਾਤ ਫਿਰ ਮੇਰੇ ਪਾਸ ਲੋਟ ਕੇ ਆ ਜਾਣੇਂ ਵਾਲੇ ਗ਼ਾਫ਼ਿਲ ਮੁਸਾਫਿਰ, ਤੇਰੇ ਸਮਾਨ ਕੀ ਹਿਫਾਜ਼ਤ ਕਰਨਾ, ਅਬ ਮੇਰੇ ਬਸ ਕੀ ਬੀ ਬਾਤ ਨਾ ਰਹੀ, ਸਤਲੁਜ ਸਿੰਘ ਨੇ ਦੋਵਾਂ ਨੂੰ ਰੁਖ਼ਸਤ ਕੀਤਾ ਤੇ ਬਾਹਰ ਨਿਕਲ ਕੇ ਉਸ ਕਾਲ? ਸਿਆਹ ਆਸਮਾਨ ਵੱਲ ਤੱਕਣ ਲੱਗਾ ਤੇ ਕੁਝ ਮਨ ਵਿੱਚ ਸੋਚਣ ਲੱਗਾ।

ਇੱਧਰ ਸਾਰੇ ਰਾਹ ਵਿੱਚ ਵੀਨਾ ਤੇ ਤਰਲੋਚਨ ਸਿੰਘ ਖਾਮੋਸ਼ ਹੋ ਕੇ ਸੋਚਾਂ ਵਿੱਚ ਡੁੱਬੇ ਘਰ ਨੂੰ ਆ ਗਏ। ਉਨ੍ਹਾਂ ਨੂੰ ਪਤਾ ਨਾ ਲੱਗਾ ਕਿ ਉਹ ਕਦੋਂ ਉਹ ਘਰ ਦੇ ਬਾਹਰ ਪੁਹੰਚੇ। ਅਚਾਨਕ ਤਰਲੋਚਨ ਸਿੰਘ ਦੇ ਫੋਨ ਦੀ ਘੰਟੀ ਖੜਕੀ ਅਗੋਂ ਆਵਾਜ਼ ਆਈ ਤੁਹਾਡੀ ਬੇਟੀ ਕਿਰਨ ਦਾ ਵੀਜ਼ਾ ਲੱਗ ਗਿਆ ਹੈ। ਤੁਸੀਂ ਆਪਣੇ ਪਾਸਪੋਰਟ ਨੂੰ ਪਰਸੋਂ ਲੈ ਜਾਉਂ। ਹੁਣ ਦੋਵੇਂ ਜੀਆ ਨੂੰ ਇਹ ਨਹੀਂ ਸਮਝ ਆ ਰਹੀ ਸੀ ਕਿ ਉਹ ਖੁਸ਼ ਹੋਣ ਜਾ ਨਾਂ। ਉਹਨਾਂ ਨੇ ਇਹ ਸੁਣ ਕੇ ਫੋਨ ਬੰਦ ਕਰ ਦਿੱਤਾ ਤੇ ਆਪਣੇ ਮਕਾਨ ਦੇ ਬਾਹਰ ਖੜ੍ਹੇ ਹੋ ਕੇ ਉਸ ਦੀਆਂ ਨਵੀਆਂ ਮੰਜ਼ਿਲਾਂ ਨੂੰ ਵੇਖ ਰਹੇ ਸਨ ਕੀ ਇੱਕ 15 ਸਾਲ ਦਾ ਮੁੰਡਾ ਜੋ ਕੀ ਪ੍ਰਵਾਸੀ ਸੀ ਤਰਲੋਚਨ ਤੇ ਵੀਨਾ ਨੂੰ ਮੁਖਾਤਿਬ ਹੋ ਕੇ ਪੁੱਛਦਾ ਹੈ ਸਰਦਾਰ ਜੀ ਕੀ ਕੋਈ ਘਰ ਵਿੱਚ ਕੰਮ ਮਿਲੇਗਾ। ਵੀਨਾ ਤੇ ਤਰਲੋਚਨ ਸਿੰਘ ਇੱਕ ਦੂਜੇ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਣ ਲੱਗ ਪਏ।

ਹਰ ਘਰ ਸ਼ਾਮ ਨੂੰ ਆਪਣੀਆਂ ਦੀ ਉਡੀਕ ਕਰਦਾ ਹੈ ਕੋਈ, ਕੋਈ ਪ੍ਰਦੇਸੀ ਮੁਸਾਫ਼ਿਰ ਜ਼ਿੰਦਾ ਸ਼ਰੀਰ ਵਿੱਚ ਵਾਪਸ ਆ ਜਾਂਦਾ ਹੈ ਤੇ ਕੋਈ ਆਤਮਾ ਵਿੱਚ ਪਰ ਇਕ ਦਿਨ ਆਉਦਾ ਜਰੂਰ ਹੈ ।ਅੱਜ ਕੇਵਲ ਪੰਜਾਬ ਸੂਬੇ ਦੇ ਹੀ ਲੱਖਾ ਘਰਾਂ ਦੇ ਕਮਰੇ ਪਰਵਾਸ ਕਰਕੇ ਬੰਦ ਹਨ ਜੋ ਆਪਣੀਆਂ ਦੀਆਂ ਉਡੀਕਾਂ ਵਿੱਚ ਜ਼ਰਜ਼ਰ ਹਾਲਾਤਾਂ ਵਿੱਚ ਮੁਸਲਸੱਲ ਆਂਖ ਰਹੇ ਨੇ।

ਇੱਕ ਦਿਨ ਬੰਦ ਕਮਰੇ ਬੋਲਣ ਲੱਗੇ ਰਾਜ ਪ੍ਰਦੇਸੀਆਂ ਦੇ ਖੋਲ੍ਹਣ ਲੱਗੇ ਤਾਲੇ ਖੋਲ੍ਹੋ ਅਸਾਂ ਵੀ ਸਾਹ ਲੈਣਾ ਏਂ ਬਹੁਤੀ ਦੇਰ ਨਾ ਕਰੋ ਆ ਕੇ ਮਿਲ ਜਾਉ ਤਾਲਿਬ ਅਸਾਂ ਹੁਣ ਬੁਹਤੀ ਦੇਰ ਨਾ ਰਹਿਣਾਂ ਏਂ,

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ

**ਜਗਦੀਸ਼ ਰਾਏ ਕੁਲਰੀਆਂ**



ਇਹ ਅਕਸਰ ਪੜ੍ਹਦੇ ਸੁਣਦੇ ਹਾਂ ਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦਿਆਂ ਮਨੁੱਖ ਨੂੰ ਸਮਾਜ ਦੇ ਨੇਮਾਂ ਦਾ ਪਾਲਣ ਕਰਨਾ ਚਾਹੀਦਾ ਹੈ, ਪਰ ਕੁੱਝ ਲੋਕ ਸਮਾਜਿਕ ਨੇਮਾਂ ਨਾਲ ਕੋਈ ਵਾਹ—ਵਾਸਤਾ ਨਹੀਂ ਰੱਖਣੇ ਚਾਹੁੰਦੇ। ਅਜਿਹੇ ਲੋਕਾਂ ਵਿਚ ਮਨੁੱਖੀ ਸੰਵੇਦਨਾਵਾਂ ਦੀ ਕੋਈ ਬਹੁਤੀ ਕਦਰ ਨਹੀਂ ਹੁੰਦੀ ਤੇ ਨਾ ਹੀ ਕਿਸੇ ਨਾਲ ਕੋਈ ਭਾਵਨਾਤਮਕ ਰਿਸ਼ਤਾ ਹੁੰਦਾ ਹੈ। ਉਹ ਤਾਂ ਬਸ ਇਕ ਮਕਾਨਕੀ ਜਿਹੇ ਮਸ਼ੀਨਾਂ ਵਰਗੇ ਬੰਦੇ ਹੁੰਦੇ ਹਨ, ਜਿੰਨ੍ਹਾਂ ਲਈ ਹਰ ਇਕ ਚੀਜ਼ ਇਕ ਵਸਤ ਹੀ ਹੁੰਦੀ ਹੈ, ਪ੍ਰੰਤੂ ਇਕ ਲੇਖਕ ਉਹੀ ਕਾਮਯਾਬ ਹੋ ਸਕਦਾ ਹੈ ਜਿਹੜਾ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਹੋਵੇ ਤੇ ਉਨ੍ਹਾਂ ਦੀ ਅਹਿਮੀਅਤ ਨੂੰ ਸਮਝਦਾ ਹੋਵੇ। ਉਸਦੀ ਕਲਾ ਕਲਾ ਲਈ ਨਹੀਂ, ਬਲਕਿ ਕਲਾ ਲੋਕਾਂ ਲਈ ਹੋਵੇ। ਉਹ ਜ਼ਮੀਨੀ ਧਰਾਤਲ ਤੇ ਲੋਕਾਂ ਸੰਗ ਵਿਚਰ ਕੇ ਉਨ੍ਹਾਂ ਦੇ ਦੁੱਖ ਦਰਦ ਨੂੰ ਮਹਿਸੂਸਦਾ ਹੋਵੇ ਤੇ ਉਨ੍ਹਾਂ ਲਈ ਹਾਅ ਦਾ ਨਾਅਰਾ ਮਾਰਦਾ ਹੋਵੇ। ਅਜਿਹੇ ਲੇਖਕਾਂ ਦੀਆਂ ਰਚਨਾਵਾਂ ਵਿਚ ਤਾਂ ਪੁਖਤਗੀ ਆਉਂਦੀ ਹੀ ਹੈ, ਬਲਕਿ ਉਹ ਲੋਕ ਮਨਾਂ 'ਚ ਵੀ ਸਥਾਈ ਜਿਉਂਦੇ ਰਹਿੰਦੇ ਹਨ। ਮਨੁੱਖੀ ਅਹਿਸਾਸਾਂ ਦੀਆਂ ਕੁਝ ਮਿੰਨੀ ਕਹਾਣੀਆਂ ਪੜ੍ਹਦੇ ਹਾਂ :

– ਪੇਸ਼ਕਸ: ਜਗਦੀਸ਼ ਰਾਏ ਕੁਲਰੀਆਂ

### ਅਣਖ / ਮਲਕੀਤ ਸਿੰਘ ਬਿਲਿੰਗ

"ਵੀਰਾ, ਧਿਆਨ ਰੱਖੀਂ ਆਪਣੀ ਇੱਜਤ ਦਾ। ਬੇਬੇ ਦੇ ਮਰਨ ਵੇਲੇ ਦੇ ਬੋਲ ਨਿਭਾਵੀਂ।" ਵੀਰਾਂ ਆਪਣੇ ਵੀਰ ਨੂੰ ਸਮਝਾਉਂਦੀ ਰਹਿੰਦੀ। ਅਮਰ ਖਾਮੋਸ਼ ਹੋ ਕੇ ਇਹ ਬੋਲ ਸੁਣਦਾ, ਪਰ ਮੂੰਹੋਂ ਕੁਝ ਨਾ ਬੋਲਦਾ।

"ਤੇਰਾ ਬਾਪ ਤਾਂ ਜਿਹੋ-ਜਿਹਾ ਨਿਕੰਮਾ ਹੈ, ਤਾਂ ਹੈ, ਪਰ ਤੂੰ ਆਪਣੇ ਵੀਰ ਨੂੰ ਧਿਆਨ ਨਾਲ ਪਾਲੀਂ, ਰੁਲਣ ਨਾ ਦੇਵੀਂ ਧੀਏ। ਤੂੰ ਹੀ ਹੁਣ ਇਸਦੀ ਮਾਂ ਹੈਂ।" ਵੀਰਾਂ ਦੇ ਮਨ ਵਿੱਚ ਬੇਬੇ ਦੇ ਕਹੇ ਆਖਰੀ ਸ਼ਬਦ ਰਹਿੰਦੇ। ਇਸ ਪ੍ਰਕਾਰ ਉਹ ਅਮਰ ਦਾ ਹਮੇਸ਼ਾਂ ਖਿਆਲ ਰੱਖਦੀ, ਘਰ ਦੀ ਇੱਜਤ ਖਾਤਰ ਉਹਨੂੰ ਸਮਝਾਉਂਦੀ ਰਹਿੰਦੀ।

ਪਿੰਡਾਂ ਵਿੱਚ ਹੱਲਿਆ ਦਾ ਰੌਲਾ ਪਿਆ ਹੋਇਆ ਸੀ। ਮੁਸਲਮਾਨ ਕਾਫਲਿਆਂ ਦੇ ਰੂਪ ਵਿੱਚ ਕਈ ਦਿਨਾਂ ਤੋਂ ਲੰਘ ਰਹੇ ਸਨ। ਅਮਰ ਵੀ ਚਾਹੁੰਦਾ ਸੀ ਕਿ ਉਹ ਵੀ ਆਪਣੇ ਘਰ ਕੋਈ ਸੋਹਣੀ ਸੁਨੱਖੀ ਔਰਤ ਕਾਫਲਿਆਂ ਵਿੱਚੋਂ ਹੀ ਉਧਾਲ ਲਿਆਵੇ। ਪਰ ਉਸਦੀ ਭੈਣ ਉਸ ਨੂੰ ਇਹ ਕਰਨ ਨਹੀਂ ਦੇਵੇਗੀ।

ਇਕ ਦਿਨ ਸਵੇਰੇ-ਸਵੇਰੇ ਹੀ ਅਮਰ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਰਾਤ ਕਾਫਲੇ ਵਾਲੇ ਉਸਦੀ ਭੈਣ ਦਾ ਕਤਲ ਕਰ ਗਏ ਹਨ।

'ਮੈਂ ਬਦਲਾ ਲਵਾਂਗਾ ..ਮੈਂ ਅਣਖ ਖਾਤਰ..' ਇਹ ਬੋਲਦਾ ਉਹ ਆਪਣੀ ਭੈਣ ਦੀ ਲਾਸ਼ ਕੋਲ ਦੀ ਲੰਘਦਾ ਕਾਫਲੇ ਵਿੱਚੋਂ ਕਿਸੇ ਨੌਜਵਾਨ ਲੜਕੀ ਨੂੰ ਉਧਾਲਣ ਲਈ ਹਥਿਆਰ ਲੈ ਕੇ ਘਰੋਂ ਬਾਹਰ ਹੋ ਗਿਆ।

-o-

### ਕਾਲਾ ਕੁੱਤਾ/ ਡਾ. ਹਰਜੀਤ ਸਿੰਘ ਸੱਧਰ

ਆਪਣੇ ਕਿਸੇ ਕੰਮ ਲਈ ਸ਼ਹਿਰ ਤੋਂ ਬਾਹਰ ਨਿਕਲ ਕੇ, ਨਾਲ ਦੇ ਪਿੰਡ ਨੂੰ ਜਾਂਦੀ ਪਹੁੰਚ ਸੜਕ 'ਤੇ ਚਲਦਿਆਂ ਅਜੇ ਡੇਢ ਕਿਲੋਮੀਟਰ ਵੀ ਤਹਿ ਨਹੀਂ ਕੀਤਾ ਹੋਣਾ ਕਿ ਸੜਕ ਦੇ ਕਿਨਾਰੇ ਖੜੀ ਇਕ ਔਰਤ ਦੀ ਆਵਾਜ ਕੰਨੀਂ ਪਈ, "ਬਚਾਓ ਵੇ ਮੁੰਡਿਓ ਉਸ ਗਰੀਬ ਨੂੰ ! ਵਿਚਾਰਾ ਕਦੋਂ ਤਕ ਝਾੜੀਆਂ 'ਚ ਲੁਕਦਾ ਫਿਰੂ ! ਰੋਕੋ ਏਸ ਦੈਂਤ ਨੂੰ।"

ਮੈਂ ਸਕੂਟਰ ਰੋਕ ਲਿਆ। ਔਰਤ ਦੇ ਹੱਥ ਅਤੇ ਅੱਖਾਂ ਦੀ

ਦਿਸ਼ਾ ਵੱਲ ਨਜ਼ਰ ਦੁੜਾਈ। ਦੇਖਿਆ ਕਿ ਇਕ ਆਦਮੀ ਦੋ-ਤਿੰਨ ਮੁੰਡਿਆਂ ਨੂੰ ਨਾਲ ਲੈ ਕੇ ਉੱਖੜਵੀਂ ਚਾਲ ਦੌੜਦੇ ਇਕ ਖਰਗੋਸ਼ ਨੂੰ, ਇਕ ਕਾਲੇ ਕੁੱਤੇ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਕੁੱਤੇ ਤੋਂ ਬਚਣ ਲਈ ਮੋੜ-ਘੋੜ ਪਾ ਕੇ ਦੌੜਦਾ ਹੋਇਆ ਖਰਗੋਸ਼, ਹੱਫਿਆ ਹੋਇਆ ਉਸ ਆਦਮੀ ਦੇ ਪੈਰਾਂ ਵਿਚ ਆ ਕੇ ਡਿੱਗ ਪਿਆ। ਨਾਲ ਦੇ ਮੁੰਡਿਆਂ ਨੇ ਲਪਕ ਕੇ ਆ ਰਹੇ ਕਾਲੇ ਕੁੱਤੇ ਨੂੰ ਡੰਡੇ ਮਾਰ ਕੇ ਭਜਾ ਦਿੱਤਾ।

ਜ਼ੋਰ-ਜ਼ੋਰ ਦੀ ਧੜਕ ਰਿਹਾ ਮੇਰਾ ਦਿਲ ਇਕਦਮ ਉਤਸੁਕਤਾ ਭਰਪੂਰ ਤਣਾਉ ਤੋਂ ਮੁਕਤ ਹੋ ਗਿਆ। ਉਸ ਆਦਮੀ ਅਤੇ ਔਰਤ ਨੇ ਖਰਗੋਸ਼ ਨੂੰ ਪਾਣੀ ਪਿਲਾ ਕੇ, ਪੁਚਕਾਰ ਕੇ, ਸਾਧਾਰਨ ਹਾਲਤ ਵਿਚ ਲਿਆਂਦਾ।

"ਇਸ ਦਾ ਮਤਲਬ, ਅਜੇ ਵੀ, ਕਿਤੇ ਰੱਬ ਵਸਦਾ ਹੈ।" ਇਕ ਨਿਰਦੋਸ਼ ਜੀਵ ਦੀ ਜਾਨ ਬਚਾਉਣ ਵਾਲਿਆਂ ਨੂੰ ਮੈਂ ਇਹੀ ਸ਼ਾਬਾਸ਼ ਦੇ ਸਕਦਾ ਸੀ। ਇੰਨਾ ਆਖ ਕੇ ਮੈਂ ਫਿਰ ਸਕੂਟਰ ਤੇ ਸਵਾਰ ਹੋ ਗਿਆ ਤੇ ਉਹ ਔਰਤ ਵੀ ਸ਼ੁਕਰ ਸ਼ੁਕਰ ਕਰਦੀ ਉੱਥੋਂ ਤੁਰ ਪਈ।

ਦੋ ਕੁ ਘੰਟਿਆਂ ਬਾਅਦ ਜਦੋਂ ਮੈਂ ਵਾਪਿਸ ਆ ਰਿਹਾ ਸੀ ਤਾਂ ਉਸੇ ਹੀ ਥਾਂ ਤੋਂ ਥੋੜੀ ਦੂਰ ਸੜਕ ਕਿਨਾਰੇ ਬਣੇ ਇਕ ਮਕਾਨ ਕੋਲ ਖੜੇ ਉਸੇ ਆਦਮੀ ਨੇ ਹੱਥ ਦੇ ਕੇ ਮੇਰਾ ਸਕੂਟਰ ਰੋਕ ਲਿਆ। ਕਹਿਣ ਲੱਗਾ, "ਸਰਦਾਰ ਜੀ, ਆ ਜਾਓ, ਰੋਟੀ ਖਾ ਕੇ ਜਾਣਾ, ਬਹੁਤ ਹੀ ਸੁਆਦੀ ਬਣਿਆ ਜੇ!"

"ਕੀ?" ਮੈਂ ਪੁੱਛਿਆ।

"ਓਹੀਓ ਖਰਗੋਸ਼।"

ਮੈਨੂੰ ਲੱਗਾ ਜਿਵੇਂ ਕਾਲਾ ਕੁੱਤਾ ਅਜੇ ਵੀ ਉੱਥੇ ਹੀ ਖੜਾ ਹੋਵੇ, ਮੇਰੇ ਕੋਲ।

-੦-

**ਚੌਧਰ / ਭੀਮ ਸਿੰਘ ਗਰਚਾ**

ਰੌਣਕੀ ਗੁੱਸੇ ਜਿਹੇ ਨਾਲ ਰਾਮ ਲਾਲ ਰਾਮਦਾਸੀਏ ਦੇ ਘਰ ਵਿਚ ਵੜਦਾ ਹੀ ਕੜਕਵੀਂ ਆਵਾਜ਼ ਵਿਚ ਬੋਲਿਆ, "ਓਏ ਮੁੰਡਿਓ, ਮੈਨੂੰ ਕਿਸੇ ਪੱਕੇ ਬੰਦੇ ਨੇ ਦੱਸਿਐ, ਅੱਜ ਤੁਹਾਡੀ ਮਾਂ ਸਾਡੇ ਖੇਤ 'ਚੋਂ ਚੋਰੀ ਪੱਠੇ ਵੱਢ ਕੇ ਲਿਆਈ ਐ। ਜੇ ਮੈਂ ਵੇਖ ਲੈਂਦਾ ਤਾਂ ਗੁੱਤੋਂ ਫੜ ਲੈਂਦਾ।"

ਵਿਹੜੇ ਵਿਚ ਡਾਹੇ ਮੰਜੇ ਉੱਤੇ ਆਰਾਮ ਨਾਲ ਬੈਠੇ ਰਾਮ ਲਾਲ ਦੇ ਦੋਵੇਂ ਮੁੰਡੇ ਇੱਕਦਮ ਗੁੱਸੇ ਨਾਲ ਉੱਠੇ ਤੇ ਝੱਟ ਰੌਣਕੀ ਨੂੰ ਆ ਚਿੰਬੜੇ। ਉਹਨਾਂ ਵਿੱਚੋਂ ਇਕ ਤੈਸ਼ ਵਿਚ ਆ ਕੇ ਬੋਲਿਆ, "ਤੂੰ ਸਾਡੀ ਮਾਂ ਨੂੰ ਗੁੱਤੋਂ ਫੜਨ ਵਾਲਾ ਕੌਣ ਹੁੰਨੈਂ?"

ਉਸੇ ਵੇਲੇ ਰਾਮ ਲਾਲ ਕਮਰੇ ਵਿੱਚੋਂ ਬਾਹਰ ਨਿਕਲਿਆ ਤੇ ਰੌਣਕੀ ਨੂੰ ਬਾਂਹ ਤੋਂ ਫੜਦਾ ਹੋਇਆ ਬੜੀ ਹਲੀਮੀ ਨਾਲ ਬੋਲਿਆ, "ਰੌਣਕ ਸਿਆਂ, ਕਿਉਂ ਖਹਿਬੜਦੈਂ ਇਨ੍ਹਾਂ ਨਿਆਣਿਆਂ ਨਾਲ? ਆ ਕੋਈ ਕੰਮ ਦੀ ਗੱਲ ਕਰੀਏ।"

ਰਾਮ ਲਾਲ ਨੇ ਰੌਣਕੀ ਨੂੰ ਕਮਰੇ ਵਿਚ ਲਿਜਾਕੇ ਮੰਜੇ ਉੱਤੇ ਬਿਠਾ ਦਿੱਤਾ ਤੇ ਆਪ ਉਸਦੇ ਪੈਰਾਂ ਵਿਚ ਬੈਠਦਾ ਹੋਇਆ ਆਪਣੇ ਬੁੱਲ੍ਹਾਂ ਤੇ ਖਚਰੀ ਜਿਹੀ ਮੁਸਕਾਣ ਲਿਆਉਂਦਾ ਹੋਇਆ ਬੋਲਿਆ, "ਰੌਣਕ ਸਿਆਂ, ਸਰਪੰਚੀ ਦੀ ਚੋਣ ਸਿਰ ਤੇ ਆ ਗਈ ਐ। ਸਾਡੇ ਸਾਰੇ ਵਿਹੜੇ ਨੇ ਮੀਟਿੰਗ ਕਰਕੇ ਇਹ ਫੈਸਲਾ ਕੀਤਾ ਐ ਕਿ ਇਸ ਵਾਰ ਪਿੰਡ ਦਾ ਸਰਪੰਚ ਤੇਰੇ ਬਾਪ ਮਿਲਖਾ ਸਿੰਘ ਨੂੰ ਬਣਾਇਆ ਜਾਵੇ। ਉਸ ਤੋਂ ਸਿਆਣਾ ਬੰਦਾ ਸਾਨੂੰ ਪਿੰਡ 'ਚ ਹੋਰ ਕੋਈ ਨਹੀਂ ਦਿੱਸਦਾ।"

ਰੌਣਕੀ ਦੇ ਚਿਹਰੇ ਤੋਂ ਗੁੱਸੇ ਦੇ ਹਾਵ-ਭਾਵ ਇਕਦਮ ਉਡਾਰੀ ਮਾਰ ਗਏ ਤੇ ਉਸਦੇ ਅੰਦਰ ਇਕ ਖੁਸ਼ੀ ਦੀ ਲਹਿਰ ਜਿਹੀ ਕੰਬਣ ਲੱਗੀ। ਇਸ ਮੁੱਦੇ ਤੇ ਉਸ ਨੇ ਰਾਮ ਲਾਲ ਨਾਲ ਹੋਰ ਕਈ ਗੱਲਾਂ ਕੀਤੀਆਂ। ਫੇਰ ਕਮਰੇ ਤੋਂ ਬਾਹਰ ਆ ਕੇ ਉਸਨੇ ਮੁੰਡਿਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਪੁੱਤਰੋ, ਮੈਂ ਤਾਂ ਤੁਹਾਡੇ ਨਾਲ ਹੱਸ ਰਿਹਾ ਸੀ। ਪੱਠਿਆਂ ਸਾਲਿਆਂ ਨੇ ਕਿਤੇ ਨਾਲ ਜਾਣੈ। ਹੁਣ ਤਾਂ ਸਾਡੇ ਸਾਰੇ ਖੇਤ ਤੁਸੀਂ ਆਪਣੇ ਹੀ ਸਮਝੋ।"

ਦੋਵੇਂ ਮੁੰਡੇ ਹੱਕੇ-ਬੱਕੇ ਹੋਏ ਰੌਣਕੀ ਵੱਲ ਵੇਖ ਰਹੇ ਸਨ।

-੦-

**ਸਮੇਂ ਦੀ ਮਾਰ / ਸੰਜੀਵ ਛਾਬੜਾ**

ਉਜਾਗਰ ਸਿੰਘ ਪੰਜ਼ਤਰਾਂ ਨੂੰ ਪਾਰ ਕਰ ਚੁੱਕਿਆ ਸੀ।

ਉਹ ਪਿਛਲੇ ਦਸ ਦਿਨਾਂ ਤੋਂ ਮੰਜੇ ਤੇ ਪਿਆ ਸੀ। ਵਾਰੀ ਦਾ ਬੁਖਾਰ ਆਇਆ ਸੀ। ਉਸਦੀ ਧਰਮ ਪਤਨੀ ਗੁਰਨਾਮ ਕੌਰ ਉਸਨੂੰ ਬੜਾ ਹੌਂਸਲਾ ਦੇਂਦੀ, ਪਰ ਉਹ ਅੰਦਰੋਂ ਟੁੱਟ ਚੁੱਕਿਆ ਸੀ। ਪਿਛਲੇ ਪੰਜ-ਸੱਤ ਸਾਲਾਂ ਤੋਂ ਨਰਮੇ ਦੀ ਫਸਲ ਵੀ ਮਾਰੀ ਗਈ ਸੀ। ਬੈਂਕ ਤੇ ਆੜਤੀਏ ਦਾ ਕਰਜਾ ਸਿਰ ਤੋਂ ਉੱਚਾ ਹੋ ਗਿਆ ਸੀ।

ਬੀਮਾਰ ਹੋਣ ਤੋਂ ਪਹਿਲਾਂ ਉਜਾਗਰ ਸਿੰਘ ਆੜਤੀਏ ਰਾਧੇ ਸ਼ਿਆਮ ਕੋਲ ਸੱਤ-ਅੱਠ ਵਾਰੀ ਹੋ ਆਇਆ ਸੀ। ਪਰ ਆੜਤੀਆ ਸੀ ਕਿ ਪੈਸੇ ਵੱਲੋਂ ਕੋਈ ਉਂਗਲ-ਅੰਗੂਠਾ ਨਹੀਂ ਫੜਾਉਂਦਾ ਸੀ। ਗੁਰਨਾਮ ਕੌਰ ਨੇ ਸਵੇਰੇ ਚੁੱਲ੍ਹਾ-ਚੌਂਕਾ ਕੀਤਾ ਤੇ ਉਜਾਗਰ ਸਿੰਘ ਕੋਲ ਮੰਜੇ ਉੱਤੇ ਬੈਠਦਿਆਂ ਕਿਹਾ, “ਸਰਦਾਰਾ ਅੱਜ ਮੈਂ ਜਾਵਾਂ ਚੌਧਰੀ ਰਾਧੇ ਸ਼ਿਆਮ ਕਿਆਂ ਦੇ? ਕੀ ਹੋਇਆ ਬੰਦੇ ਦੇ ਮਾੜੇ-ਚੰਗੇ ਦਿਨ ਆਉਂਦੇ ਈ ਰਹਿੰਦੇ ਨੇ। ਕੀ ਅਸੀਂ ਹੁਣ ਭੁੱਖੇ ਮਰ ਜਾਈਏ? ਤਿੰਨ ਪੀੜ੍ਹੀਆਂ ਤੋਂ ਆਪਣੇ ਤੇ ਉਨ੍ਹਾਂ ਦੇ ਪਰਿਵਾਰ ਦਾ ਸਾਥ ਚਲਦਾ ਆ ਰਿਹੈ।”

ਉਜਾਗਰ ਸਿੰਘ ਚਾਹੁੰਦਾ ਹੋਇਆ ਵੀ ਨਾ ਰੋਕ ਸਕਿਆ।

ਗੁਰਨਾਮ ਕੌਰ ਪਿੰਡ ਤੋਂ ਸ਼ਹਿਰ ਵੱਲ ਨੂੰ ਜਾਂਦੀ ਹੋਈ ਸੋਚਦੀ ਜਾ ਰਹੀ ਸੀ ‘ਅੱਜ ਉਸਦੇ ਚਾਰ ਪੁੱਤਰ ਆਪਣੇ ਘਰ-ਪਰਿਵਾਰ ਵਾਲੇ ਹੋ ਗਏ ਹਨ, ਪਰ ਉਨ੍ਹਾਂ ਦੀ ਕੋਈ ਬਾਤ ਨਹੀਂ ਪੁੱਛਦੇ ਹਨ। ਫਿਰ ਦੂਸਰੇ ਪਲ ਸੋਚਣ ਲਗਦੀ ਕਿ ਉਹ ਕਿਹੜਾ ਘਰੋਂ ਸੌਖੇ ਹਨ। ਉਹ ਵੀ ਤਾਂ ਫਸਲ ਨਾ ਹੋਣ ਕਰਕੇ ਕਰਜਾਈ ਹੋਏ ਪਏ ਹਨ। ਫਿਰ ਸੁਖ ਨਾਲ ਪਰਿਵਾਰ ਵੀ ਉਨ੍ਹਾਂ ਦਾ ਵੱਡਾ ਸੀ।’

ਇਹ ਸੋਚਦੀ ਹੋਈ ਗੁਰਨਾਮ ਕੌਰ ਚੌਧਰੀ ਰਾਧੇ ਸ਼ਿਆਮ ਦੀ ਆੜਤ ਤੇ ਪਹੁੰਚ ਗਈ। ਉੱਥੇ ਪਹੁੰਚਣ ਤੇ ਪਤਾ ਚੱਲਿਆ ਕਿ ਚੌਧਰੀ ਰਾਧੇ ਸ਼ਿਆਮ ਕੁਝ ਦਿਨਾਂ ਤੋਂ ਆੜਤ ਤੇ ਨਹੀਂ ਆ ਰਿਹਾ ਸੀ। ਉਸਨੇ ਉਹਨੂੰ ਘਰ ਮਿਲਣ ਦੀ ਸੋਚੀ।

ਚੌਧਰੀ ਰਾਧੇ ਸ਼ਿਆਮ ਆਪਣੇ ਘਰ ਦੇ ਡਰਾਇੰਗ ਰੂਮ ਵਿਚ ਕੁਝ ਬਾਬੂ ਲੋਕਾਂ ਨਾਲ ਬੈਠਾ ਹੋਇਆ ਪਰੇਸ਼ਾਨ ਨਜ਼ਰ ਆ ਰਿਹਾ ਸੀ।

“ਆ ਚਾਚੀ ! ਕਿਵੇਂ ਆਉਣਾ ਹੋਇਆ?” ਰਾਧੇ ਸ਼ਿਆਮ ਨੇ ਉੱਠ ਕੇ ਗੁਰਨਾਮ ਕੌਰ ਨੂੰ ਸਿਰ ਨਿਵਾਉਂਦੇ ਹੋਏ ਕਿਹਾ।

“ਪੁੱਤ !ਤੇਰਾ ਚਾਚਾ ਬਹੁਤ ਬੀਮਾਰ ਐ। ਘਰ ਦੇ ਰਾਸ਼ਨ-ਪਾਣੀ ਤੇ ਕਪੜੇ ਲੀੜੇ ਲਈ ਪੰਜ ਹਜਾਰ ਰੁਪਏ ਚਾਹੀਦੇ ਸੀ।” ਗੁਰਨਾਮ ਕੌਰ ਨੇ ਰਾਧੇ ਸ਼ਿਆਮ ਦੀ ਪਿੱਠ ਤੇ ਹੱਥ ਫੇਰਦੇ ਹੋਏ ਕਿਹਾ।

“ਚਾਚੀ ! ਪੈਸਾ ਤਾਂ ਹੈ ਨਹੀਂ ! ਤੈਨੂੰ ਪਤਾ ਈ ਐ, ਪਿਛਲੇ ਚਾਰ-ਪੰਜ ਸਾਲ ਤੋਂ ਫਸਲ ਦੀ ਮਾਰ ਕਰਕੇ, ਫੈਕਟਰੀ ਬਹੁਤ ਬੁਰੀ ਤਰ੍ਹਾਂ ਘਾਟੇ ’ਚ ਐ। ਤੇ ਫਿਰ ਕੁਝ ਵੱਡੇ ਘਰ ਵੀ ਪੈਸੇ ਲੈ ਕੇ ਤੂੰ ਵੇਖਦੀ ਪਈ ਐਂ, ਕਮਰੇ ’ਚ ਬੈਠੇ ਇਹ ਬੈਂਕ ਵਾਲੇ ਮੇਰੇ ਘਰ ਤੇ ਫੈਕਟਰੀ ਦੀ ਕੁਰਕੀ ਕਰਨ ਨੂੰ ਫਿਰਦੇ ਨੇ।” ਰਾਧੇ ਸ਼ਿਆਮ ਨੇ ਠੰਡਾ ਹਉਕਾ ਲੈਂਦੇ ਹੋਏ ਕਿਹਾ।

ਗੁਰਨਾਮ ਕੌਰ ਨੂੰ ਹੁਣ ਆਪਣਾ ਆਪ ਭਾਰਾ-ਭਾਰਾ ਜਾਪ ਰਿਹਾ ਸੀ।

-o-

**ਚੰਗੀ ਚੀਜ/ ਸੁਰਿੰਦਰ ਮਕਸੂਦਪੁਰੀ**

ਹਸਪਤਾਲ ਦੇ ਡਾਕਟਰ ਨੇ ਜਦੋਂ ਸੁਖਰਾਜ ਨੂੰ ਦੱਸਿਆ ਕਿ ਉਹਦੇ ਘਰ ਚੰਨ ਵਰਗੇ ਪੁੱਤਰ ਨੇ ਜਨਮ ਲਿਆ ਹੈ ਤਾਂ ਉਸਦੇ ਚਾਵਾਂ ਤੇ ਖੁਸ਼ੀਆਂ ਨੂੰ ਜਿਵੇਂ ਖੰਭ ਲੱਗ ਗਏ ਹੋਣ। ਹੁਣ ਸੁਖਰਾਜ ਇਹ ਖੁਸ਼ੀ ਦੀ ਖਬਰ ਆਪਣੇ ਘਰਦਿਆਂ ਨੂੰ ਸੁਣਾਉਣ ਲਈ ਤਰਲੋਮੱਛੀ ਹੋ ਰਿਹਾ ਸੀ।

ਸ਼ਹਿਰ ਤੋਂ ਉਹਦੇ ਪਿੰਡ ਨੂੰ ਜਾਂਦੀ ਆਖਰੀ ਬੱਸ ਲੰਘ ਚੁੱਕੀ ਸੀ। ਤੇ ਫਿਰ ਉਸਨੇ ਹਰ ਹਾਲਤ ਵਿਚ ਪਿੰਡ ਪੁੱਜਣ ਲਈ ਕਿਰਾਏ ਦੀ ਕਾਰ ਕਰਵਾ ਲਈ। ਘਰ ਜਾਂਦਿਆਂ ਹੀ ਸੁਖਰਾਜ ਚਾਈਂ-ਚਾਈਂ ਆਪਣੇ ਬਾਪੂ ਨੂੰ ਕਹਿਣ ਲੱਗਾ“ਆ ਬਾਪੂ, ਤੈਨੂੰ ਇੱਕ ਚੰਗੀ ਖਬਰ ਸੁਣਾਵਾਂ।”

“ਕਾਹਦੀ ਚੰਗੀ ਖਬਰ ਐ ਪੁੱਤਰਾ?”

“ਕਿਸੇ ਚੰਗੀ ਚੀਜ ਦੀ ਖਬਰ।”

“ਹਾਂ ਦੱਸ, ਕਿਹੜੀ ਚੰਗੀ ਚੀਜ ਦੀ ਖਬਰ?”

“ਬਾਪੂ, ਆਪਣੇ ਘਰ ਸੁਖ ਨਾਲ ਬੇਟਾ ਜਨਮਿਆ ਏ, ਬੇਟਾ !”

ਇਹ ਖਬਰ ਜਿਵੇਂ ਬਾਪੂ ਦੀ ਦੁਖਦੀ ਰਗ ਤੇ ਠੋਕਰ ਮਾਰ ਗਈ ਹੋਵੇ। ਉਹ ਨਿਰਉੱਤਰ ਜਿਹਾ ਕਿਸੇ ਡੂੰਘੀ ਸੋਚ ਵਿਚ ਗੁਆਚਿਆ, ਟਿਕਟਿਕੀ ਲਾ ਕੇ ਆਪਣੇ ਤੋਂ ਬੇਮੁੱਖ ਤੇ ਬੇਵਫਾ ਹੋਏ ਪੁੱਤਰ ਸੁਖਰਾਜ ਦੇ ਮੂੰਹ ਵੱਲ ਵੇਖਣ ਲੱਗ ਪਿਆ।

ਤੇ ਫਿਰ ਸੁਖਰਾਜ ਨੇ ਬਾਪੂ ਦੀ ਸੋਚ ਨੂੰ ਝਜੋੜਦਿਆਂ ਕਿਹਾ, "ਬਾਪੂ, ਕੀ ਗੱਲ ਤੂੰ ਖੁਸ਼ੀ ਵਿਚ ਝੂਮਿਆ ਕਿਉਂ ਨ੍ਹੀਂ? ਗਮਗੀਨ ਜਿਹਾ ਕਿਉਂ ਹੋ ਗਿਆ ਏਂ? ਆਪੇ ਤਾਂ ਤੂੰ ਕਿਹਾ ਕਰਦਾ ਸੀ ਕਿ ਆਪਣੇ ਘਰ ਕੋਈ ਚੰਗੀ ਚੀਜ ਆਵੇ ਤਾਂ ਚੰਗੈ ਤੇ ਅੱਜ?"

"ਪੁੱਤਰਾ! ਤੂੰ ਵੀ ਤਾਂ ਮੇਰੇ ਘਰ ਇਕ ਦਿਨ ਚੰਗੀ ਚੀਜ ਬਣ ਕੇ ਆਇਆ ਸੀ, ਤੇਰੇ ਆਉਣ ਤੇ ਮੈਂ ਲੱਖ ਖੁਸ਼ੀਆਂ ਮਨਾਈਆਂ, ਪਾਲਿਆ-ਪੋਸਿਆ, ਪੜ੍ਹਾਇਆ-ਲਿਖਾਇਆ ਤੇ ਚੰਗੀ ਕੁਰਸੀ 'ਤੇ ਬਿਠਾਇਆ।" ਬਾਪੂ ਨੇ ਇਕ ਲੰਮਾ ਹਉਕਾ ਭਰਿਆ ਤੇ ਸੇਜਲ ਹੋਈਆਂ ਅੱਖਾਂ ਨੂੰ ਮੋਢੇ ਉੱਤੇ ਰੱਖੇ ਪਰਨੇ ਦੇ ਪੱਲੂ ਨਾਲ ਪੂੰਝਣ ਲੱਗ ਪਿਆ।

-o-

**ਬਾਪੂ ਦੀ ਸਕੀਮ / ਲਾਲ ਸਿੰਘ ਕਲਸੀ**

"ਬਾਪੂ, ਬੈਂਕ ਕਰਜੇ ਦੀ ਉਗਰਾਹੀ ਵਾਲੇ ਸੰਧੂਰੇ ਤਾਏ ਬਾਰੇ ਪੁੱਛਦੇ ਸੀ।"

"ਫੇਰ ਤੈਂ ਕੀ ਕਿਹਾ ਤੇ ਸੰਧੂਰੇ ਨੂੰ ਕਿੱਥੇ ਲੁਕਾਇਆ?"

"ਮੈਨੂੰ ਗੂੰਜ ਜਿਹੀ ਸੁਣਕੇ ਪਹਿਲਾਂ ਈ ਜੀਪ ਦੀ ਬਿੜਕ ਪੈਗੀ ਸੀ। ਮੈਂ ਝੱਬਦੇ ਈ ਤਾਏ ਨੂੰ ਭੱਜਣ ਦੀ ਸੈਨਤ ਮਾਰਤੀ।"

"ਤੇ ਫੇਰ?"

"ਫੇਰ ਕੀ ਤਾਏ ਨੇ ਆ ਵੇਖਿਆ ਨਾ ਤਾਅ, ਇੱਕੋ ਛਾਲ 'ਚ ਕੰਧ ਟੱਪ ਕੇ ਪਸ਼ੂਆਂ ਵਾਲੇ ਵਾੜੇ ਜਾ ਲੁਕਿਆ।"

"ਬੱਲੇ ਓਏ ਸੰਧੂਰਿਆ, ਬੜਾ ਦਿਲ ਕੱਢਿਆ ਬਈ ਅੱਜ ਤਾਂ।"

"ਦਿਲ ਤਾਂ ਦਿਲ ਬਾਪੂ, ਅੱਜ ਤਾਂ ਪੁਲਿਸ ਵੀ ਬੈਂਕ ਵਾਲਿਆਂ ਦੇ ਨਾਲ ਈ ਸੀ। ਢਿੱਲਵਾਂ ਦੀ ਪੱਤੀਉਂ ਮੱਘਰ ਨੂੰ ਤਾਂ ਲੈਗੇ ਜੀਪ 'ਚ ਬਹਾ ਕੇ। ਉਹਦਾ ਪਤਾ ਨੀ ਕੀ ਬਣੂੰ?"

"ਓਏ ਬਣਨਾਂ ਕੀ ਐ ਉਹਦਾ, ਪੰਜ-ਸੱਤ ਦਿਨ ਹਵਾਲਾਤ 'ਚ ਬਹਾ ਕੇ ਘਰ ਨੂੰ ਤੋਰ ਦੇਣਗੇ। ਕੋਈ ਨੀ ਉਹਦਾ ਦੁੱਧ ਸੁੱਕਦਾ।"

"ਤੇ ਬਾਪੂ, ਆਪਣੇ ਸਿਰ ਕਰਜ਼ਾ ਹੈ ਕਿੰਨਾ ਕੁ ਭਲਾ?"

"ਪੈਸਾ ਤਾਂ ਸੂਤ ਈ ਸੀ, ਪਤਿਉਰੇ ਮੇਰੇ ਦਾ ਵਿਆਜ ਈ ਨੀ ਪੱਟੀ ਬੱਝਣ ਦਿੰਦਾ। ਚਾਲੀ ਹਜ਼ਾਰ ਤੋਂ ਲੱਖ ਤੇ ਪਹੁੰਚ ਗਿਆ।"

"ਤੇ ਬਾਪੂ, ਆਹ ਜੀਪ ਜਿਹੀ ਵੇਚ ਕੇ ਕਰਜ਼ਾ ਲਾਹ ਕੇ ਪਰ੍ਹਾਂ ਕਰੋ, ਆਪਣੇ ਤਿੰਨਾਂ ਕੋਲ ਆਪਣੀ ਆਪਣੀ ਸਵਾਰੀ ਤਾਂ ਹੈਗੀ ਆ।"

"ਓਏ ਤੂੰ ਤਾਂ ਯਬਲੀਆਂ ਮਾਰਦੈਂ, ਪੈਲੀ ਤਾਂ ਭਾਵੇਂ ਪੰਦਰਾਂ ਕਿੱਲੇ ਈ ਐ ਸਾਰੀ, ਪਰ ਇਹ ਮਸ਼ੀਨਰੀ ਤਾਂ ਘਰ ਦੀ ਟੌਹਰ ਵਧਾਉਂਦੀ ਐ। ਜਦੋਂ ਕੋਈ ਰਿਸ਼ਤਾ ਕਰਨ ਵਾਲਾ ਆਊਘਰੇ ਟਰੈਕਟਰ, ਕੰਬਾਈਨ, ਜੀਪ, ਸਕੂਟਰ, ਮੋਟਰ ਸਾਈਕਲ ਖੜ੍ਹੇ ਵੇਖ ਕੇ ਡਿੱਗੂ ਪਿੱਠ ਪਰਨੇ। ਬਿਨ ਮੰਗੇ ਈ ਮਾਰੂਤੀ-ਜੈਨ ਖੜ੍ਹਾ ਜੂ ਵਿਹੜੇ 'ਚ ਠਾਕੇ ਤੇ ਈ, ਫੇਰ ਭਾਵੇਂ ਤੂੰ ਜੀਪ ਵੇਚ ਈ ਲਈਂ।"

"ਹੈਂਅ! ਤਾਂ ਇਹ ਗੱਲ ਐ। ਸਦਕੇ ਓਏ ਬਾਪੂ, ਤੇਰੀਆਂ ਸਕੀਮਾਂ ਦੇ।"

-o-

**ਪੁੰਨ / ਅਨਿਮੇਸ਼ਵਰ ਕੌਰ**

"ਕਦੋਂ ਆਇਐਂ ਵਲੈਤੋਂ, ਬਈ ਟਹਿਲ ਸਿਆਂ?"

"ਹੋ ਗਏ ਕੋਈ ਪੰਦਰਾ-ਵੀਹ ਦਿਨ, ਆਵਦਾ ਵਿਆਹ ਕਰਾਉਣ ਆਇਆ ਤੀ, ਹੁਣ ਕਲ੍ਹ ਸਾਜਰੇ ਫਲਾਈਟ ਐ ਮੇਰੀ।"

"ਵਾਬ ਬਈ ਵਾਹ! ਟਹਿਲ ਸਿਆਂ, ਜੇ ਮੈਨੂੰ ਭੁਲੇਖਾ ਨਹੀਂ ਤਾਂ ਇਹ ਤੇਰੀ ਤੀਜੀ ਸ਼ਾਦੀ ਐ।" ਗੱਲ ਨੂੰ ਜਾਰੀ ਰੱਖਦੇ ਹੋਏ ਸਰਵਣ ਪੁੱਛਣ ਲੱਗਾ, "ਬਈ ਇਹ ਤਾਂ ਦੱਸ ਤੂੰ ਛੇਤੀ-ਛੇਤੀ ਸ਼ਾਦੀਆਂ ਕਰੀ ਜਾਨੈਂ ਪਹਿਲੀਆਂ ਦੋ ਦਾ ਕੀ ਹੋਇਆ?"

"ਕੀ ਹੋਣਾ ਸੀ, ਬਿਆਹ ਮਗਰੋਂ ਤਾਂ ਇੰਡੀਆ 'ਚ

ਠੀਕ-ਠਾਕ ਤੀ ਜਦੋਂ ਉੱਥੇ ਵਲੈਤ ਗਈ ਤਾਂ ਭੂਤਰ ਗਈਤੇ ਤਲਾਕ ਹੋ ਗਿਆ। ਫਿਰ ਦੂਜੀ ਥਾਮੇਂ ਪਿੰਡ ਦੀ ਗਰੀਬ ਕੁੜੀ ਨਾਲ ਬਿਆਹ ਕਰ ਲਿਆ ਉਹਦੇ ਵੀ ਗੋਰਿਆਂ ਦੀ ਧਰਤੀ ਤੇ ਪੈਰ ਰਖਦਿਆਂ ਈ ਖੰਭ ਲੱਗ ਗਏ ਬਸ ਰੋਜ ਮੇਰੇ ਨਾਲ ਲੜੇ ਆਖੇ, ਤੂੰ ਬੀ ਕੰਮ ਕਰ ਘਰ ਦਾ ਮੇਰੇ ਨਾਲ ਰੋਜ ਲੜਦੀ ਤੀ ਸਹੁਰੀ ਦੀ ਬਸ ਕੁਝ ਮਹੀਨਿਆਂ ਬਾਦ ਤਲਾਕ ਹੋ ਗਿਆ ਰਹਿੰਦੀਆਂ ਦੋਹਮੇਂ ਆਪਣੇ ਆਪਣੇ ਕੌਂਸਲ ਦੇ ਫਲੈਟਾਂ 'ਚ।"

"ਪਰ ਇਹ ਗੱਲ ਤਾਂ ਬੜੀ ਮਾੜੀ ਐ ਟਹਿਲਿਆ! ਮਾਪੇ ਰੀਝਾਂ ਨਾਲ ਪਾਲਦੇ ਪਲੋਸਦੇ ਆ ਤੇ ਵਲੈਤ ਜਾ ਕੇ ਹੋਰ ਦਾ ਹੋਰ ਕੁਝ ਈ ਹੋ ਜਾਂਦੈ।"

ਅੱਗੋਂ ਟਹਿਲ ਸਿੰਘ ਨੇ ਜਰਾ ਦਾੜ੍ਹੀ-ਮੁੱਛਾਂ ਨੂੰ ਸੰਵਾਰਦੇ ਹੋਏ ਜਵਾਬ ਦਿੱਤਾ, "ਓਏ ਸਰਵਣਾ, ਤੈਨੂੰ ਕੀ ਸਮਝ ਉੱਥੋਂ ਦੀ, ਦੁੱਖ-ਦਾਖ ਤਾਂ ਕੀ ਹੋਣੈ, ਤਲਾਕ ਕਰਾ ਕੇ ਭਮਾਂ ਜਿੰਨੀ ਵਾਰੀ ਮਰਜ਼ੀ ਬਿਆਹ ਕਰਾਉਣਏ ਘੱਟ ਤਾਂ ਨਹੀਂ ਨਾ ਬਈ ਪਿੰਡ 'ਚੋਂ ਨਿਕਲ ਕੇ ਵਲੈਤ ਠਾਹਰ ਮਿਲ ਗਈ ਮੈਂ ਤਾਂ ਜਮਾਂ ਈ ਪੁੰਨ ਕਰ ਰਿਹੈਂ, ਨਹੀਂ ਤਾਂ ਪਿੰਡ 'ਚ ਈ ਉਮਰ ਗਲਾ ਦੇਣੀ ਤੀ ਇਹਨਾਂ ਨੇ।" ਫਿਰ ਗਲੇ ਨੂੰ ਸਾਫ਼ ਕਰਦੇ ਹੋਏ ਕਹਿਣ ਲੱਗਾ, "ਬਈ ਦੇਖ ਨਾ, ਇੰਨੀ ਦੂਰੋਂ ਕਿਰਾਇਆ ਭਾੜਾ ਖਰਚ ਕੇ ਆਈਦੈ ਨਾ ਏਥੇ ਨਹੀਂ ਤਾਂ ਉੱਥੇ ਕੁੜੀਆਂ ਦਾ ਘਾਟਾ ਥੋੜ੍ਹਾ ਏ ਬਥੇਰੀਆਂ ਮਿਲ ਜਾਂਦੀਐਂ ਪਰ ਆਪਾਂ ਤਾਂ ਇੱਥੋਂ ਲਿਜਾ ਕੇ ਜਮਾਂ ਈ ਪੁੰਨ ਕਰ ਰਹੇ ਆਂ।"

-o-

### ਲਗਾਮ /ਗੁਰਮੀਤ ਸਿੰਘ ਬਿਰਦੀ

ਕੁੱਝ ਦਿਨ ਪਹਿਲਾਂ ਮੈਨੂੰ ਕੰਮ-ਕਾਰ ਦੇ ਸਿਲਸਿਲੇ ਵਿਚ ਪਠਾਨਕੋਟ ਜਾਣਾ ਪਿਆ। ਸਫ਼ਰ ਲੰਮਾ ਸੀ ਅਤੇ ਕੁੱਝ ਦਿਨ ਉਥੇ ਰਹਿਣਾ ਵੀ ਪੈਣਾ ਸੀ। ਇਸ ਲਈ ਮੇਰੀ ਘਰਵਾਲੀ ਨੇ ਮੈਨੂੰ ਵਿੱਚ-ਵਿੱਚ ਫੋਨ ਕਰਨ ਲਈ ਕਿਹਾ ਸੀ।

ਸਫ਼ਰ ਲੰਮਾ ਅਤੇ ਥਕਾਵਟ ਭਰਿਆ ਸੀ ਉਤੋਂ ਗਰਮੀ ਨੇ ਅੱਤ ਮਚਾਈ ਹੋਈ ਸੀ। ਇਸ ਲਈ ਮੈਂ ਰਸਤੇ ਵਿਚ ਕੁਝ ਘੜੀ ਆਰਾਮ ਕਰਨ ਦੇ ਲਈ ਆਪਣੀ ਕਾਰ ਸਾਈਡ ਤੇ ਰੋਕ ਲਈ। ਅਜੇ ਮੈਂ ਆਪਣੇ ਨਾਲ ਲਿਆਂਦੀ ਮਿਨਰਲ ਵਾਟਰ ਦੀ ਬੋਤਲ ਵਿਚੋਂ ਪਾਣੀ ਪੀ ਹੀ ਰਿਹਾ ਸੀ ਕਿ ਪੈਦਲ ਤੁਰਦੇ ਆਉਂਦੀ ਇਕ ਕੁੜੀ, ਜਿਸ ਦੀ ਉਮਰ 15-16 ਸਾਲ ਦੇ ਕਰੀਬ, ਮੇਰੀ ਕਾਰ ਦੇ ਬਰਾਬਰ ਆ ਕੇ ਪਸੀਨਾ ਪੂੰਝਦੀ ਹੋਈ ਬੋਲੀ, "ਅੰਕਲ ਜੀ, ਮੇਰੀ ਤਬੀਅਤ ਕੁੱਝ ਠੀਕ ਨਹੀਂ ਹੈ। ਮੈਨੂੰ ਅਗਲੇ ਚੌਂਕ ਤਕ ਲਿਫਟ ਚਾਹੀਦੀ ਸੀ। ਜੇ ਤੁਸੀਂ ਮਾਈਂਡ ਨਾ ਕਰੋ ਤਾਂ।"

ਮੈਂ ਧੁੱਪ ਵਿਚ ਗਰਮੀ ਦਾ ਕਹਿਰ ਪੈਂਦੇ ਹੋਏ ਵੇਖ, ਉਸ ਕੁੜੀ ਨੂੰ ਕਾਰ ਦੀ ਪਿਛਲੀ ਸੀਟ ਉਤੇ ਬੈਠਣ ਦਾ ਇਸ਼ਾਰਾ ਕਰ ਦਿੱਤਾ। ਪਾਣੀ ਪੀ ਕੇ ਮੈਂ ਕਾਰ ਸਟਾਰਟ ਕੀਤੀ ਤਾਂ ਅਚਾਨਕ ਮੇਰੀ ਨਿਗਾਹ ਕਾਰ ਦੇ ਅੰਦਰ ਲੱਗੇ ਸ਼ੀਸ਼ੇ ਉੱਤੇ ਗਈ। ਜਿਸ ਵਿਚ ਉਸ ਕੁੜੀ ਦਾ ਚਿਹਰਾ ਸਾਫ਼ ਨਜ਼ਰ ਆ ਰਿਹਾ ਸੀ। ਉਸ ਦੀਆਂ ਤੇਜ ਤਰਾਰ ਅੱਖਾਂ ਮੇਰੇ ਦਿਲ ਨੂੰ ਤੁਣਕਾ ਮਾਰ ਗਈਆਂ। ਉਸ ਦੀ ਗੋਰੀ ਧੌਣ ਮੈਨੂੰ ਸ਼ਰਾਬ ਦੀ ਸੁਰਾਹੀ ਜਾਪੀ। ਉਸ ਦੀਆਂ ਬੁੱਲ੍ਹੀਆਂ... ਜੀਅ ਕੀਤਾ ਇਹਨਾਂ ਨੂੰ ਚੁੰਮ ਕੇ ਚੱਖ ਲਵਾਂ। ਇਸ ਸਭ ਨੇ ਮੈਨੂੰ ਅਜਿਹਾ ਨਸ਼ਿਆਇਆ ਕਿ ਮੈਂ ਪੂਰੇ ਦਾ ਪੂਰਾ ਉਸ ਦੇ ਚਿਹਰੇ ਵਿਚ ਹੀ ਖੁਭ ਗਿਆ। ਚੌਂਕ 15-20 ਮਿੰਟਾਂ ਦੀ ਦੂਰੀ ਉੱਤੇ ਸੀ। ਮੇਰੇ ਦਿਲ ਦੀ ਰਫਤਾਰ ਤੇਜ ਪਰ ਕਾਰ ਦੀ ਰਫ਼ਤਾਰ ਹੌਲੀ। ਐਨੇ ਨੂੰ ਮੇਰੇ ਮੋਬਾਇਲ ਦੀ ਘੰਟੀ ਵੱਜੀ। ਫੋਨ ਮੇਰੀ ਘਰਵਾਲੀ ਦਾ ਸੀ। ਮੇਰਾ ਹਾਲ ਚਾਲ ਪੁੱਛ ਕੇ ਬੋਲੀ, "ਲਓ ਆਪਣੀ ਬੇਟੀ ਨਾਲ ਵੀ ਗੱਲ ਕਰੋ।"

"ਹਾਂ, ਬੇਟੀ ਜੀ!" ਅਜੇ ਮੈਂ ਐਨਾ ਹੀ ਬੋਲਿਆ ਸੀ ਕਿ ਨੈੱਟਵਰਕ ਟੁੱਟਣ ਕਰਕੇ ਫੋਨ ਕੱਟਿਆ ਗਿਆ।

"ਹਾਂ, ਅੰਕਲ ਜੀ। ਤੁਸੀਂ ਕੁੱਝ ਕਿਹਾ?" ਕਾਫੀ ਦੇਰ ਤੋਂ ਚੁੱਪ ਬੈਠੀ ਕੁੜੀ ਬੋਲੀ।

"ਹਾਂ ਬੇਟੀ ਜੀ, ਤੁਸੀਂ ਕਿੱਥੇ ਉਤਰਨਾ ਹੈ?"

"ਬਸ ਅੰਕਲ ਜੀ, ਥੋੜ੍ਹਾ ਜਿਹਾ ਹੋਰ ਅੱਗੇ।"

"ਬੇਟੀ" ਸ਼ਬਦ ਮੇਰੇ ਜਿਹਨ ਵਿਚ ਆਉਂਦਿਆਂ ਹੀ ਮੇਰੇ ਅੰਦਰ ਦੌੜ ਰਹੇ ਕਾਮ ਦੇ ਘੋੜੇ ਦੀ ਲਗਾਮ ਖਿੱਚੀ ਗਈ ਅਤੇ ਕਾਰ ਦੀ ਰਫ਼ਤਾਰ ਤੇਜ ਹੋ ਗਈ।

—o—

# ਪੈੜ ਜਗੀਰੋ ਦੀ



**ਸੰਤ ਸਿੰਘ ਸੰਧੂ**

| | | |
|---|---|---|
| ਬਾਬਾ ਬਲਬੀਰ ਸਿੰਘ | – | ਸੀਚੇਵਾਲ ਸਲਾਮਤ ਰਹੇ ਜੋਗੀ, ਬਾਕੀ ਡੋਲਿਆ ਸਿਧਾਂ ਦਾ ਸਭ ਡੇਰਾ। |
| ਪਰਿਆਵਰਣ | – | ਰਾਜੇ ਅੰਬ ਵਢਾਉਂਦੇ, ਫਿਰ ਅੱਕਾਂ ਨੂੰ ਕਰਦੇ ਵਾੜ। |
| ਮਮਤਾ ਬੈਨਰਜੀ | – | ਐਵੇਂ ਜੋੜ ਕੇ ਪਰੈਣੀ ਮਾਰੀ ਮੈਂ ਕਿਹੜਾ ਮੁਕਰੀ ਸੀ। |
| ਪ੍ਰਿੰ. ਸਰਵਣ ਸਿੰਘ | – | ਸਰਵਣ ਵੀਰ ਕੁੜੀਓ, ਬੋਤੇ ਚਾਰਦੇ ਭੈਣਾਂ ਨੂੰ ਮਿਲ ਆਉਂਦੇ। |
| ਭਗਵੰਤ ਮਾਨ | – | ਨੀ ਚਰਖਾ ਬੋਲ ਪਿਆ, ਹਰ ਗੱਲ ਨਾਲ ਭਰਦਾ ਹੁੰਗਾਰੇ। |
| ਸੱਭਿਆਚਰ | – | ਇਥੇ ਮੇਰੀ ਨੱਥ ਡਿੱਗ ਪਈ, ਨਿਉਂ ਕੇ ਚੁੱਕੀਂ ਜੁਆਨਾ। |
| ਉਮਿੰਦਰ ਲਖਵਿੰਦਰ | – | ਦੋ ਵੀਰ ਘੋੜੀਆਂ ਉੱਤੇ, ਪੱਗਾਂ ਖੱਟੀਆਂ ਤੇ ਵੇਖਣ ਜੱਟੀਆਂ। |
| ਹੰਸ ਰਾਜ ਹੰਸ | – | ਕੱਛੇ ਵੰਝਲੀ ਕੰਨਾਂ ਦੇ ਵਿਚ ਵਾਲੇ, ਜ਼ੁਲਫ਼ ਮੁਖੜੇ ਤੋਂ ਪਸ਼ੇਮਾਨ ਹੋਈ |
| ਅਮਰੀਕਾ | – | ਤੇਰਾ ਕੱਖ ਨਹੀਂ ਬਚਨੀਏ ਰਹਿਣਾ ਛੜਿਆਂ ਦੇ ਹਕ ਮਾਰਕੇ। |
| ਕ੍ਰਿਸਾਨੀ ਸੰਕਟ | – | ਨਾਲੇ ਮੁੰਡਾ ਹਲ ਵਾਹਵੇ ਨਾਲੇ ਕੀਰਨੇ ਦਿੱਲੀ ਦੇ ਪਾਵੇ। |
| ਬੰਗਾਲ | – | ਗੱਡਾ ਆ ਗਿਆ ਸੰਦੂਕੋਂ ਖ਼ਾਲੀ, ਬਹੁਤਿਆਂ ਭਰਾਵਾਂ ਵਾਲੀਏ। |
| ਖੱਬੇ ਪੱਖੀ | – | ਚਾਰੇ ਕੰਨੀਆਂ ਸਾਡੀਆਂ ਵੇਖ ਖਾਲੀ, ਅਸੀਂ ਨਾਲ ਨਹੀਂ ਕੁਝ ਲੈ ਚੱਲੇ। |
| ਕਰਤਾਰਪੁਰ ਲਾਂਘਾ | – | ਫੱਕਰਾਂ ਦੇ ਦਰ ਮੂਹਰੇ, ਬਹਿ ਗਈ ਕਾਲਜਾ ਫੜਕੇ। |
| ਧਰਮਪਾਲ ਸਾਹਿਲ | – | ਅੱਖੀਆਂ 'ਚ ਵਸ ਮਿੱਤਰਾ, ਤੈਨੂੰ ਝੱਲ ਝਿੰਮਣਾਂ ਦੀ ਮਾਰਾਂ। |
| ਰਹਿਤ | – | ਜਿਨ੍ਹਾਂ ਨਹੀਂ ਦਾੜ੍ਹੀ, ਨੱਕ, ਕੰਨ ਪਾਟੇ, ਕੌਣ ਭਰੇਗਾ ਤਿੰਨਾਂ ਦੀਆਂ ਹਾਮੀਆਂ ਜੀ। |
| ਕੇਰਲਾ | – | ਜਦੋਂ ਵੇਖਿਆ ਚੁਬਾਰਾ ਖਾਲੀ, ਮਿੱਤਰਾਂ ਨੇ ਧਾਹਾਂ ਮਾਰੀਆਂ। |
| ਭਾਜਪਾ | – | ਤੈਨੂੰ ਮੰਦੀ ਨਹੀਂ ਜ਼ਬਾਨੋਂ ਕਹਿਣਾ, ਆਪੇ ਤੈਨੂੰ ਰੱਬ ਨਿਬੜੂ। |
| ਈਰਾਨ ਜੰਗ | – | ਭਾਬੋ ਮੇਰੀ ਰੋਜ਼ ਪੁਛਦੀ, ਪੀਲਾ ਰੰਗ ਕਿਉਂ ਹੋ ਗਿਆ ਤੇਰਾ। |
| ਅਕਾਲੀ ਪਤਨ | – | ਕਾਦਰ ਯਾਦ ਨਿਹੰਗਾਂ ਨੇ ਪੀ ਭੰਗਾਂ, ਫੁਲ ਵੱਢ ਸੁਟੇ ਸਣ ਡਾਲੀਆਂ ਜੀ। |
| ਮਰਿਯਾਦਾ | – | ਛੜੇ ਭੁੱਲ ਗਏ ਪਾਠ ਦੀ ਪਉੜੀ, ਝਾਂਜਰਾਂ ਦੇ ਬੋਰ ਛਣਕੇ। |
| ਅਮਿਤ ਸ਼ਾਹ | – | ਨੰਗੇ ਮੂੰਹ ਦਾ ਮੁੱਲ ਪੁੱਛਦਾ, ਮੁੰਡਾ ਬਟੂਆ ਹੱਥਾਂ ਵਿੱਚ ਫੜ ਕੇ। |
| ਪ੍ਰਵਾਸ | – | ਕੀਤਾ ਰਿਜ਼ਕ ਨੇ ਆ ਉਦਾਸ ਰਾਂਝਾ, ਪਲੋ ਪਲੀ ਹੀ ਜਾ ਪਧਾਰਿਆ ਈ। |
| ਪੰਜਾਬ | – | ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ, ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ। |
| ਇਮਰਾਨ ਖਾਨ | – | ਇਹ ਜੋ ਸਿਲ੍ਹੀ-ਸਿਲ੍ਹੀ ਵਗਦੀ ਹਵਾ, ਕਿਤੇ ਕੋਈ ਰੋਂਦਾ ਹੋਵੇਗਾ। |

ਤਲਵੰਡੀ ਸਲੇਮ (ਜਲੰਧਰ)
97794-79169











ਗਲੋਬਲ ਪੰਜਾਬੀ ਐਸੋਸੀਏਸ਼ਨ

GLOBAL PUNJABI ASSOCIATION

(Registered under the Societies Registration Act.1860)
ACT No. XXI of 1860
No.306 of 2022-2023
Dated: 31st October, 2022
Registrar of Firms and Societies Punjab

ਸਰਬਤ ਦਾ ਭਲਾ

GLOBAL PUNJABI ASSOCIATION IS A NON-POLITICAL, NON-PROFITABLE AND SECULAR ORGANISATION COMMITTED TO PROMOTE PUNJAB, PUNJABI & PUNJABIYAT i.e HINDU-SIKH UNITY, EDUCATION, HEALTH CARE, AGRICULTURE, INDUSTRY, YOUTH ENTREPRENEURSHIP, PUNJABI LITERATURE & CULTURE.

HEAD OFFICE :-
GLOBAL PUNJABI ASSOCIATION
A-5, RANJIT AVENUE, AMRITSAR -143001
+91-98151-50030, 9501114411
E-mail: - globalpunjabiassociation.org@gmail.com
Website : www.globalpunjabiassociation.org

**Two New Life Members**


Surinder Singh Sunner (NRI)
Editor Apni Awaz


Chetan Singh
Ex-Director Language PB.

| Apni Aawaaz | Volume 5 | Issue 6 | June 2026 | RNI : PUNPUN/2022/82997 |
|---|---|---|---|---|













Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001
Editor - Dr. Ram Murti
*Publication Date : 01/06/2026*

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।*
*ਸੰਪਾਦਕ - ਡਾ. ਰਾਮ ਮੂਰਤੀ*
*ਪ੍ਰਕਾਸ਼ਕ ਮਿਤੀ : 01/06/2026*